# ਲੇਪਾਲਕਪਣ 4

ਭਾਈ ਨੇਵਿਲ, ਸੁਭ ਦੁਪਹਿਰ, ਸਗੋਂ, ਸੁਭ ਸ਼ਾਮ, ਸਾਡੇ ਅਨਮੋਲ ਦੋਸਤਾਂ ਨੂੰ, ਅਸੀਂ ਅੱਜ ਰਾਤ ਇੱਥੇ ਗਿਰਜੇ ਵਿਚ ਵਾਪਸ ਆ ਕੇ ਖੁਸ਼ ਹਾਂ। ਅਤੇ ਥੋੜ੍ਹੀ ਗਰਮੀ ਹੈ, ਇਸ ਲਈ ਅਸੀਂ ਜਿੰਨੀ ਹੋ ਸਕੇ ਉਨੀ ਛੇਤੀ ਕਰਨ ਦੀ ਕੋਸ਼ਿਸ ਕਰਾਂਗੇ, ਸਿੱਧਾ ਸੰਦੇਸ਼ ਵਿੱਚ ਚਲੇ ਜਾਵਾਂਗੇ।

ਪਹਿਲਾਂ, ਸਾਡੇ ਕੋਲ ਕਰਨ ਲਈ ਕੁਝ ਘੋਸ਼ਣਾਵਾਂ ਹਨ, ਅਤੇ ਇਕ—ਇਕ ਵਿਸ਼ੇਸ ਪ੍ਰਾਰਥਨਾ ਬੇਨਤੀ ਹੈ। ਮੈਨੂੰ ਤੁਹਾਡੀਆਂ ਚਿੱਠੀਆਂ ਮਿਲ ਗਈਆਂ ਸਨ, ਉਹ ਦਿੱਤੀਆਂ ਗਈਆਂ ਸਨ, ਅਤੇ ਉਸ ਭੈਣ ਲਈ ਜੋ ਮਹਿਸੂਸ ਕਰਦੀ ਹੈ ਕਿ ਉਸ ਦੇ ਦਿਮਾਗ ਵਿੱਚ ਰਸੌਲੀ ਹੈ। ਅਤੇ ਲੂਯਿਸਵਿਲ ਵਿਚ ਇਕ ਹੋਰ ਸੀ; ਅਤੇ ਇਕ ਹੋਰ ਸੇਵਕ ਦਾ ਭਰਾ, ਉਸ ਦੇ ਪਿਤਾ ਨੂੰ ਦਿਲ ਦਾ ਦੌਰਾ ਪਿਆ; ਅਤੇ ਅੱਜ ਜਗਤ ਵਿਚ ਬਹੁਤ ਸਾਰੇ, ਬਹੁਤ ਸਾਰੇ ਬਿਮਾਰ ਲੋਕ ਹਨ। ਬਹੁਤ ਸਾਰੇ ਬੁਲਾ ਰਹੇ ਹਨ ਅਤੇ ਅਸੀਂ ਨਿਸ਼ਚਤ ਤੌਰ ਤੇ ਉਨ੍ਹਾਂ ਲਈ ਆਪਣੇ ਪੂਰੇ ਦਿਲ ਨਾਲ ਪ੍ਰਾਰਥਨਾ ਕਰਦੇ ਹਾਂ, ਕਿ ਪਰਮੇਸ਼ੁਰ ਸਾਡੀ ਸਹਾਇਤਾ ਕਰੇ।

ਅਕਸਰ ਮੇਰੀ ਸੇਵਕਾਈ ਦਾ ਪਚਾਨਵੇ ਪ੍ਰਤੀਸ਼ਤ ਹਮੇਸ਼ਾਂ ਇਹੀ ਹੁੰਦਾ ਹੈ, ਬਿਮਾਰਾਂ ਲਈ ਪ੍ਰਾਰਥਨਾ ਕਰਨਾ, ਤੁਸੀਂ ਵੇਖਿਆ, ਪਰ ਮੈਂ—ਮੇਰੇ ਕੋਲ ਬੱਸ ਇੱਕ—ਮੇਰੇ ਕੋਲ ਇੱਕ ਛੋਟੀ ਜਿਹੀ ਝਲਕ ਹੈ...ਮੈਂ ਅਜੇ ਵੀ ਬਿਮਾਰਾਂ ਲਈ ਪ੍ਰਾਥਨਾ ਕਰਦਾ ਹਾਂ, ਹੁਣ, ਇਸ ਨੂੰ ਯਾਦ ਰੱਖਣਾ। ਇਹ ਠੀਕ ਇਸ ਦੇ ਨਾਲ ਨਾਲ ਚਲਦਾ ਹੈ। ਪਰ, ਔਹ, ਜੇ ਅਸੀਂ—ਕਲੀਸਿਯਾ ਨੂੰ ਉਸ ਪਦਵੀ ਜਾਂ ਅਹੁਦੇ ਤੇ ਰੱਖ ਸਕੀਏ, ਤਦ, ਅਤੇ ਕ੍ਰਮ ਵਿੱਚ ਆ ਸਕਦੇ ਹਾਂ ਤਾਂ ਜੋ ਅਸੀਂ ਕੰਮ ਤੇ ਜਾ ਸਕੀਏ, ਤੁਸੀਂ ਵੇਖੋ। ਸੰਗਠਿਤ ਹੋਣ ਦੀ ਲੋੜ੍ਹ ਹੈ, ਵੇਖੋ, ਸਭ ਕੁਝ ਇੱਕਠਾ ਕਰਨ ਦੀ।

ਕੁਝ ਪਲ ਪਹਿਲਾਂ, ਮੇਰੇ ਦਿਲ ਵਿੱਚ ਕੁਝ ਹੋਰ ਚੀਜ ਆਈ। ਉਸ ਵੇਲੇ ਜਦੋਂ ਇਕ ਛੋਟਾ ਬਜ਼ੁਰਗ ਆਦਮੀ, ਉਸ ਦੀ ਇਕ ਬਾਂਹ ਲਗਭਗ ਗੋਲੀ ਨਾਲ ਉਡਾ ਦਿਤੀ ਗਈ ਸੀ, ਲੱਤ ਲਗਭਗ ਉਡਾ ਦਿੱਤੀ ਗਈ ਸੀ। ਇਸ ਵੇਲੇ ਉਹ ਮੈਨੂੰ ਸੁਣਨ ਲਈ ਇਥੇ ਨਹੀਂ ਹੈ। ਪਰ ਰਾਏ ਰਾਬਰਸਨ ਨਾਂ ਦਾ ਇੱਕ ਸਾਥੀ, ਅਸਲ ਰਾਜਕੁਮਾਰ, ਅਤੇ ਇੱਥੇ ਸਾਡੇ ਚਰਚ ਵਿੱਚ ਇੱਕ ਟਰੱਸਟੀ, ਅਤੇ ਇਕ ਵਧੀਆ ਮਸੀਹੀ ਸੱਜਣ। ਉਹ ਅਜੇ ਉਥੇ ਆਇਆ ਹੀ ਸੀ, ਅਤੇ ਕਿਹਾ, "ਭਾਈ ਬ੍ਰਨਹਾਮ, ਰਾਸ਼ਟਰਪਤੀ ਨੂੰ ਨਾ ਭੁੱਲਣਾ।" ਕਿਹਾ, "ਇਹ ਦੇਖ ਕੇ ਮੈਨੂੰ ਬਹੁਤ ਦੁੱਖ ਹੋਇਆ ਜਦੋਂ ਉਸਨੇ ਕਦਮ ਰੱਖਿਆ", ਟੈਲੀਵਿਜਨ ਤੇ

ਵੇਖਿਆ, "ਉਸਨੂੰ ਇੱਕ ਜਹਾਜ਼ ਤੋਂ ਉਤਰਦਿਆਂ ਹੋਇਆਂ, ਹੰਝੂ ਉਸਦੇ ਗਲਾਂ ਤੋਂ ਹੇਠਾਂ ਵਹਿ ਰਹੇ ਸਨ, ਅਤੇ ਉਸਦਾ ਮੂੰਹ ਇੱਕ ਪਾਸੇ ਮੁੜ ਰਿਹਾ ਸੀ।" ਤੁਸੀਂ ਜਾਣਦੇ ਹੋ, ਉਹ ਰਾਏ ਅਤੇ ਉਨ੍ਹਾਂ ਦੇ ਨਾਲ, ਉਸ—ਉਸ ਜੰਗ ਵਿਚ ਹੀ ਸੀ।

ਕੋਈ ਗੱਲ ਨਹੀਂ ਜੇ ਤੁਸੀਂ ਰਾਜਨੀਤੀ ਵਿਚ ਉਸ ਨਾਲੋਂ ਵੱਖਰੇ ਹੋ, ਉਹ ਅਜੇ ਵੀ ਸਾਡੇ ਰਾਸ਼ਟਰਪਤੀ ਹਨ। ਹਾਂ, ਸ਼੍ਰੀਮਾਨ। ਮੇਰੇ ਲਈ, ਮੈਂ—ਮੈਂ ਨਾ ਤਾਂ ਡੈਮੋਕਰੇਟ ਹਾਂ ਅਤੇ ਨਾ ਹੀ ਰਿਪਬਲੀਕਨ। ਮੈਂ ਇਕ ਮਸੀਹੀ ਹਾਂ। ਪਰ ਮੈਂ—ਮੈਂ ਤੁਹਾਨੂੰ ਦੱਸਦਾ ਹਾਂ, ਕਿ ਰਾਸ਼ਟਰਪਤੀ ਡਵਾਈਟ ਆਈਸਨਹਵਰ ਦੇ ਲਈ—ਲਈ ਨਿਸ਼ਚਤ ਤੌਰ ਤੇ ਮੇਰੇ ਕੋਲ ਬਹੁਤ ਜਿਆਦਾ ਸਤਕਾਰ ਸੀ। ਸ਼੍ਰੀਮਾਨ, ਮੇਰੀ ਸੋਚ ਦੇ—ਦੇ ਮੁਤਾਬਕ, ਉਹ ਯਕੀਨਨ ਮਹਾਨ ਆਦਮੀ ਸੀ। ਜੇ ਉਹ ਦੁਬਾਰਾ ਚੋਣਾਂ ਲਈ ਖੜਾ ਹੁੰਦਾ, ਅਤੇ ਮੈਂ ਵੋਟ ਪਾ ਰਿਹਾ ਹੁੰਦਾ, ਤਾਂ ਮੈਂ ਉਸ ਨੂੰ ਦੁਬਾਰਾ ਵੋਟ ਦਿੰਦਾ। ਇਹ ਠੀਕ ਹੈ। ਮੈਨੂੰ ਪਰਵਾਹ ਨਹੀਂ ਕਿ ਭਾਵੇਂ ਉਹ—ਭਾਵੇਂ ਉਹ ਸੌ ਸਾਲਾਂ ਦੇ ਹੋਣ, ਮੈਂ ਫਿਰ ਵੀ ਉਹਨਾਂ ਨੂੰ ਵੋਟ ਦੇਵਾਂਗਾ, ਕਿਉਂਕਿ ਮੈਂ ਉਸਨੂੰ ਪਸੰਦ ਕਰਦਾ ਹਾਂ। ਅਤੇ ਆਓ ਅੱਜ ਰਾਤ ਉਸ ਨੂੰ ਸਾਡੀ ਪ੍ਰਾਰਥਨਾ ਵਿਚ ਯਾਦ ਕਰੀਏ।

ਜੇ.ਟੀ., ਮੈਂ ਨਿਸ਼ਚਤ ਤੌਰ ਤੇ ਉਸ ਚੰਗੀ ਸਭਾ ਦੀ ਪ੍ਰਸ਼ੰਸਾ ਕਰਦਾ ਹਾਂ, ਤੁਸੀਂ ਸਭਨਾਂ ਨੇ ਅਤੇ ਭਾਈ ਵਿਲਾਰਡ ਨੇ ਜੋ ਇਸ ਹਫਤੇ ਕੀਤੀ ਸੀ। ਜੇ ਮੈਂ ਬਾਹਰੋਂ ਅੰਦਰ ਆਉਂਦਾ, ਤਾਂ ਤੁਸੀਂ ਸਾਰੇ ਕਹਿੰਦੇ, "ਠੀਕ ਹੈ, ਭਾਈ ਬ੍ਰਨਹਾਮ ਹੁਣ, ਤੁਸੀਂ ਜਾਣਦੇ ਹੋ, ਅਤੇ *ਫਲਾਣਾ-ਫਲਾਣਾ।*" ਪਰ ਬਸ ਬਾਹਰ ਖੜੇ ਹੋਣਾ ਅਤੇ ਤੁਹਾਨੂੰ ਸੁਣਨਾ ਬਿਹਤਰ ਹੈ, ਕੀ ਤੁਸੀਂ ਸਮਝੇ? ਠੀਕ ਹੈ। ਇਸ ਲਈ, ਬਹੁਤ ਚੰਗਾ ਹੈ।

ਮੈਨੂੰ ਕੁਝ ਚਰਚਾਂ ਲਈ ਕੁਝ ਪੇਸ਼ਕਸ਼ਾਂ ਆਈਆਂ ਹਨ, ਜੇ ਤੁਸੀਂ ਸਾਰੇ ਚਾਹੁੰਦੇ ਹੋ, ਜੇ ਤੁਸੀਂ ਹੁਣ ਪਾਸਟਰੀ ਲਈ ਜਾਣ ਲਈ ਤਿਆਰ ਹੋ, ਜੇ ਤੁਹਾਨੂੰ ਆਪਣੀ ਸਿਖਲਾਈ ਮਿਲੀ ਹੈ। ਅਤੇ, ਜੋ ਕਿ, ਮੇਰਾ ਵਿਸ਼ਵਾਸ ਹੈ ਕਿ ਤੁਹਾਨੂੰ ਮਿਲੀ ਹੈ, ਅਤੇ ਤੁਹਾਨੂੰ ਸਭ ਕੁਝ ਮਿਲ ਗਿਆ ਹੈ। ਮੇਰੇ ਕੋਲ ਓਰੇਗਨ ਤੋਂ ਇੱਕ ਹੈ, ਕੁਝ ਵਾਸ਼ਿੰਗਟਨ, ਕੈਲੀਫੋਰਨੀਆ, ਅਤੇ ਐਰੀਜ਼ੋਨਾ ਵਿਚ, ਵੱਖ ਵੱਖ ਥਾਵਾਂ ਤੋਂ। ਅਤੇ ਜੇ ਤੁਸੀਂ ਕਦੇ ਕੋਈ ਚਰਚ ਜਾਂ ਕੁਝ ਲੈਣਾ ਚਾਹੁੰਦੇ ਹੋ, ਤਾਂ ਕਿਉਂ, ਸ਼ੁਰੂ ਕਰਨ ਲਈ ਇਥੇ ਇਕ ਵਧੀਆ ਜਗ੍ਹਾ ਹੈ, ਬਿਲਕੁਲ ਇੱਥੇ। ਅਤੇ ਸਾਰੀਆਂ ਥਾਵਾਂ ਤੇ ਰੂਹਾਂ ਪੁਕਾਰ ਰਹੀਆਂ ਹਨ, ਇੱਥੋਂ ਤੱਕ ਕਿ ਇੰਡੀਅਨ ਰਿਜ਼ਰਵੇਸ਼ਨ ਅਤੇ ਜਿਥੇ ਕਿਤੇ ਵੀ ਤੁਸੀਂ ਜਾਣਾ ਚਾਹੁੰਦੇ ਹੋ। ਬੱਸ ਸਾਨੂੰ ਦੱਸੋ, ਕਿਉਂਕਿ ਮੇਰਾ ਮੰਨਣਾ ਹੈ ਕਿ ਤੁਸੀਂ ਮੁੰਡੇ ਹੁਣ ਸਥਿਰ ਹੋ ਚੁਕੇ ਹੋ। ਇਹ ਠੀਕ ਹੈ। ਮੈਂ ਉਨ੍ਹਾਂ ਨੂੰ ਅਜਿਹਾ ਕਰਦਿਆਂ ਵੇਖਣਾ ਪਸੰਦ ਕਰਦਾ ਹਾਂ।

ਉਥੇ ਭਾਈ ਰੂਡੈਲ ਰਾਹ ਵਿੱਚ ਹੈ। ਕੁਝ ਦਿਨਾਂ ਵਿਚ, ਉਸ ਲਈ ਇਕ ਮੀਟਿੰਗ ਕਰਨ ਲਈ ਜਾ ਰਹੇ ਹਾਂ। ਇੱਕ ਬੇਦਾਰੀ ਹੋਣ ਜਾ ਰਹੀ ਹੈ, ਭਾਈ ਰੂਡੈਲ ਇਹ ਕਰਨ ਜਾ ਰਿਹਾ ਹੈ। ਅਤੇ ਮੈਨੂੰ—ਮੈਨੂੰ ਯਾਦ ਹੈ ਕਿ ਮੈਂ ਉਸ ਛੋਟੇ ਜਿਹੇ ਸਾਥੀ ਨੂੰ ਹਰ ਪਾਸੇ ਧੱਕਦਾ ਰਹਿੰਦਾ ਸੀ, ਕੋਸ਼ਿਸ ਕਰਦਾ ਸੀ ਕਿ ਉਸ ਨੂੰ ਲਗਾਮ ਵਿਚੋਂ ਬਾਹਰ ਕਢ ਸਕਾਂ ਅਤੇ ਉਹ ਪ੍ਰਚਾਰ ਕਰੇ। ਉਹ ਬਹੁਤ ਪਛੜਿਆ ਹੋਇਆ ਸੀ। ਉਹ ਕਹਿੰਦਾ ਸੀ, "ਮੈਂ ਬਸ ਗੱਲ ਨਹੀਂ ਕਰ ਸਕਦਾ।" ਤੁਹਾਨੂੰ ਉਸ ਨੂੰ ਸੁਣਨਾ ਚਾਹੀਦਾ ਹੈ। ਆਮੀਨ। ਵੇਖਿਆ? ਤੁਸੀਂ ਨਹੀਂ ਜਾਣਦੇ ਕਿ ਤੁਸੀਂ ਕੀ ਕਰ ਸਕਦੇ ਹੋ ਜੇ ਤੁਸੀਂ ਪਵਿੱਤਰ ਆਤਮਾ ਨੂੰ ਆਪਣਾ ਆਪ ਦੇ ਦਿਓ। ਇਹ ਠੀਕ ਹੈ।

ਅਤੇ ਯੂਟੀਕਾ ਵਿਚ ਭਾਈ ਗ੍ਰਾਹਮ ਸਨਲਿੰਗ, ਅਤੇ ਉਥੇ ਭਾਈ ਜੂਨੀਅਰ ਜੈਕਸਨ। ਅਸੀਂ—ਅਸੀਂ ਉਨ੍ਹਾਂ ਸਾਰਿਆਂ ਨੂੰ ਆਪਣੀ ਛੋਟੀ ਭੈਣ ਕਲੀਸਿਯਾ ਮੰਨਦੇ ਹਾਂ, ਬਿਲਕੁਲ ਸਾਡੇ ਨਾਲ। ਅਸੀਂ ਸਾਰੇ ਇਕੱਠੇ ਹਾਂ। ਅਸੀਂ ਆਪਣੇ ਸਿਧਾਂਤਾਂ, ਜਾਂ ਆਪਣੀਆਂ ਉਮੀਦਾਂ ਅਤੇ ਉਦੇਸ਼ਾਂ ਤੇ ਅਸਹਿਮਤ ਨਹੀਂ ਹੁੰਦੇ, ਸਾਡੇ ਸਿਧਾਂਤ ਇੱਕ ਹਨ। ਅਸੀਂ ਇਕੱਠੇ ਖੜੇ ਹਾਂ, ਬੱਸ ਸਭ ਇੱਕਠੇ। ਅਸੀਂ ਕੇਵਲ ਇੱਕ ਹੀ ਕਲੀਸਿਯਾ ਹਾਂ। ਅਤੇ ਅਸੀਂ ਪੱਕਾ ਕਰਨਾ ਚਾਹੁੰਦੇ ਹਾਂ ਕਿ ਉਨ੍ਹਾਂ ਨੂੰ ਫੈਲਾਇਆ ਜਾਵੇ; ਸਾਡੇ ਕੋਲ ਕੁਝ ਅਫਰੀਕਾ, ਕੁਝ ਭਾਰਤ, ਅਤੇ ਕੁਝ ਆਲੇ ਦੁਆਲੇ, ਦੇਸ਼ ਭਰ ਵਿੱਚ ਹਨ। ਇਥੇ ਹੀ ਅਸੀਂ ਉਹਨਾਂ ਨੂੰ ਚਾਹੁੰਦੇ ਹਾਂ, ਤਾਂ ਜੋ ਖੁਸ਼ਖਬਰੀ ਫੈਲਾਉਣ।

ਅਤੇ ਮੈਂ ਇਨ੍ਹਾਂ ਨੌਜਵਾਨ ਸਾਥੀਆਂ ਨੂੰ ਅੱਗੇ ਆਉਂਦੇ ਵੇਖਦਾ ਹਾਂ, ਜਿਵੇਂ ਭਾਈ ਜੇ. ਟੀ. ਪਰਨੇਲ, ਅਤੇ—ਅਤੇ ਭਾਈ ਵਿਲਾਰਡ ਅਤੇ ਉਹ, ਨੌਜਵਾਨ ਸਾਥੀ, ਅੱਗੇ ਆ ਰਹੇ ਹਨ, ਜੱਦ ਮੈਂ ਬਜੁਰਗ ਹੁੰਦਾ ਜਾ ਰਿਹਾ ਹਾਂ। ਜੇ ਕੋਈ ਕੱਲ੍ਹ ਹੈ, ਤਾਂ ਉਹ ਉਸ ਕੱਲ੍ਹ ਦੇ ਆਦਮੀ ਹਨ। ਮੈਂ ਨਹੀਂ ਚਾਹੁੰਦਾ ਕਿ ਇਹ ਸੰਦੇਸ਼ ਕਦੇ ਵੀ ਮਰੇ। ਇਹ ਬਸ ਨਹੀਂ ਹੋ ਸਕਦਾ। ਇਸ ਦਾ ਜੀਉਣਾ ਲਾਜ਼ਮੀ ਹੈ। ਅਤੇ ਮੈਨੂੰ ਵਿਸ਼ਵਾਸ ਨਹੀਂ ਹੈ ਕਿ ਸਾਡੇ ਕੋਲ ਇਸ ਨੂੰ ਲਿਆਉਣ ਲਈ ਬਹੁਤ ਜ਼ਿਆਦਾ ਸਮਾਂ ਹੈ।

ਉਹ ਛੋਟਾ ਬੱਚਾ ਜੋ ਉਨ੍ਹਾਂ ਨੇ ਕਿਹਾ ਸੀ ਉਹ ਮਰਨ ਜਾ ਰਿਹਾ ਸੀ, ਮੈਂ ਦੇਖਦਾ ਹਾਂ ਕਿ ਤੁਸੀਂ ਅੱਜ ਸਾਰਾ ਦਿਨ ਚਰਚ ਵਿਚ ਇਸ ਨੂੰ ਰੱਖਿਆ ਹੈ, ਭੈਣ। ਇਹ ਬਹੁਤ ਵਧੀਆ ਹੈ। ਅਸੀਂ ਉਸ ਲਈ ਪ੍ਰਭੂ ਦਾ ਧੰਨਵਾਦ ਕਰਦੇ ਹਾਂ, ਕਿ ਪ੍ਰਭੂ ਮਿਹਰਬਾਨ ਹੈ, ਅਤੇ ਦਯਾ ਨਾਲ ਭਰਪੂਰ ਹੈ। ਬੱਸ ਉਸ ਤੇ ਵਿਸਵਾਸ ਕਰਦੇ ਰਹੋ ਜੋ ਤੁਹਾਨੂੰ ਇਥੇ ਦੱਸਿਆ ਗਿਆ ਸੀ, ਵੇਖੋ, ਇਹ ਸਭ ਠੀਕ ਹੋ ਜਾਵੇਗਾ।

ਹੁਣ, ਕੀ ਤੁਸੀਂ ਸਿੱਖਿਆ ਦਾ ਅਨੰਦ ਲੈ ਰਹੇ ਹੋ? ਤੁਹਾਨੂੰ ਸਿੱਖਿਆ ਚੰਗੀ ਲਗਦੀ ਹੈ? [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾਦਕ।] ਔਹ, ਮੈਂ—ਮੈਂ—ਮੈਂ ਸਚਮੁਚ ਸੋਚਦਾ ਹਾਂ ਕਿ ਇਹ ਸਾਡਾ ਭਲਾ ਕਰਦੀ ਹੈ। ਇਹ ਸਾਨੂੰ ਬਿਮਾਰਾਂ ਲਈ ਪ੍ਰਾਰਥਨਾ, ਅਤੇ ਦਰਸ਼ਨ, ਅਤੇ ਰੱਬੀ ਚੰਗਾਈ ਤੋਂ ਥੋੜਾ ਆਰਾਮ ਦਿੰਦੀ ਹੈ। ਬਿਲਕੁਲ, ਹੁਣ, ਅੱਜ ਰਾਤ...ਸਭਾ ਤੋਂ ਬਾਅਦ, ਅਸੀਂ ਅੱਜ ਰਾਤ ਦੁਬਾਰਾ ਬਿਮਾਰਾਂ ਲਈ ਦੁਆ ਕਰਾਂਗੇ। ਅਸੀਂ ਹਮੇਸ਼ਾਂ ਅਜਿਹਾ ਕਰਨਾ ਚਾਹੁੰਦੇ ਹਾਂ, ਕਿਸੇ ਵੀ ਸਮੇਂ ਕਿਸੇ ਨੂੰ ਬਪਤਿਸਮਾ ਦੇਣਾ।

ਕਿੰਨਿਆਂ ਨੂੰ ਯਾਦ ਹੈ ਜਦੋਂ ਮੈਂ ਬਿਜਲੀ ਦੀਆਂ ਤਾਰਾਂ ਦੀ ਰਾਖੀ ਕਰਦਾ ਹੁੰਦਾ ਸੀ? ਖੈਰ, ਮੈਂ ਠੀਕ ਬਿਜਲੀ ਦੀਆਂ ਲਾਈਨਾਂ ਵਿਚੋਂ ਲੰਘਦਾ ਹੁੰਦਾ ਸੀ, ਕਈ ਵਾਰ, ਉਜਾੜ ਵਿਚੋਂ ਇਕ ਦਿਨ ਵਿਚ ਤੀਹ ਮੀਲ ਤੁਰਨਾ ਪੈਂਦਾ ਸੀ। ਮੇਰੇ ਕੋਲ ਰਾਖੀ ਕਰਨ ਲਈ ਦੋ ਸੌ ਅੱਸੀ ਮੀਲ ਦੀ ਲਾਈਨ ਹੁੰਦੀ ਸੀ। ਮੈਂ ਉਥੇ ਜਾਂਦਾ ਹੁੰਦਾ ਸੀ, ਮੇਰੇ ਹੱਥਾਂ ਵਿਚ ਕਮੀਜ, ਅਤੇ, ਔਹ, ਬਹੁਤ ਥੱਕਿਆ ਹੋਇਆ, ਉਹਨਾਂ ਜੰਗਲਾਂ ਵਿਚੋਂ ਲੰਘਦੇ ਹੋਏ, ਹਰੀਆਂ ਕੰਢਿਆਲੀਆਂ ਝਾੜੀਆਂ ਨੂੰ ਕੱਟਦੇ ਜਾਣਾ। ਕਿਸੇ ਬੁੱਢੇ ਕਿਸਾਨ ਨੂੰ ਮਿਲਣਾ ਅਤੇ ਇੱਕ ਰੁੱਖ ਦੇ ਹੇਠਾਂ ਬੈਠ ਜਾਣਾ ਅਤੇ ਉਸ ਨਾਲ ਪ੍ਰਭੂ ਯਿਸੂ ਦੇ ਨਾਮ ਵਿੱਚ ਬਪਤਿਸਮਾ ਲੈਣ ਬਾਰੇ ਗੱਲ ਕਰਨੀ। ਉਹ ਕਹਿੰਦਾ, "ਚੰਗਾ, ਮੈਂ ਹਮੇਸ਼ਾਂ ਬਪਤਿਸਮਾ ਲੈਣਾ ਚਾਹੁੰਦਾ ਸੀ।"

ਮੈਂ ਕਹਿੰਦਾ, "ਨਦੀ ਬਹੁਤ ਦੂਰ ਨਹੀਂ ਹੈ।" ਅਤੇ ਉਹ ਕਹਿੰਦਾ...

ਅਤੇ ਮੈਂ ਉਨ੍ਹਾਂ ਵਿਚੋਂ ਬਹੁਤਿਆਂ ਨੂੰ ਹੇਠਾਂ ਲੈ ਗਿਆ ਅਤੇ ਉਨ੍ਹਾਂ ਨੂੰ ਯਿਸੂ ਦੇ ਨਾਮ ਤੇ ਬਪਤਿਸਮਾ ਦਿੱਤਾ। ਉਹਨਾਂ ਨੂੰ ਮੈਂ ਜਿੰਨੀ ਛੇਤੀ ਲਿਜਾ ਸਕਦਾ, ਮੈਂ ਹੇਠਾਂ ਲੈ ਜਾਂਦਾ। ਇਹ ਠੀਕ ਹੈ। ਬਹੁਤ ਵਾਰ ਆਪਣੇ ਪੁਰਾਣੇ ਕਪੜਿਆਂ ਵਿਚ ਕੰਮ ਕਰਦੇ ਹੋਏ, ਖੰਭੇ ਤੋਂ ਹੇਠਾਂ ਉੱਤਰਦਾ, ਅਤੇ ਕਿਸੇ ਨੂੰ ਬਪਤਿਸਮਾ ਦੇ ਦਿੰਦਾ। ਉਥੇ ਖੰਭੇ ਉੱਪਰ ਕੰਮ ਕਰ ਰਿਹਾ ਹੁੰਦਾ ਸੀ; ਮੈਂ ਇੱਕ ਲਾਈਨਮੈਨ ਵੀ ਸੀ, ਜੱਦ ਖੰਭੇ ਤੇ ਕੰਮ ਕਰਦਾ ਹੋਇਆ, ਕਿਸੇ ਆਦਮੀ ਨਾਲ, ਪ੍ਰਭੂ ਬਾਰੇ ਗਲਬਾਤ ਕਰ ਰਿਹਾ ਹੁੰਦਾ। ਉਹ ਕਹਿੰਦਾ, "ਕਿਉਂ, ਬਿਲੀ, ਇਨ੍ਹਾਂ ਦਿਨਾਂ ਵਿਚੋਂ ਇਕ ਦਿਨ ਮੈਂ ਤੁਹਾਡੇ ਚਰਚ ਵਿਚ ਆਵਾਂਗਾ ਅਤੇ ਬਪਤਿਸਮਾ ਲਵਾਂਗਾ।"

2 ਮੈਂ ਕਹਿੰਦਾ, "ਤੁਸੀਂ ਉਦੋਂ ਤੱਕ ਇੰਤਜ਼ਾਰ ਕਿਉਂ ਕਰਨਾ ਚਾਹੁੰਦੇ ਹੋ? ਅਸੀਂ ਠੀਕ ਦਰਿਆ ਦੇ ਕੰਢੇ ਤੇ ਹਾਂ, ਉਥੇ ਕਾਫ਼ੀ ਪਾਣੀ ਹੈ।" ਓਸੇ ਵੇਲੇ ਉਹਨਾਂ ਨੂੰ ਫੜੋ। ਇਹ ਠੀਕ ਹੈ। ਉਹੀ ਸਮਾਂ ਹੈ। ਫ਼ਿਲਿਪੁੱਸ ਨੇ ਕਿਹਾ...

3 ਖੋਜੇ ਨੇ ਫਿਲਿਪੁਸ ਨੂੰ ਕਿਹਾ, "ਵੇਖ ਪਾਣੀ ਹੈਗਾ, ਹੁਣ ਮੈਨੂੰ ਬਪਤਿਸਮਾ ਲੈਣ ਤੋਂ ਕਿਹੜੀ ਚੀਜ਼ ਰੋਕਦੀ ਹੈ?" ਇਹ ਸਹੀ ਹੈ। ਕੁਝ ਵੀ ਨਹੀਂ। ਜੇ ਤੁਸੀਂ ਤਿਆਰ ਹੋ, ਤਾਂ ਇਹੀ ਉਹ ਸਮਾਂ ਹੈ। ਸ਼ੈਤਾਨ ਨੂੰ ਉਥੇ ਕੋਈ ਰੁਕਾਵਟ ਪਾਉਣ

ਦਾ ਮੌਕਾ ਨਾ ਦਿਓ। ਜੋ ਤੁਸੀਂ ਅੱਜ ਕਰ ਸਕਦੇ ਹੋ ਉਹ ਕੰਮ ਕਲ੍ਹ ਤੇ ਨਾ ਛੱਡੋ। ਕੱਲ੍ਹ ਸ਼ਾਇਦ ਤੁਹਾਡੇ ਲਈ ਨਾ ਆਵੇ। ਮੈਨੂੰ ਯਾਦ ਹੈ ਇੱਕ ਵਾਰ ਮੈਂ ਉਹ ਕੀਤਾ, ਮੈਂ ਸਿੱਖਿਆ, ਮੈਨੂੰ ਸਬਕ ਸਿਖਾਇਆ। ਮੈਂ ਕੁਝ ਅਜਿਹਾ ਕਲ੍ਹ ਤੇ ਪਾ ਦਿੱਤਾ ਜੋ ਮੈਨੂੰ ਉਸੇ ਦਿਨ ਕਰਨਾ ਚਾਹੀਦਾ ਸੀ, ਅਤੇ ਅਗਲੇ ਦਿਨ ਬਹੁਤ ਦੇਰ ਹੋ ਚੁਕੀ ਸੀ।

4 ਹੁਣ, ਮੈਂ ਅਸਲ ਵਿੱਚ ਤੁਹਾਨੂੰ ਇੰਨਾ ਸਾਰਾ ਸਮਾਂ ਰੋਕ ਕੇ ਨਹੀਂ ਰੱਖਣਾ ਚਾਹੁੰਦਾ। ਪਰ ਮੈਂ ਬੱਸ ਇੰਨਾ—ਇੰਨਾ ਉਲਝ ਜਾਂਦਾ ਹਾਂ, ਅਤੇ, ਮੈਨੂੰ ਪਤਾ ਹੀ ਨਹੀਂ ਲਗਦਾ, ਮੈਂ ਇੰਨਾ ਚੰਗਾ ਮਹਿਸੂਸ ਕਰਦਾ ਹਾਂ ਐਥੋਂ ਤੱਕ ਕਿ ਆਪਣੇ ਆਪ ਵਿਚ ਨਹੀਂ ਰਹਿੰਦਾ। ਮੈਨੂੰ ਐਨਾ ਚੰਗਾ ਮਹਿਸੂਸ ਹੁੰਦਾ ਹੈ।

5 ਹੁਣ ਆਓ ਆਪਣੇ ਸਿਰਾਂ ਨੂੰ ਕੁਝ ਪਲਾਂ ਦੇ ਲਈ ਝੁਕਾਉਂਦੇ ਹਾਂ ਇਸ ਤੋਂ ਪਹਿਲਾਂ ਕਿ ਅਸੀਂ ਵਚਨ ਵਿਚ ਜਾਈਏ।

6 ਸਾਡੇ ਸਵਰਗੀ ਪਿਤਾ, ਤੂੰ ਜਿਉਂਦਾ ਪਰਮੇਸ਼ੁਰ ਹੈਂ, ਹਮੇਸ਼ਾ ਅਮਰ ਹੈਂ। ਉਹ ਸੂਰਜ ਜਿਹੜਾ ਹੁਣੇ ਡੁੱਬਿਆ ਹੈ, ਉਹੀ ਸੂਰਜ, ਦਾਨੀਏਲ ਨੇ ਇਸ ਵਲ ਵੇਖਿਆ ਜੱਦ ਇਹ ਡੁੱਬ ਰਿਹਾ ਸੀ, ਯਿਰਮਿਯਾਹ ਨੇ ਇਸ ਨੂੰ ਡੁੱਬਦੇ ਵੇਖਿਆ, ਆਦਮ ਨੇ ਇਸ ਨੂੰ ਡੁੱਬਦੇ ਹੋਏ ਵੇਖਿਆ, ਯਿਸੂ ਨੇ ਇਸ ਨੂੰ ਡੁੱਬਦੇ ਵੇਖਿਆ। ਅਤੇ ਇਹ ਉਹੀ ਸੰਸਾਰ ਹੈ ਜਿਸ ਵਿੱਚ ਉਹਨਾਂ ਜੀਵਨ ਵਤੀਤ ਕੀਤਾ ਅਤੇ ਤੁਰਦੇ ਫਿਰਦੇ ਸਨ, ਅਤੇ ਤੂੰ ਅਜੇ ਵੀ ਉਹੀ ਪਰਮੇਸ਼ੁਰ ਹੈਂ।

7 ਅੱਜ ਰਾਤ ਬਹੁਤ ਸਾਰੀਆਂ ਬੇਨਤੀਆਂ ਹਨ। ਦਿਮਾਗ ਤੇ ਰਸੌਲੀ ਵਾਲਾ ਆਦਮੀ, ਇਕ ਭੈਣ ਉਸੇ ਚੀਜ ਤੋਂ ਡਰਦੀ ਹੈ। ਤੁਸੀਂ ਕੇਵਲ ਇਕੋ ਆਸ ਹੋ, ਪ੍ਰਭੂ, ਜੋ ਉਸ ਦੇ ਲਈ ਹੈ। ਉਹ ਰਸੌਲੀ ਘਾਤਕ ਹੋ ਗਈ ਹੈ, ਉਸ ਨੂੰ ਰੋਕਣ ਦੇ ਲਈ ਕੁਝ ਵੀ ਨਹੀਂ ਹੈ। ਇਹ ਡਾਕਟਰ ਦੇ ਹੱਥਾਂ ਦੀ ਪਹੁੰਚ ਤੋਂ ਬਾਹਰ ਹੈ। ਪਰ ਅੱਜ ਰਾਤ ਅਸੀਂ ਆਪਣੇ ਛੋਟੇ ਜਿਹੇ ਗੋਪੀਏ ਦੇ ਨਾਲ, ਉਸ ਲੇਲੇ ਦੇ ਪਿਛੇ ਜਾਂਦੇ ਹਾਂ, ਇਸਨੂੰ ਵਾਪਸ ਪਿਤਾ ਦੇ ਘਰ ਲਿਆਉਣ ਲਈ। ਪ੍ਰਭੂ ਯਿਸੂ ਦੇ ਨਾਮ ਤੇ ਅਸੀਂ ਸ਼ੇਰ ਘਾਤ ਕਰਣ ਲਈ ਪ੍ਰਾਰਥਨਾ ਕਰਦੇ ਹਾਂ, ਰਸੌਲੀ, ਵਿਗਾੜ ਨੂੰ, ਤਾਂ ਜੋ ਉਹਨਾਂ ਨੂੰ ਸੁਰਖਿਅਤ ਘਰ ਲਿਆਂਦਾ ਜਾਵੇ।

8 ਅਤੇ ਅਸੀਂ, ਪਰਮੇਸ਼ੁਰ, ਅੱਜ ਰਾਤ ਨੂੰ ਸਾਡੇ ਪਿਆਰੇ ਰਾਸ਼ਟਰਪਤੀ, ਭਰਾ, ਸਾਡੇ ਡਵਾਈਟ ਆਈਜ਼ਨਹਵਰ ਨੂੰ ਯਾਦ ਕਰਦੇ ਹਾਂ। ਉਸ ਨੇ ਦੇਸ਼ ਦਾ ਮਾਰਗਦਰਸ਼ਨ ਕੀਤਾ ਹੈ, ਪ੍ਰਭੂ, ਉਸਨੇ ਸਾਨੂੰ ਜੰਗ ਤੋਂ ਬਾਹਰ ਰੱਖਣ ਦੀ ਕੋਸ਼ਿਸ਼ ਕੀਤੀ। ਉਸਨੇ ਵਾਅਦਾ ਕੀਤਾ ਕਿ ਉਹ ਕਿਸੇ ਵੀ ਤਰੀਕੇ ਨਾਲ ਕੋਰੀਆ ਦੀ ਲੜਾਈ ਖ਼ਤਮ ਕਰ ਦੇਵੇਗਾ। ਉਸਨੇ ਉਨ੍ਹਾਂ ਮਾਵਾਂ ਨਾਲ ਵਾਅਦਾ ਕੀਤਾ ਕਿ ਉਹ ਉਨ੍ਹਾਂ ਮੁੰਡਿਆਂ ਨੂੰ ਵਾਪਸ ਲਿਆਵੇਗਾ। ਪਰ ਉਸਨੇ ਕਿਹਾ, "ਮੇਰੇ ਲਈ

ਇਹ ਕਰਨਾ, ਮੈਂ ਇਹ ਨਹੀਂ ਕਰ ਸਕਦਾ। ਮੈਂ ਆਪਣੀਆਂ ਕੋਸ਼ਿਸ਼ਾਂ ਕਰ ਸਕਦਾ ਹਾਂ, ਪਰ ਇਹ ਕੇਵਲ ਪਰਮੇਸ਼ੁਰ ਨੂੰ ਹੀ ਕਰਨਾ ਪਵੇਗਾ।" ਅਤੇ ਤੁਸੀਂ ਉਸ ਦੇ ਨਾਲ ਸੀ, ਪ੍ਰਭੂ, ਅਤੇ ਹੁਣ ਇਹ ਸਭ ਸੁਲਝ ਗਿਆ ਹੈ। ਉਹ ਸਭ ਤੋਂ ਪਹਿਲਾਂ ਇਹ ਕਿਉਂ ਨਹੀਂ ਵੇਖ ਸਕੇ? ਪਰਮੇਸ਼ੁਰ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਉਸ ਦੀ ਸਹਾਇਤਾ ਕਰੋ। ਉਸ ਬਹਾਦੁਰ ਆਤਮਾ ਨੂੰ ਆਸੀਸ਼ ਦਿਓ, ਪ੍ਰਭੂ। ਅਤੇ ਅਸੀਂ ਦੁਆ ਕਰਦੇ ਹਾਂ ਕਿ ਤੂੰ ਸਾਡੇ ਲਈ ਅਗਲੇ ਨੇਤਾ ਦੀ ਚੋਣ ਕਰ। ਤੇਰਾ ਨਿਰਧਾਰਿਤ ਕੀਤਾ ਜਾਣਾ ਪੂਰਾ ਹੋ ਜਾਵੇਗਾ, ਪ੍ਰਭੂ।

9 ਪਰ ਇਕ ਜਿਸ ਨਾਲ ਅਸੀਂ ਅੱਜ ਰਾਤ ਨੂੰ ਬਹੁਤ ਦਿਲਚਸਪੀ ਰੱਖਦੇ ਹਾਂ, ਸਾਡੇ ਰਾਸ਼ਟਰੀ ਮਾਮਲਿਆਂ ਤੋਂ ਇਲਾਵਾ, ਉਹ ਮਹਾਨ ਅਤੇ ਸ਼ਾਨਦਾਰ ਹੈ ਜੋ ਆ ਰਿਹਾ ਹੈ ਇੱਕ ਰਾਜ ਸਥਾਪਤ ਕਰਨ ਲਈ ਜਿਸਦਾ ਅੰਤ ਨਹੀਂ ਹੋਵੇਗਾ, ਪ੍ਰਭੂ ਯਿਸੂ, ਜੋ ਤੇਰਾ ਪੁੱਤਰ ਹੈ। ਫਿਰ ਉਹ ਹਥਿਆਰਾਂ ਦੇ ਢੇਰ ਲਾਉਣਗੇ, ਤੁਰ੍ਹੀਆਂ ਵੱਜਣਗੀਆਂ ਅਤੇ ਫਿਰ ਲੜਾਈਆਂ ਨਹੀਂ ਹੋਣਗੀਆਂ। ਉਹ ਅੰਗੂਰੀ ਬਾਗ ਲਗਾਉਣਗੇ ਅਤੇ ਉਨ੍ਹਾਂ ਦਾ ਫਲ ਖਾਣਗੇ। ਉਹ ਘਰ ਬਣਾਉਣਗੇ, ਉਹਨਾਂ ਵਿਚ ਵੱਸਣਗੇ। ਅਤੇ ਉਸ ਤੋਂ ਬਾਅਦ ਕਦੇ ਵੀ ਕੋਈ ਹੋਰ ਪਰੇਸ਼ਾਨੀ ਨਹੀਂ ਹੋਏਗੀ।

10 ਜਿਵੇਂ ਅਸੀਂ ਵਚਨ ਵੱਲ ਆਉਂਦੇ ਹਾਂ ਹੁਣ ਸਾਨੂੰ ਅਸੀਸ ਦਿਓ। ਅਤੇ, ਪਿਤਾ, ਤੁਸੀਂ ਇਸ ਦਾ ਕਾਰਨ ਜਾਣਦੇ ਹੋ ਕਿ ਮੈਂ ਵਚਨ ਨੂੰ ਇਸੇ ਆਇਤ ਤੋਂ ਕਿਉਂ ਲੈ ਰਿਹਾ ਹਾਂ। ਇਹ ਇਸ ਲਈ ਹੈ ਕਿਉਂਕਿ ਮੈਂਨੂੰ—ਮੈਨੂੰ ਲਗਦਾ ਹੈ ਕਿ ਤੁਸੀਂ ਚਾਹੁੰਦੇ ਹੋ ਕਿ ਮੈਂ ਇਸ ਤਰੀਕੇ ਨਾਲ ਇਸ ਨੂੰ ਕਰਾਂ, ਕਿ ਇਹ ਤੁਹਾਡੀ ਇੱਛਾ ਹੈ, ਇਹ ਤੁਹਾਡੀ ਤਰਤੀਬ ਅਨੁਸਾਰ ਹੈ, ਇਹ ਇਸ ਵਿੱਚ ਹੈ...ਇਹ ਦਿਨ ਦੀ ਵਿਵਸਥਾ ਹੈ, ਤਾਂ ਜੋ ਲੋਕ ਆਪਣੇ ਸਥਾਨ ਨੂੰ ਲੱਭ ਸਕਣ ਅਤੇ ਲੜਾਈ ਦੀ ਘੜੀ ਲਈ ਤਿਆਰ ਰਹਿਣ। ਜਿਵੇਂ ਜਿਆਦਾ ਚਿਰ ਨਹੀਂ ਹੋਇਆ ਸਾਡੇ ਭਾਈ ਨੇ ਪ੍ਰਾਰਥਨਾ ਵਿੱਚ ਕਿਹਾ, "ਔਹ, ਤੁਸੀਂ ਸਾਨੂੰ ਇੱਕ ਲੰਮੇ ਸਮੇਂ ਤੱਕ ਸਿਖਿਆ ਦਿੱਤੀ ਹੈ, ਪ੍ਰਭੂ।" ਹੁਣ, ਪਿਤਾ, ਸਾਡੇ ਅਹੁਦੇ ਸਾਨੂੰ ਦੇ। ਸਾਨੂੰ ਉਥੇ ਰੱਖ ਦਿਓ ਤਾਂ ਜੋ ਅਸੀਂ ਉਹ ਕਰ ਸਕੀਏ ਜੋ ਸਾਨੂੰ ਕਰਨਾ ਚਾਹੀਦਾ ਹੈ, ਤਾਂ ਜੋ ਅਸੀਂ ਆਪਣੇ ਪਿਤਾ ਦੇ ਕੰਮ ਨੂੰ ਕਰ ਸਕੀਏ। ਕਿਉਂਕਿ ਅਸੀਂ ਇਸ ਨੂੰ ਯਿਸੂ, ਤੇਰੇ ਪੁੱਤ੍ਰ ਦੇ ਨਾਮ ਵਿੱਚ ਮੰਗਦੇ ਹਾਂ। ਆਮੀਨ।

11 ਅੱਜ ਦੁਪਹਿਰ ਇਕ ਸ਼ਾਨਦਾਰ ਦੁਪਹਿਰ ਸੀ, ਲੁਈਸਵਿਲ ਵਿਚ ਇਕ ਮਸ਼ਹੂਰ ਡਾਕਟਰ ਅਤੇ, ਉਸਦੀ ਨਰਸ ਨਾਲ ਗੱਲ ਕੀਤੀ। ਉਨ੍ਹਾਂ ਨੇ ਪ੍ਰਭੂ ਦੀਆਂ ਸ਼ਾਨਦਾਰ ਗੱਲਾਂ ਬਾਰੇ ਸੁਣਿਆ। ਅਤੇ ਉਸਦੇ ਪਿਤਾ ਇੱਕ ਡਾਕਟਰ ਸਨ। ਅਤੇ ਉਹ ਆਈ ਅਤੇ ਲਗਭਗ ਸਾਰੀ ਦੁਪਹਿਰ ਮੇਰੇ ਕਮਰੇ ਵਿਚ ਬੈਠੀ ਰਹੀ, ਬਸ ਅੰਦਰ ਆ ਗਈ। ਇਕ ਸ਼ਾਨਦਾਰ ਵਿਅਕਤੀ; ਥੋੜੀ ਸਖ਼ਤ, ਤੁਸੀਂ ਜਾਣਦੇ ਹੋ,

ਇਕ ਕੱਟੜ ਕਿਸਮ ਦੀ, ਸ਼ੁਰੁਆਤ ਵਿੱਚ ਇੱਕ ਅਸਲ ਪ੍ਰੇਸਬੀਟੇਰੀਅਨ ਸੀ, ਪਰ ਜਦੋਂ ਉਹ ਗਈ ਤਾਂ ਉਸਦੀਆਂ ਗਲਾਂ ਤੇ ਅਥਰੂ ਵਹਿ ਰਹੇ ਸਨ। ਔਹ, ਮੈਂ...ਪਰਮੇਸ਼ੁਰ ਨੇ ਉਨ੍ਹਾਂ ਨੂੰ ਹਰ ਜਗ੍ਹਾ, ਡਾਕਟਰਾਂ ਦੇ ਦਫਤਰਾਂ, ਕਮਰਿਆਂ ਵਿਚ ਚਿਪਕਾਇਆ ਹੋਇਆ ਹੈ। ਮੈਨੂੰ ਵਿਸ਼ਵਾਸ ਹੈ ਕਿ ਨੌਰਟਨ ਦੇ ਇਨਫਰਮਰੀ ਹਸਪਤਾਲ ਵਿਚ ਅਜਿਹੀ ਇਕ ਵੀ ਨਰਸ ਨਹੀਂ ਹੈ ਜਿਸਨੂੰ ਮੈਂ ਪਵਿੱਤਰ ਆਤਮਾ ਪ੍ਰਾਪਤ ਕਰਨ ਬਾਰੇ ਗਵਾਹੀ ਨਾ ਦਿੱਤੀ ਹੋਵੇ, ਅਤੇ ਇਹ ਨਾ ਪੁਛਿਆ ਹੋਵੇ ਕਿ ਉਸ ਨੇ ਯਿਸੂ ਦੇ ਨਾਮ ਵਿੱਚ ਬਪਤਿਸਮਾ ਲਿਆ ਹੈ ਜਾਂ ਨਹੀਂ। ਕੋਈ ਡਾਕਟਰ ਨਹੀਂ ਜਿਸ ਨਾਲ ਮੈਂ ਸੰਪਰਕ ਵਿਚ ਆਇਆ ਹੋਵਾਂ, ਕਿਤੇ ਵੀ, ਜਾਂ ਨੋਟ-...ਸਮਝੇ?

12 ਉਨ੍ਹਾਂ ਨੂੰ ਇਸ ਬਾਰੇ ਦੱਸੋ। ਸਾਡੇ ਕੋਲ ਜ਼ਿਆਦਾ ਸਮਾਂ ਨਹੀਂ ਹੈ, ਭਰਾਵੋ। ਭਾਵੇਂ ਇੱਥੇ ਕਿੰਨਾ ਵੀ ਮੁਸ਼ਕਲ ਜਾਪਦਾ ਹੈ, ਬੱਸ ਉਦੋਂ ਤਕ ਇੰਤਜ਼ਾਰ ਕਰੋ ਜਦੋਂ ਤਕ ਤੁਸੀਂ ਉਸ ਆਖਰੀ ਸਾਹ ਨੂੰ ਪਾਰ ਨਹੀਂ ਕਰਦੇ ਅਤੇ ਦੇਖ ਲੈਣਾ, ਫਿਰ ਤੁਸੀਂ ਚਾਹੋਗੇ ਕਿ ਕਾਸ਼ ਤੁਸੀਂ ਇਸ ਨੂੰ ਕੀਤਾ ਹੁੰਦਾ। ਹਾਂ, ਸ਼੍ਰੀ ਮਾਨ। ਉਸ ਸਮੇਂ ਤੱਕ ਇੰਤਜ਼ਾਰ ਨਾ ਕਰੋ, ਆਓ ਹੁਣੇ ਇਸ ਨੂੰ ਕਰੀਏ। ਇਹੀ ਸਮਾਂ ਹੈ। ਔਹ, ਉਹ ਅਸਹਿਮਤ ਹੋ ਸਕਦੇ ਹਨ, ਅਤੇ ਇਸ ਬਾਰੇ ਥੋੜੀ ਭੜਾਸ ਕੱਢਣਗੇ, ਪਰ ਉਨ੍ਹਾਂ ਦਾ ਇਹ ਮਤਲਬ ਨਹੀਂ ਹੈ। ਉਹ ਸਚਮੁਚ ਇੰਝ ਨਹੀਂ ਕਰਨਾ ਚਾਹੁੰਦੇ। ਉਹ—ਉਹ—ਉਹ ਸਹੀ ਹਨ। ਉਹ ਤੁਹਾਡੇ ਤੇ ਭੜਾਸ ਕੱਢਦੇ ਹਨ, ਬੱਸ—ਬੱਸ ਯਾਦ ਰੱਖੋ, ਉਹ—ਉਹ ਅਸਲ ਵਿੱਚ ਇਹ ਕਰਨ ਦਾ ਇਰਾਦਾ ਨਹੀਂ ਰੱਖਦੇ। ਉਨ੍ਹਾਂ ਦਾ ਇਹ ਮਤਲਬ ਨਹੀਂ ਹੈ। ਉਨ੍ਹਾਂ ਨੂੰ ਸ਼ਾਇਦ ਕੁਝ ਸਿਖਾਇਆ ਗਿਆ ਸੀ ਅਤੇ ਉਹ ਇਸ ਨਾਲ ਚਿੰਬੜੇ ਰਹਿੰਦੇ ਹਨ, ਤਾਂ ਜੋ ਤੁਸੀਂ—ਤੁਸੀਂ ਉਨ੍ਹਾਂ ਦਾ ਵਿਚਾਰ ਵੇਖ ਸਕੋ। ਉਨ੍ਹਾਂ ਨਾਲ ਝਗੜਾ ਨਾ ਕਰੋ, ਕਿਸੇ ਨਾਲ ਭੜਾਸ ਨਾ ਕੱਢੋ, ਪਰ ਬੱਸ ਉਨ੍ਹਾਂ ਨੂੰ ਪਿਆਰ ਨਾਲ ਇਸ ਵਿਚ ਲੈ ਆਵੋ। ਫਿਰ ਉਨ੍ਹਾਂ ਲਈ ਪ੍ਰਾਰਥਨਾ ਕਰੋ।

13 ਖੈਰ, ਮੈਨੂੰ ਲਗਦਾ ਹੈ ਕਿ ਅਸੀਂ 9ਵੀਂ ਆਇਤ ਤੇ ਸੀ, ਮੈਨੂੰ ਪੱਕਾ ਯਕੀਨ ਨਹੀਂ ਹੈ। ਇਹ ਤੀਜੇ ਅਧਿਆਇ ਤੋਂ ਬਹੁਤ ਦੂਰ ਹੈ, ਕੀ ਇਹ ਨਹੀ ਹੈ, ਮਨੁੱਖ? ਪਰ ਔਹ, ਇਹ ਚਟਾਨ ਵਿਚ ਸ਼ਹਿਦ ਹੈ, ਮੇਰੇ ਲਈ! ਅਸੀਂ ਹੁਣ ਗਲਬਾਤ ਕਰ ਰਹੇ ਸੀ, ਯਾਦ ਰੱਖੋ, ਤਾਂ ਅਸੀਂ ਦੁਬਾਰਾ ਜੋ ਪਿਛੇ ਹੋਇਆ ਹੈ ਉਸ ਬਾਰੇ ਜਾਣੀਏ। ਅਤੇ ਹੁਣ, ਭਾਈ ਨੇਵਿਲ, ਤੁਸੀਂ—ਤੁਸੀਂ ਹੁਣ ਮੈਨੂੰ ਥੋੜਾ ਜਿਹਾ ਯਾਦ ਕਰਾਉਣਾ ਜੇ ਮੈਂ ਸਮੇਂ ਨੂੰ ਲੰਘਦਾ ਵੇਖਣ ਤੋਂ ਖੁੰਝ ਜਾਵਾਂ, ਤਾਂ ਜੋ ਮੈਂ ਬਿਮਾਰਾਂ ਲਈ ਪ੍ਰਾਰਥਨਾ ਕਰ ਸਕਾਂ। ਅਸੀਂ ਉਸ ਹਰੇਕ ਛੋਟੇ ਕਣ ਨੂੰ ਲੈਣਾ ਚਾਹੁੰਦੇ ਹਾਂ ਜੋ ਅਸੀਂ ਲੈ ਸਕਦੇ ਹਾਂ। ਅਤੇ ਅੱਜ ਰਾਤ ਮੈਂ ਇੱਕ ਵੇਦੀ ਦੀ ਪੁਕਾਰ ਚਾਹੁੰਦਾ ਹਾਂ। ਮੈਂ...ਇਸ ਤੇ ਖਤਮ ਕਰਕੇ ਸ਼ਾਇਦ ਮੈਂ ਬਾਕੀ ਨੂੰ ਪੜ੍ਹ ਸਕਾਂ।

14 ਪਰ ਇਸਦਾ ਉਦੇਸ਼, ਹੈ, ਮਸੀਹ ਵਿੱਚ ਤੁਹਾਡੇ ਅਹੁਦੇ ਨੂੰ ਵੇਖਣਾ, ਇਹ ਵੇਖਣਾ ਕਿ ਇਹ ਕੁਝ ਅਜਿਹਾ ਨਹੀਂ ਹੈ ਜਿਸ ਨੂੰ ਤੁਸੀਂ ਅਚਾਨਕ ਵੇਖਿਆ ਹੈ, ਜਾਂ ਕੁਝ ਅਜਿਹਾ ਜੋ...ਜਾਂ ਤੁਸੀਂ ਇਸ ਦੇ ਯੋਗ ਹੋਣ ਲਈ ਕੁਝ ਕੀਤਾ, ਪਰ ਇਹ ਤਾਂ ਉਹ ਹੈ ਜੋ ਪਰਮੇਸ਼ੁਰ ਨੇ ਆਪ ਹੀ ਤੁਹਾਡੇ ਲਈ ਕੀਤਾ ਹੈ। ਇਹ ਨਹੀਂ ਕਿ ਤੁਸੀਂ ਇੰਨੇ ਚੰਗੇ ਸੀ ਕਿ ਤੁਸੀਂ ਇੱਕ ਰਾਤ ਇੱਕ ਗਿਰਜਾਘਰ ਵਿੱਚ ਚਲੇ ਗਏ, ਕਿ ਕੋਈ ਵਿਚਾਰਾ ਭਾਈ ਤੁਹਾਨੂੰ ਜਗਵੇਦੀ ਉੱਤੇ ਲੈ ਗਿਆ। ਅਤੇ ਇਹ ਇਸ ਤਰ੍ਹਾ ਨਹੀਂ ਸੀ। ਇਹ ਤਾਂ ਪਰਮੇਸ਼ੁਰ ਸੀ, ਜਿਸ ਨੇ ਜਗਤ ਦੀ ਨੀਂਹ ਤੋਂ ਪਹਿਲਾਂ, ਤਹਾਨੂੰ ਅਨੰਤ ਜੀਵਨ ਦੇ ਲਈ ਠਹਿਰਾਇਆ। ਜੱਦ ਉਸ ਦਿਨ ਤੁਸੀਂ ਉਥੇ ਜਾਉਗੇ, ਕੋਈ ਹੈਰਾਨੀ ਨਹੀਂ ਕਿ ਚਾਲੀ...ਚੌਵੀ ਬਜੁਰਗਾਂ ਨੇ ਆਪਣੇ ਮੁਕਟ ਉਤਾਰ ਦਿੱਤੇ, ਹਰੇਕ ਨੇ ਆਪਣਾ ਮੁਕਟ ਹੇਠਾਂ ਰੱਖ ਦਿੱਤਾ, ਹਰੇਕ ਆਪਣੇ ਮੂੰਹ ਭਾਰ ਡਿੱਗ ਪਿਆ, ਉਹਨਾਂ ਕੋਲ ਕਹਿਣ ਲਈ ਇੱਕ ਵੀ ਚੀਜ ਨਹੀਂ ਸੀ, ਕੋਈ ਪ੍ਰਚਾਰਕ, ਕੋਈ ਬਜ਼ੁਰਗ, ਕੁਝ ਨਹੀਂ। ਸਾਰੀ ਪ੍ਰਸ਼ੰਸਾ ਲੇਲੇ ਨੂੰ ਦਿਤੀ ਜਾ ਰਹੀ ਸੀ! ਉਸ ਦਿਨ ਪਰਮੇਸ਼ੁਰ ਉਸ ਵਿੱਚ ਸਭ ਚੀਜ਼ਾਂ ਨੂੰ ਇਕਠਾ ਕਰੇਗਾ। ਔਹ, ਜੇ ਅਸੀਂ ਕਦੇ ਜਾਣਦੇ ਅਤੇ ਪਛਾਣ ਲੈਂਦੇ ਕਿ ਉਹ ਕੌਣ ਸੀ ਜਿਸਨੂੰ ਉਨ੍ਹਾਂ ਨੇ ਸਲੀਬ ਦਿੱਤੀ। ਹੁਣ...

15 ਅਸੀਂ ਥੋੜ੍ਹੀ ਜਿਹੀ ਪਿਛੋਕੜ ਜਾਨਣ ਲਈ, 8ਵੀਂ ਆਇਤ ਤੋਂ ਸ਼ੁਰੂ ਕਰਦੇ ਹਾਂ।

> *ਜਿਸ ਕਿਰਪਾ ਨੂੰ ਉਹ ਨੇ ਸਾਰੇ ਗਿਆਨ ਅਤੇ ਬੁੱਧ ਨਾਲ ਸਾਨੂੰ ਚੋਖਾ ਦਿੱਤਾ;*
>
> *ਕਿਉਂ ਜੋ ਉਹ ਨੇ ਆਪਣੀ ਇੱਛਿਆ ਦੇ ਭੇਤ ਨੂੰ ਸਾਡੇ ਉੱਤੇ ਪਰਗਟ ਕੀਤਾ,...*

16 "ਆਪਣੀ ਇੱਛਾ ਦੇ ਭੇਤ ਨੂੰ।" ਅਤੇ ਯਾਦ ਕਰੋ ਅਸੀਂ ਕਿਵੇਂ ਇਸ ਤੇ ਅਟਕੇ ਰਹੇ ਸਾਂ? ਅੱਜ ਸਵੇਰੇ ਕਿੰਨੇ ਇਥੇ ਸਨ, ਚਲੋ ਵੇਖਦੇ ਹਾਂ। ਅਸੀਂ ਉਸ ਤੇ ਕਿਵੇਂ ਅਟਕ ਗਏ ਸੀ, "ਆਪਣੀ ਇੱਛਾ ਦਾ ਭੇਤ।" ਹੁਣ, ਇਹ ਕੋਈ ਛੋਟੀ ਜਿਹੀ ਚੀਜ ਨਹੀਂ ਹੈ, ਇਹ ਇੱਕ ਭੇਤ ਹੈ। ਪਰਮੇਸ਼ੁਰ ਦੀ ਇੱਛਾ ਇੱਕ ਭੇਤ ਹੈ। ਅਤੇ ਹਰ ਆਦਮੀ ਨੂੰ ਆਪਣੇ ਆਪ ਲਈ, ਪਰਮੇਸ਼ੁਰ ਦੀ ਇੱਛਾ ਦੇ ਭੇਤ ਦੀ ਭਾਲ ਕਰਨੀ ਪੈਂਦੀ ਹੈ।

17 ਸਾਨੂੰ ਕਿਵੇਂ ਪਤਾ ਲੱਗੇਗਾ? ਪੌਲੁਸ, ਇਹ ਉਸਨੂੰ ਜਾਣਦਾ ਸੀ। ਉਸਨੇ ਕਿਹਾ ਕਿ ਉਸ ਨੇ ਕਿਸੇ ਆਦਮੀ, ਮਾਸ ਅਤੇ ਲਹੂ ਦੀ ਸਲਾਹ ਨਹੀਂ ਲਈ। ਉਹ ਨਾ ਕਿਸੇ ਸਕੂਲ ਗਿਆ, ਨਾ ਕਿਸੇ ਸੈਮੀਨਾਰ ਵਿੱਚ। ਉਸਦਾ ਇਸ ਨਾਲ ਕੋਈ ਲੈਣਾ ਦੇਣਾ ਨਹੀਂ ਸੀ। ਪਰ ਉਸਨੇ...ਇਹ ਉਸ ਤੇ ਯਿਸੂ

ਮਸੀਹ ਦੁਆਰਾ ਪ੍ਰਗਟ ਕੀਤਾ ਗਿਆ ਸੀ, ਜੋ ਉਸਨੂੰ ਦਮਿਸ਼ਕ ਦੀ ਰਾਹ ਤੇ ਮਿਲਿਆ, ਇੱਕ—ਇੱਕ ਅੱਗ ਦੇ ਥੰਮ ਵਾਂਗ ਚਾਨਣ ਵਿੱਚ, ਅਤੇ ਇਸ ਨੇ ਉਸਨੂੰ ਬੁਲਾਇਆ। ਅਤੇ ਉਹ ਅਰਬ ਚਲਾ ਗਿਆ, ਅਤੇ ਉਥੇ ਤਿੰਨ ਸਾਲ ਰਿਹਾ। ਔਹ, ਕੀ ਤੁਸੀਂ ਕਲਪਨਾ ਨਹੀਂ ਕਰਦੇ ਕਿ ਇਹ ਇੱਕ ਸਮਾਂ ਸੀ, ਭਾਈ ਈਗਨ? ਤਿੰਨ ਸਾਲ ਪੌਲੁਸ ਉਥੇ ਅਰਬ ਵਿਚ ਸੀ, ਆਪਣੇ ਲਈ ਇੱਕ ਛੋਟੀ ਇਮਾਰਤ ਕਿਰਾਏ ਤੇ ਲੈ ਲਈ, ਸਾਰੀਆਂ ਪੁਰਾਣੀਆਂ ਪੋਥੀਆਂ ਲੈ ਕੇ, ਇਮਾਰਤ ਦੀਆਂ ਮੰਜਿਲਾਂ ਦੇ ਹੇਠਾਂ ਉੱਪਰ ਫਿਰਦਾ ਰਹਿੰਦਾ ਸੀ। ਉਨ੍ਹਾਂ ਕੋਲ ਨਵੀਂਆਂ ਪੋਥੀਆਂ ਨਹੀਂ ਸਨ; ਉਨ੍ਹਾਂ ਵਿਚੋਂ ਜਿਆਦਾਤਰ, ਪੌਲੁਸ ਨੇ ਲਿਖੀਆਂ ਸਨ। ਠੀਕ ਇਨ੍ਹਾਂ ਪੁਰਾਣੀਆਂ ਪੋਥੀਆਂ ਵਿਚ, ਕਿਵੇਂ ਪਰਮੇਸ਼ੁਰ ਨੇ, ਸਾਨੂੰ ਸਦੀਪਕ ਜੀਵਨ ਦੇ ਲਈ, ਅਗੋਂ ਹੀ ਠਹਿਰਾਇਆ। ਕਿਵੇਂ ਉਹ ਯਿਸੂ ਨੂੰ ਭੇਜੇਗਾ, ਇਹ ਕਿ ਇਸ ਕੁਰਬਾਨੀ ਰਾਹੀਂ ਸਾਨੂੰ ਸਾਰਿਆਂ ਨੂੰ ਜੀਵਨ ਦੇ ਰੁੱਖ ਦਾ ਅਧਿਕਾਰ ਹੋਵੇਗਾ। "ਜਿਨ੍ਹਾਂ ਨੂੰ ਉਸਨੇ ਪਹਿਲਾਂ ਤੋਂ ਜਾਣਿਆ, ਉਸਨੇ ਬੁਲਾਇਆ; ਜਿਨ੍ਹਾਂ ਨੂੰ ਉਸਨੇ ਬੁਲਾਇਆ, ਉਸਨੇ ਪਹਿਲਾਂ ਹੀ ਧਰਮੀ ਠਹਿਰਾਇਆ ਹੈ; ਜਿਨ੍ਹਾਂ ਨੂੰ ਉਸ ਨੇ ਧਰਮੀ ਠਹਿਰਾਇਆ, ਉਸਨੇ ਪਹਿਲਾਂ ਹੀ ਉਨ੍ਹਾਂ ਨੂੰ ਮਹਿਮਾ ਵੀ ਦਿੱਤੀ ਹੈ।" ਪਰਮੇਸ਼ੁਰ ਨੇ, ਜਗਤ ਦੀ ਨੀਂਹ ਤੋਂ ਅੱਗੋਂ ਹੀ, ਸਾਨੂੰ ਲੇਪਾਲਕ ਪੁੱਤ੍ਰ ਹੋਣ ਨੂੰ ਠਹਿਰਾਇਆ। ਹੁਣ ਸਾਰੀ ਸ੍ਰਿਸ਼ਟੀ ਹਾਹੁਕੇ ਭਰਦੀ ਹੈ, ਪਰਮੇਸ਼ੁਰ ਦੇ ਪੁੱਤ੍ਰਾਂ ਦੇ ਪ੍ਰਗਟ ਹੋਣ ਨੂੰ ਉਡੀਕਦੀ ਹੈ। ਔਹ, ਮੈਂ ਕਲਪਨਾ ਕਰ ਸਕਦਾ ਹਾਂ ਕਿ ਪੌਲੁਸ ਕੋਲ ਇੱਕ ਵਧੀਆ ਸਮਾਂ ਸੀ। ਮੈਂ ਉਸ ਜਗ੍ਹਾ ਉਸ ਦੇ ਨਾਲ ਹੋਣਾ ਚਾਹਾਂਗਾ। ਕੀ ਤੁਸੀਂ ਨਹੀਂ ਚਾਹੋਗੇ?

18 ਹੁਣ ਉਹ ਕਹਿ ਰਿਹਾ ਹੈ, "ਉਹ ਨੇ ਭੇਤ ਨੂੰ ਸਾਡੇ ਉੱਤੇ ਪਰਗਟ ਕੀਤਾ।" ਕਿਸੇ ਸਮੇਂ ਆਪਣੇ ਉੱਤੇ ਪਵਿੱਤਰ ਆਤਮਾ ਨੂੰ ਆਉਣ ਦਿਓ, ਅਤੇ ਇਸ ਨੂੰ ਚਲਾਣਾ ਸ਼ੁਰੂ ਕਰੋ ਅਤੇ ਵੇਖੋ ਇਹ ਕਿਵੇਂ ਹੁੰਦਾ ਹੈ। ਅੱਜ ਦੁਪਹਿਰ ਮੇਰੇ ਕੋਲ, ਔਹ, ਅਧਿਐਨ ਕਰਨ ਲਈ, ਲਗਭਗ ਤੀਹ ਮਿੰਟ ਦਾ ਸਮਾਂ ਸੀ; ਸ਼ਾਇਦ ਨਹੀਂ, ਮੈਂ ਕਹਾਂਗਾ ਉਸ ਦਾ ਅੱਧਾ, ਸਮੇਂ ਦੇ ਵਿਚਕਾਰ ਪੰਦਰਾਂ ਮਿੰਟ। ਅਤੇ ਮੈਨੂੰ ਦੋੜਨਾ ਪਿਆ, ਅਤੇ ਮੈਂ ਸੋਚਿਆ, "ਭੇਤ, ਕਿੰਨਾ ਵੱਡਾ ਭੇਤ!" ਅਤੇ ਲਿਖਤਾਂ ਨੇ ਮੈਨੂੰ ਪੁਰਾਣੇ ਨੇਮ ਵਿੱਚ ਵਾਪਸ ਭੇਜ ਦਿੱਤਾ, ਫਿਰ ਦੁਬਾਰਾ ਨਵੇਂ ਨੇਮ ਵਿੱਚ; ਕੁਝ ਇੱਕਠਾ ਕੀਤਾ, ਉਸਦੇ ਆਉਣ ਦੇ ਭੇਤ ਨੂੰ ਵੇਖਿਆ, ਉਸਦੀ ਇੱਛਾ ਦਾ ਭੇਤ, ਸਾਡੇ ਇੱਕਠੇ ਬੈਠਣ ਦਾ ਭੇਤ। ਯਾਦ ਰੱਖੋ, ਇਹ ਕਿਸੇ ਵੀ ਸੈਮੀਨਾਰ ਵਿੱਚ ਨਹੀਂ ਸਿਖਾਇਆ ਜਾ ਸਕਦਾ। ਇਹ ਇਕ ਭੇਤ ਹੈ। ਤੁਸੀਂ ਇਸ ਨੂੰ ਸਿੱਖਿਆ ਦੁਆਰਾ, ਧਰਮ ਸ਼ਾਸਤਰ ਦੁਆਰਾ ਨਹੀਂ ਜਾਣ ਸਕਦੇ। ਇਹ ਇੱਕ ਭੇਤ ਹੈ ਜੋ ਜਗਤ ਦੀ ਨੀਂਹ ਤੋਂ ਲੁਕਿਆ ਹੋਇਆ ਹੈ, ਪਰਮੇਸ਼ੁਰ ਦੇ

ਪੁੱਤ੍ਰਾਂ ਦੇ ਪ੍ਰਗਟ ਹੋਣ ਨੂੰ ਉਡੀਕਦੀ ਹੈ।

19 ਮੈਨੂੰ ਦੱਸੋ, ਮੇਰੇ ਭਰਾ, ਮੈਨੂੰ ਦੱਸ, ਮੇਰੀ ਭੈਣ, ਇਸ ਸਮੇਂ ਤੋਂ ਬਾਹਰ ਹੋਰ ਉਹ ਸਮਾਂ ਕਦੋਂ ਸੀ ਜਦੋਂ ਪਰਮੇਸ਼ੁਰ ਦੇ ਪੁੱਤਰਾਂ ਨੂੰ ਪ੍ਰਗਟ ਕੀਤਾ ਜਾਣਾ ਸੀ? ਇਤਿਹਾਸ ਵਿਚ ਉਹ ਕਿਹੜਾ ਸਮਾਂ ਸੀ, ਜਦੋਂ ਉਹਨਾਂ ਨੇ ਪ੍ਰਗਟ ਹੋ ਕੇ ਸਾਰੀ ਸ੍ਰਿਸ਼ਟੀ ਦਾ ਛੁਟਕਾਰਾ ਕਰਨਾ ਸੀ? ਸ੍ਰਿਸ਼ਟੀ, ਸ੍ਰਿਸ਼ਟੀ ਆਪ ਹੀ ਹਾਹੁਕੇ ਭਰਦੀ ਹੈ, ਪਰਮੇਸ਼ੁਰ ਦੇ ਪੁੱਤ੍ਰਾਂ ਦੇ ਪ੍ਰਗਟ ਹੋਣ ਨੂੰ ਉਡੀਕਦੀ ਹੈ। ਕਿਉਂ, ਇਸ ਤੋਂ ਪਹਿਲਾਂ ਕਿ ਪ੍ਰਾਸਚਿਤ ਕੀਤਾ ਗਿਆ, ਇਸ ਤੋਂ ਪਹਿਲਾਂ ਕਿ ਕਦੇ ਪਵਿੱਤਰ ਆਤਮਾ ਵਹਾਇਆ ਗਿਆ, ਸਾਰੇ—ਸਾਰੇ ਪੁਰਾਣੇ ਨੇਮ ਤੋਂ ਪਹਿਲਾਂ, ਉਥੇ, ਪ੍ਰਗਟ ਕੀਤਾ ਜਾਣਾ ਨਹੀਂ ਹੋ ਸਕਦਾ ਸੀ। ਇਸ ਨੂੰ ਇਸ ਸਮੇਂ ਤੱਕ ਉਡੀਕ ਕਰਨੀ ਪੈਣੀ ਸੀ। ਹੁਣ ਸਾਰੀਆਂ ਚੀਜਾਂ ਨੂੰ ਲਿਆਂਦਾ ਗਿਆ ਹੈ, ਆ ਰਹੀਆਂ ਹਨ, ਆਕਾਰ ਲੈ ਕੇ ਸਿਰੇ ਦਾ ਪੱਥਰ ਬਣ ਰਹੀਆਂ ਹਨ, ਪਰਮੇਸ਼ੁਰ ਦੇ ਪੁੱਤ੍ਰਾਂ ਦਾ ਪ੍ਰਗਟ ਹੋਣਾ ਵਾਪਸ ਆ ਰਿਹਾ ਹੈ, ਅਤੇ ਪਰਮੇਸ਼ੁਰ ਦੀ ਆਤਮਾ ਇਹਨਾਂ ਮਨੁੱਖਾਂ ਵਿਚ ਆ ਰਹੀ ਹੈ, ਸਿੱਧ ਤਰੀਕੇ ਨਾਲ, ਜਦ ਤੱਕ ਉਨ੍ਹਾਂ ਦੀ ਸੇਵਕਾਈ ਮਸੀਹ ਜਿਹੀ ਨਹੀਂ ਹੋ ਜਾਂਦੀ ਜਦ ਤੱਕ ਉਹ ਆਪਣੇ ਆਪ ਨੂੰ ਆਪਣੀ ਕਲੀਸਿਯਾ ਨਾਲ ਇੱਕ ਨਹੀਂ ਕਰ ਲੈਂਦਾ।

20 ਕਿੰਨੇ ਵਿਅਕਤੀਆਂ ਨੇ ਪਿਰਾਮਿਡ ਦੇ ਇਤਿਹਾਸ ਦਾ ਅਧਿਐਨ ਕੀਤਾ ਹੈ? ਮੇਰਾ ਖਿਆਲ ਹੈ ਕਿ ਸ਼ਾਇਦ ਇਥੇ ਇਕ ਔਰਤ ਨੇ ਆਪਣਾ ਹੱਥ ਖੜਾ ਕੀਤਾ ਹੈ। ਠੀਕ ਹੈ।

21 ਪਰਮੇਸ਼ੁਰ ਨੇ ਤਿੰਨ ਬਾਈਬਲ ਲਿਖੀਆਂ। ਉਨ੍ਹਾਂ ਵਿਚੋਂ ਇਕ ਰਾਸ਼ੀ ਚੱਕਰ ਹੈ ਜੋ ਆਕਾਸ਼ ਵਿੱਚ ਹੈ, ਇਹ ਪਹਿਲੀ ਬਾਈਬਲ ਹੈ। ਮਨੁੱਖ ਨੂੰ ਇਹ ਅਹਿਸਾਸ ਕਰਨ ਲਈ ਉੱਪਰ ਵੇਖਣਾ ਸੀ ਕਿ ਪਰਮੇਸ਼ੁਰ ਉੱਪਰੋਂ ਹੈ। ਰਾਸ਼ੀ ਚੱਕਰ ਤੇ ਧਿਆਨ ਦਿਓ, ਕੀ ਤੁਸੀਂ ਕਦੇ ਇਸਦਾ ਅਧਿਐਨ ਕੀਤਾ ਹੈ? ਇਹ ਹਰੇਕ ਜੁੱਗ ਬਾਰੇ ਦੱਸਦਾ ਹੈ, ਕਰਕ ਜੁੱਗ ਬਾਰੇ ਵੀ। ਇਹ ਸੁਰੂਆਤ ਬਾਰੇ ਦੱਸਦੀ ਹੈ, ਪਹਿ-...ਮਸੀਹ ਦਾ ਜਨਮ। ਰਾਸ਼ੀ ਚੱਕਰ ਵਿੱਚ ਪਹਿਲੀ ਸ਼ਕਲ ਕਿਹੜੀ ਹੈ? ਕੰਨਿਆ। ਆਖਰੀ ਸ਼ਕਲ ਕਿਹੜੀ ਹੈ? ਲਿਓ ਜਾਨੀ ਸਿੰਘ। ਮਸੀਹ ਦੀ ਪਹਿਲੀ ਅਤੇ ਦੂਸਰੀ ਆਮਦ, ਸਭ ਕੁਝ ਉਸ ਵਿਚ ਲਿਖਿਆ ਹੋਇਆ ਹੈ।

22 ਫਿਰ ਅਗਲੀ ਬਾਈਬਲ ਲਿਖੀ ਗਈ, ਉਹ ਪੱਥਰ ਵਿਚ ਸੀ, ਜਿਸ ਨੂੰ "ਪਿਰਾਮਿਡਜ਼" ਕਿਹਾ ਜਾਂਦਾ ਸੀ। ਪਰਮੇਸ਼ੁਰ ਨੇ ਪਿਰਾਮਿਡ ਵਿੱਚ ਲਿਖਿਆ। ਜੇ ਤੁਸੀਂ ਉਨ੍ਹਾਂ ਦਾ ਅਧਿਐਨ ਕਰਦੇ ਹੋ, ਤਾਂ ਪੁਰਾਣੇ ਇਤਿਹਾਸ ਅਤੇ ਯੁੱਧਾਂ ਨੂੰ ਵੇਖੋ, ਕਿਸ ਤਰ੍ਹਾਂ ਉਹ ਜਲ ਪਰਲੋ ਤੋਂ ਪਹਿਲਾਂ ਬਣਾਏ ਗਏ ਸਨ।

23 ਤੀਸਰੀ ਕਾਗਜ਼ ਉੱਤੇ ਲਿਖੀ ਗਈ ਸੀ, ਬਾਈਬਲ, ਆਉਣ ਵਾਲੇ ਮਹਾਨ, ਚੁਸਤ ਬੁੱਧੀਜੀਵੀ ਜਗਤ ਲਈ। ਹੁਣ, ਜਿਵੇਂ ਪਰਮੇਸ਼ੁਰ ਯੁਗਾਂ ਵਿੱਚੋਂ ਲੰਘਿਆ ਹੈ, ਅਸੀਂ ਲਿਓ ਜਾਨੀ ਸਿੰਘ ਤੇ ਹਾਂ। ਅਸੀਂ ਪਿਰਾਮਿਡ ਦੀ ਢੱਕੇ ਜਾਣ ਤੇ ਹਾਂ। ਅਸੀਂ ਪ੍ਰਕਾਸ਼ ਦੀ ਪੋਥੀ ਵਿੱਚ ਹਾਂ, ਆਖਰੀ ਅਧਿਆਏ ਵਿੱਚ। ਵਿਗਿਆਨ ਕਹਿੰਦਾ ਹੈ ਕਿ ਅਸੀਂ ਅੱਧੀ ਰਾਤ ਤੋਂ ਤਿੰਨ ਮਿੰਟ ਦੂਰ ਹਾਂ। ਔਹ, ਇਹ ਸੋਚੋ ਕਿ ਅਸੀਂ ਕਿੱਥੇ ਹਾਂ।

24 ਅਤੇ ਧਿਆਨ ਦਿਓ, ਆਓ ਪਿਰਾਮਿਡ ਬਾਰੇ ਗਲ ਕਰੀਏ, ਇਹ ਆਸਾਨ ਹੈ। ਇਹ ਇਕ ਤਿਕੋਣ ਦੀ ਤਰ੍ਹਾਂ ਹੈ।

25 ਜਦੋਂ ਅਸੀਂ ਕਲੀਸਿਯਾ ਦੇ ਪਹਿਲੇ ਜੁੱਗ ਦੀ ਸੁਰੂਆਤ ਕੀਤੀ ਸੀ, ਲੂਥਰ ਦੇ ਸਮੇਂ ਵਿਚ ਸੁਧਾਰ ਤੋਂ ਬਾਅਦ, ਇੱਕ ਮਨੁੱਖ ਲਈ ਕੇਵਲ ਇਹ ਕਹਿਣਾ ਕਿ ਉਹ ਇੱਕ ਮਸੀਹੀ ਸੀ, ਇਸਦਾ ਮਤਲਬ ਉਸਦੀ ਜਿੰਦਗੀ ਜਾਂ ਮੌਤ ਹੋ ਸਕਦੀ ਸੀ। ਉਹ ਕੇਵਲ ਉਸ ਨੂੰ ਆਪਣੇ ਆਪ ਨੂੰ ਮਸੀਹੀ ਦੱਸਣ ਤੇ ਹੀ ਮਾਰ ਦਿੰਦੇ ਸਨ। ਇਸ ਲਈ ਅਤਿਆਚਾਰਾਂ ਵਿੱਚੋਂ ਲੰਘਣ ਲਈ...ਹਰ ਯੁਗ ਵਿੱਚ, ਹਰ ਵਾਰ, ਅਤਿਆਚਾਰ ਹੁੰਦੇ ਰਹੇ ਹਨ। "ਸੱਭੇ ਜਿੰਨੇ ਮਸੀਹ ਯਿਸੂ ਵਿੱਚ ਭਗਤੀ ਨਾਲ ਉਮਰ ਕੱਟਣੀ ਚਾਹੁੰਦੇ ਹਨ ਸੋ ਸਤਾਏ ਜਾਣਗੇ।" ਲੂਥਰ ਦੇ ਯੁੱਗ ਵਿਚ, "ਇੱਕ ਲੂਥਰਨ" ਕਹਿਣਾ ਬਹੁਤ ਭਿਆਨਕ ਸੀ। ਤੁਹਾਨੂੰ ਕੱਟੜ ਮੰਨਿਆ ਜਾਂਦਾ ਸੀ, ਅਤੇ ਮੌਤ ਦੇ ਘਾਟ ਉਤਾਰਿਆ ਜਾ ਸਕਦਾ ਸੀ। ਕਈ ਵਾਰ ਉਨ੍ਹਾਂ ਨੇ ਉਨ੍ਹਾਂ ਨੂੰ ਦਾਅ ਤੇ ਮਾਰਿਆ, ਉਨ੍ਹਾਂ ਨੂੰ ਸਾੜ ਦਿੱਤਾ, ਅਤੇ ਹੋਰ ਸਭ ਕੁਝ, ਲੂਥਰਨਜ਼ ਲਈ।

26 ਫਿਰ ਕਲੀਸਿਯਾ ਸੁੰਗੜਦੀ ਗਈ, ਪਿਰਾਮਿਡ ਵਾਂਗ। ਇਹ ਕਿਰਪਾ ਦੇ ਇੱਕ ਹੋਰ ਪੜਾਅ ਵਿੱਚ ਆਈ, ਜੋ ਪਵਿੱਤਰੀਕਰਣ ਸੀ। ਵੈਸਲੀ ਦੇ ਸਮੇਂ, ਜਦੋਂ ਉਸਨੇ ਐਂਜਲਿਕਨ ਕਲੀਸਿਯਾ ਦਾ ਵਿਰੋਧ ਕੀਤਾ, ਪਵਿੱਤਰਤਾ ਦਾ ਉਪਦੇਸ਼ ਦਿੱਤਾ। ਇਹ ਫਿਰ ਤੋਂ ਘੱਟ ਗਿਣਤੀ ਵਿਚ ਆ ਗਈ, ਫਿਰ ਉਨ੍ਹਾਂ ਨੂੰ ਕੱਟੜਪੰਥੀਆਂ ਦਾ ਝੁੰਡ ਕਿਹਾ ਜਾਂਦਾ ਸੀ।

27 ਇੱਥੇ ਕਿੰਨੇ ਲੋਕ ਮੈਥੋਡਿਸਟ ਸਨ, ਜਾਂ ਹੁੰਦੇ ਸਨ, ਜਾਂ ਇਕ ਵਾਰ ਮੈਥੋਡਿਸਟ ਕਲੀਸਿਯਾ ਨਾਲ ਜੁੜੇ ਹੋਏ ਸਨ? ਤੁਹਾਡੇ ਵਿਚੋਂ ਅੱਧੇ। ਕੀ ਤੁਸੀਂ ਜਾਣਦੇ ਹੋ ਮੈਥੋਡਿਸਟ ਕਲੀਸਿਯਾ ਵਿਚ ਇਕ ਸਮੇਂ ਲਗਭਗ ਪਵਿੱਤਰ ਆਤਮਾ ਸੀ? ਮੈਂ ਮੈਥੋਡਿਸਟ ਗਿਰਜਿਆਂ ਵਿਚ ਗਿਆ ਹਾਂ ਅਤੇ ਉਨ੍ਹਾਂ ਨੂੰ ਫਰਸ਼ ਤੇ ਡਿੱਗਦੇ ਵੇਖਿਆ ਹੈ, ਅਤੇ ਉਨ੍ਹਾਂ ਦੇ ਚਿਹਰੇ ਤੇ ਪਾਣੀ ਸੁੱਟਦੇ ਅਤੇ ਉਨ੍ਹਾਂ ਨੂੰ ਪਖੀ ਨਾਲ ਹਵਾ ਝਲਦੇ ਹਨ, ਤਾਂ ਜੋ ਪਵਿੱਤਰ ਆਤਮਾ ਨੂੰ ਉਨ੍ਹਾਂ ਤੇ ਆਉਣ ਤੋਂ ਰੋਕਿਆ ਜਾਵੇ। ਇਹ ਠੀਕ ਹੈ। ਹੁਣ, ਇਹ ਸੱਚਾਈ ਹੈ, ਕੇਂਟਕੀ ਦੀਆਂ ਪਹਾੜੀਆਂ

ਵਿਚ ਜਿੱਥੇ ਸਾਡੇ ਕੋਲ ਮੈਥੋਡਿਸਟ ਸਨ। ਤੁਸੀਂ ਲੋਕ ਇੱਥੇ ਚਰਚ ਵਿਚ ਸ਼ਾਮਲ ਹੋਣ ਵਾਲੇ ਹੋ। ਸਾਡੇ ਕੋਲ ਉਥੇ ਮੈਥੋਡਿਸਟ ਸਨ, ਅਤੇ ਬੈਪਟਿਸਟ ਸਨ। ਅਸੀਂ ਜਗਵੇਦੀ ਦੇ ਕੋਲ ਆਏ ਅਤੇ ਇਕ ਦੂਸਰੇ ਦੀ ਪਿੱਠ ਕੁੱਟੀ ਜਦ ਤਕ ਸਾਨੂੰ ਕੁਝ ਮਿਲ ਨਾ ਗਿਆ। ਅਸੀਂ ਬਾਹਰ ਆਏ, ਅਸੀਂ ਉਸ ਤੋਂ ਬਾਅਦ ਵਖਰੇ ਰਹੇ।

28 ਪਰ ਤੁਸੀਂ ਬਸ ਆਉਂਦੇ ਹੋ ਅਤੇ ਆਪਣਾ ਨਾਮ ਕਿਤਾਬ ਵਿਚ ਦਰਜ ਕਰਦੇ ਅਤੇ ਕਹਿੰਦੇ ਹੋ, "ਮੈਂ ਇੱਕ ਮੈਥੋਡਿਸਟ ਹਾਂ।" ਅਤੇ ਲੂਣਦਾਨੀ ਲਓ ਅਤੇ ਤੁਹਾਡੇ ਤੇ ਥੋੜਾ ਜਿਹਾ ਪਾਣੀ ਛਿੜਕੋ, ਅਤੇ ਇਹੀ ਸਭ ਕੁਝ ਹੈ। ਬਾਹਰ ਜਾਂਦੇ ਹੋ ਅਤੇ ਨਿੱਕਰਾਂ ਪਹਿਣਦੇ ਹੋ, ਮੇਕ-ਅਪ, ਘੋੜਿਆਂ ਦੀਆਂ ਦੌੜਾਂ, ਬਾਜ਼ੀ ਲਗਾਉਣੀ, ਜੂਆ ਖੇਡਦੇ ਹੋ, ਸਲੋਟ ਮਸ਼ੀਨਾਂ ਤੇ ਖੇਡਦੇ ਅਤੇ ਹੋਰ ਸਭ ਕੁਝ ਕਰਦੇ ਹੋ, ਅਜੇ ਵੀ ਚੰਗੇ ਮੈਥੋਡਿਸਟ ਹੋ, ਵੇਖੋ। ਉਹ ਮੈਥੋਡਿਸਟ ਨਹੀਂ ਹਨ। ਇਹ ਸਿਰਫ ਚਰਚ ਦੇ ਮੈਂਬਰ ਹਨ। ਇਹ ਠੀਕ ਹੈ। ਬੈਪਟਿਸਟ, ਉਸੇ ਤਰ੍ਹਾਂ, ਪ੍ਰੈਸਬੀਟੇਰਿਅਨ, ਉਸੇ ਤਰ੍ਹਾਂ ਹਨ।

29 ਜਿਵੇਂ ਡੇਵਿਡ ਡੂਪਲੈਸਿਸ ਨੇ ਕਿਹਾ ਸੀ, "ਪੋਤੇ-ਪੋਤੀਆਂ, ਪਰਮੇਸ਼ੁਰ ਕੋਲ ਕੋਈ ਪੋਤਾ-ਪੋਤੀ ਨਹੀਂ ਹੈ।" ਪਰਮੇਸ਼ੁਰ ਕੋਲ ਕਦੇ ਕੋਈ ਪੋਤਾ ਨਹੀਂ ਸੀ। ਉਸ ਦੇ ਪੁੱਤਰ ਹੋਏ, ਪਰ ਪੋਤੇ ਨਹੀਂ। ਇਹ ਸਹੀ ਹੈ। ਤੁਸੀਂ...ਅਤੇ ਉਹ ਲੋਕ ਜੋ ਮੈਥੋਡਿਸਟ ਚਰਚ, ਜਾਂ ਪੈਂਟੀਕੋਸਟਲ ਚਰਚ, ਜਾਂ ਬੈਪਟਿਸਟ ਚਰਚ, ਵਿੱਚ ਆਏ ਹਨ, ਕਿਉਂਕਿ ਤੁਹਾਡੀ ਮਾਂ ਜਾਂ ਤੁਹਾਡਾ ਪਿਤਾ ਪੈਂਟੀਕੋਸਟਲ ਜਾਂ ਬੈਪਟਿਸਟ ਸਨ, ਤੱਦ ਤੁਸੀਂ ਪੋਤੇ ਹੋ। ਉਹ ਪੁੱਤਰ ਸਨ। ਤੁਸੀਂ ਪੋਤੇ ਹੋ, ਸਮਝੇ। ਇਸ ਲਈ ਪਰਮੇਸ਼ੁਰ ਕੋਲ ਅਜਿਹਾ ਕੁਝ ਵੀ ਨਹੀਂ ਹੈ। ਕਲੀਸਿਯਾ ਕੋਲ ਅਜਿਹਾ ਬਹੁਤ ਕੁਝ ਹੈ, ਪਰ ਨਹੀਂ—ਪਰ ਨਹੀਂ—ਨਹੀਂ—ਨਹੀਂ...ਪਰਮੇਸ਼ੁਰ ਕੋਲ ਨਹੀਂ ਹੈ।

30 ਹੁਣ, ਇਹਨਾਂ ਤੇ ਧਿਆਨ ਦਿਓ, ਜੱਦ ਇਹ ਹੇਠਾਂ ਆਉਂਦੇ ਹਨ, ਜੱਦ ਇਹ ਇੱਕ ਘੱਟ ਗਿਣਤੀ ਦੀ ਕਲੀਸਿਯਾ ਬਣ ਜਾਂਦੀ ਹੈ। ਪੈਂਟੀਕੋਸਟਲ ਯੁਗ ਆ ਜਾਂਦਾ ਹੈ। ਇਹ ਯਕੀਨਨ ਬਹੁਤ ਸਾਰੀਆਂ ਉਚੀਆਂ ਥਾਵਾਂ ਨੂੰ ਪੱਧਰਾ ਕਰ ਦਿੰਦਾ ਹੈ। ਫਿਰ ਇਸ ਨੇ ਕੀ ਕੀਤਾ? ਇਸ ਨੇ ਮੈਥੋਡਿਸਟ ਅਤੇ ਲੂਥਰਨ ਸਭ ਪਿੱਛੇ ਛੱਡ ਦਿੱਤੇ।

31 ਹੁਣ ਪਵਿੱਤਰ ਆਤਮਾ ਪੰਤੇਕੁਸਤ ਯੁੱਗ ਤੋਂ ਦੂਰ ਚਲਾ ਗਿਆ ਹੈ। ਉਨ੍ਹਾਂ ਨੇ ਕੀ ਕੀਤਾ? ਉਨ੍ਹਾਂ ਨੇ ਸੰਗਠਨ ਬਣਾਇਆ, ਆਪਣੇ ਆਪ ਨੂੰ ਬਣਾਇਆ, "ਅਸੀਂ ਅਸੈਂਬਲੀ ਆਫ਼ ਗੋਡ ਹਾਂ।" "ਅਸੀਂ ਏਕਤਾਵਾਦੀ ਹਾਂ।" "ਅਸੀਂ ਦੋ-ਵਾਦੀ ਹਾਂ।" "ਅਸੀਂ ਚਰਚ ਆਫ਼ ਗੋਡ ਹਾਂ।" "ਅਸੀਂ *ਇਹ*, ਜਾਂ *ਉਹ* ਹਾਂ। ਤੁਸੀਂ ਨਹੀਂ ਹੋ, ਤੁਸੀਂ ਸਵਰਗ ਵਿਚ ਨਹੀਂ ਜਾ ਸਕਦੇ ਜਦੋਂ ਤਕ ਤੁਸੀਂ ਸਾਡੀ

ਕਿਤਾਬ ਵਿਚ ਆਪਣਾ ਨਾਂ ਨਹੀਂ ਲਿਖਾਉਂਦੇ।" ਔਹ, ਕੈਸੀ ਬਕਵਾਸ ਹੈ! ਮੈਨੂੰ ਪਰਵਾਹ ਨਹੀਂ ਕਿ ਭਾਵੇਂ ਤੁਸੀਂ ਬੈਪਟਿਸਟ, ਮੈਥੋਡਿਸਟ, ਪ੍ਰੇਸਬੀਟੇਰਿਅਨ ਹੋ, ਤੁਸੀਂ ਆਪਣਾ ਨਾਮ ਜੀਵਨ ਦੀ ਕਿਤਾਬ ਵਿਚ ਰੱਖਦੇ ਹੋ ਜਦੋਂ ਪਰਮੇਸ਼ੁਰ ਇਸ ਨੂੰ ਉਥੇ ਰੱਖਦਾ ਹੈ। ਜੇ ਤੁਸੀਂ ਸਦੀਪਕ ਜੀਵਨ ਲਈ ਪਹਿਲਾਂ ਤੋਂ ਠਹਿਰਾਏ ਗਏ ਸੀ, ਪਰਮੇਸ਼ੁਰ ਤੁਹਾਨੂੰ ਕਿਸੇ ਤਰੀਕੇ ਨਾਲ, ਕਿਸੇ ਤਰ੍ਹਾਂ, ਕਿਸੇ—ਕਿਸੇ ਤਰੀਕੇ ਨਾਲ ਜਾਂ ਕਿਸੇ ਹੋਰ ਤਰੀਕੇ ਨਾਲ ਬੁਲਾਵੇਗਾ। ਉਹ ਯਕੀਨਨ ਬੁਲਾਵੇਗਾ। "ਉਹ ਸਭ ਜੋ ਪਿਤਾ ਨੇ ਮੈਨੂੰ ਦਿੱਤੇ ਹਨ ਮੇਰੇ ਕੋਲ ਆਉਣਗੇ।" ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਕਿਸ ਕਲੀਸਿਯਾ ਨਾਲ ਸਬੰਧਤ ਹੋ, ਇਸਦਾ ਇਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਪਰ ਨਾਮਧਾਰੀ ਕਲੀਸਿਯਾ ਤੁਹਾਡੇ ਲਈ ਇੱਕ ਕੰਮ ਵੀ ਨਹੀਂ ਕਰੇਗੀ, ਪਰ ਤੁਹਾਨੂੰ ਪਰਮੇਸ਼ੁਰ ਨਾਲ ਚੱਲਣ ਤੋਂ ਰੋਕ ਸਕਦੀ ਹੈ, ਪਰ ਇਹ—ਇਹ ਕਦੇ ਵੀ ਹੋਰ ਕੁਝ ਨਹੀਂ ਕਰੇਗੀ। ਤੁਹਾਨੂੰ ਵਿਸ਼ਵਾਸੀਆਂ ਅਤੇ ਅਵਿਸ਼ਵਾਸੀਆਂ ਦੇ ਸਮੂਹ ਨਾਲ ਇੱਕਠਾ ਕਰੇਗੀ। ਬੇਸ਼ਕ, ਜਿਥੇ ਵੀ ਤੁਸੀਂ ਜਾਵੋਗੇ, ਤੁਸੀਂ ਉਸ ਨੂੰ ਹਰੇਕ ਜਗ੍ਹਾ ਵੇਖੋਗੇ, ਅਤੇ ਇਹ ਤਾਂ ਉਨ੍ਹਾਂ ਕੋਲ ਸਵਰਗ ਵਿਚ ਵੀ ਸੀ। ਇਸ ਲਈ, ਇਹ ਸਭ ਠੀਕ ਹੈ, ਪਰ ਤੁਸੀਂ ਆਪਣੀ ਨਾਮਧਾਰੀ ਕਲੀਸਿਯਾ ਨੂੰ ਵੇਖ ਰਹੇ ਹੋ। ਯਿਸੂ ਨੂੰ ਵੇਖੋ, ਉਹੀ ਹੈ ਜਿਸ ਨੂੰ ਵੇਖਣਾ ਹੈ।

32 ਹੁਣ ਜਦੋਂ ਅਸੀਂ ਹੇਠਾਂ ਆ ਰਹੇ ਹਾਂ...ਉਹਨਾਂ ਕੋਲ ਸੀ...ਕਿੰਨੇ...ਮੇਰਾ ਮੰਨਣਾ ਹੈ ਕਿ ਇਸ ਔਰਤ ਨੇ ਇਥੇ ਆਪਣਾ ਹੱਥ ਖੜ੍ਹਾ ਕੀਤਾ ਸੀ, ਕਿ ਉਸਨੇ ਪਿਰਾਮਿਡ ਦਾ ਅਧਿਐਨ ਕੀਤਾ ਹੈ। ਤੁਸੀਂ ਜਾਣਦੇ ਹੋ, ਪਿਰਾਮਿਡ ਕਦੇ ਢਕਿਆ ਨਹੀਂ ਗਿਆ ਸੀ। ਕੀ ਇਹ ਢਕਿਆ ਗਿਆ ਸੀ? ਇਸ ਤੇ ਕਦੇ ਵੀ ਸਿਰੇ ਦਾ ਪੱਥਰ ਨਹੀਂ ਰੱਖਿਆ ਗਿਆ ਸੀ। ਉਹ ਕਦੇ ਵੀ, ਇਸ ਨੂੰ ਲੱਭ ਵੀ ਨਹੀਂ ਪਾਏ। ਉਹ ਨਹੀਂ ਜਾਣਦੇ ਕਿ ਇਸ ਨਾਲ ਕੀ ਵਾਪਰਿਆ। ਕਿਉਂ? ਇਸ ਉੱਤੇ ਸਿਰੇ ਦਾ ਪੱਥਰ ਕਿਉਂ ਨਹੀਂ ਲਗਾਇਆ ਗਿਆ, ਸਿਰੇ ਦਾ ਪੱਥਰ, ਇਸ ਦੇ ਸਿਖਰ ਤੇ? ਕਿਉਂਕਿ ਜਦੋਂ ਉਹ ਆਇਆ ਤਾਂ ਉਸਨੂੰ ਰੱਦ ਦਿੱਤਾ ਗਿਆ ਸੀ। ਉਹ ਰੱਦਿਆ ਹੋਇਆ ਪੱਥਰ ਸੀ। ਇਹ ਸਹੀ ਹੈ। ਪਰ ਇਸ ਨੂੰ ਢਕਿਆ ਜਾਵੇਗਾ। ਇਹ ਸਹੀ ਹੈ। ਅਤੇ ਫਿਰ ਉਹ ਪੱਥਰ ਜੋ ਉਸ ਸਿਰੇ ਦੇ ਪੱਥਰ ਦੇ ਦੁਆਲੇ ਢੁਕਦੇ ਹਨ, ਅਜਿਹੇ ਪੱਥਰ ਹੋਣੇ ਚਾਹੀਦੇ ਹਨ ਜੋ ਪੂਰੀ ਤਰ੍ਹਾਂ ਉਸ ਪੱਥਰ ਵਰਗੇ ਹੋਣ, ਜੋ ਇਸ ਨੂੰ ਪੂਰਾ ਕਰੇਗਾ, ਸੰਯੁਕਤ ਅਤੇ ਹਰ—ਹਰ ਜਗ੍ਹਾ। ਪਿਰਾਮਿਡ ਇੰਨਾ ਸਿੱਧ ਹੈ ਤੁਸੀਂ ਉਨ੍ਹਾਂ ਵਿਚਕਾਰ ਰੇਜ਼ਰ ਬਲੇਡ ਨਹੀਂ ਚਲਾ ਸਕਦੇ, ਜਿਥੇ ਉਹ ਪੱਥਰ ਇਕੱਠੇ ਹੁੰਦੇ ਹਨ। ਅਜਿਹੀ ਖ਼ੂਬਸੂਰਤ ਕਾਰੀਗਰੀ। ਉਨ੍ਹਾਂ ਵਿਚੋਂ ਕੁਝ ਹਵਾ ਵਿਚ ਹਨ ਅਤੇ ਸੈਂਕੜੇ ਟਨ ਵਜ਼ਨ ਹੋਵੇਗਾ, ਅਤੇ ਬਿਲਕੁਲ ਸਹੀ ਤਰੀਕੇ ਨਾਲ ਇੱਕਠੇ ਜੁੜੇ ਹੋਏ ਹਨ।

33 ਇਸੇ ਤਰ੍ਹਾਂ ਪਰਮੇਸ਼ੁਰ ਆਪਣੀ ਕਲੀਸਿਯਾ ਨੂੰ ਲਿਆ ਰਿਹਾ ਹੈ। ਅਸੀਂ ਪੂਰੀ ਤਰ੍ਹਾਂ ਇਕੱਠੇ ਜੋੜੇ ਗਏ ਹਾਂ, ਇਕ ਦਿਲ ਅਤੇ ਇਕ ਮਨ। ਹੁਣ ਕੋਈ ਕਹਿੰਦਾ ਹੈ, "ਠੀਕ ਹੈ, ਲੂਥਰਨਜ਼ ਕੋਲ ਕੁਝ ਵੀ ਨਹੀਂ ਸੀ।" ਤੁਸੀਂ ਇਸ ਤੇ ਵਿਸ਼ਵਾਸ ਨਾ ਕਰੋ। ਲੂਥਰਨ ਮੁੜ ਜੀ ਉੱਠਣ ਅਰਥਾਤ ਪੁਨਰ ਉਥਾਨ ਵਿੱਚ ਉਵੇਂ ਹੀ ਸਾਹਮਣੇ ਆਉਣਗੇ ਜਿਵੇਂ ਬਾਕੀ ਦੇ ਪੁਨਰ ਉਥਾਨ ਵਿੱਚ ਆਉਣਗੇ। ਬੈਪਟਿਸਟ, ਪ੍ਰੇਸਬੀਟੇਰੀਅਨ, ਅਤੇ ਪਰਮੇਸ਼ੁਰ ਦੇ ਸਾਰੇ ਬੱਚੇ, ਉਸ ਪੁਨਰ-ਉਥਾਨ ਵਿੱਚ ਆਉਣਗੇ। ਅਤੇ ਇਹੀ ਕਾਰਨ ਹੈ ਕਿ ਅੱਜ ਲੋਕ ਕਹਿੰਦੇ ਹਨ, "ਔਹ, ਚੰਗਾ, ਇੱਥੇ ਇੱਕ ਬੇਦਾਰੀ ਹੋਵੇਗੀ ਜੋ ਇੱਥੇ ਬਾਹਰ ਆਵੇਗੀ ਅਤੇ ਇੱਕ ਅਰਬ ਪੇਂਟੇਕੋਸਟਲਾਂ ਨੂੰ ਬਚਾ ਲਵੇਗੀ। ਉਹ ਸਾਰੇ ਬਚ ਜਾਣਗੇ ਅਤੇ ਉਠਾਏ ਜਾਣਾ ਹੋਵੇਗਾ।" ਤੁਸੀਂ ਗਲਤ ਹੋ। ਉਹ ਉਠਾਏ ਜਾਣਾ ਸੈਂਕੜੇ ਹਜਾਰਾਂ ਦਾ ਹੋਵੇਗਾ, ਇਹ ਸਹੀ ਹੈ, ਪਰ ਉਹ ਵੀ ਮੁਕਤੀ ਦੇ ਛੇ ਹਜਾਰ ਸਾਲਾਂ ਵਿਚੋਂ ਲਏ ਜਾਣਗੇ, ਛੇ ਹਜਾਰ ਸਾਲਾਂ ਵਿੱਚੋਂ ਮਨੁੱਖ ਰੋਸ਼ਨੀ ਵਿੱਚ ਚਲਦਾ ਹੈ ਜਿਵੇਂ ਰੌਸ਼ਨੀ ਉਸਦੇ ਕੋਲ ਆਉਂਦੀ ਹੈ, ਜਦੋਂ ਉਹ ਉਨ੍ਹਾਂ ਕੋਲ ਆਉਂਦਾ ਹੈ ਤਾਂ ਉਹ ਪੁਲਾਂ ਨੂੰ ਪਾਰ ਕਰਦਾ ਹੈ। ਹੁਣ, ਜੇ ਉਹ ਇਸ ਤੋਂ ਇਨਕਾਰ ਕਰਦਾ ਹੈ, ਤਾਂ ਉਹ ਹਨੇਰੇ ਵਿਚ ਰਹਿ ਜਾਵੇਗਾ। ਪਰ ਜੇ ਉਹ ਚਲਦਾ ਰਿਹਾ!

34 ਹੁਣ, ਧਿਆਨ ਦਿਓ, ਫਿਰ ਪ੍ਰਭੂ ਯਿਸੂ ਦਾ ਆਉਣਾ ਬਹੁਤ ਨੇੜੇ ਹੈ ਜਦ ਤੱਕ ਆਤਮਾ ਇੱਥੇ ਹੇਠਾਂ ਨਹੀਂ ਆਉਂਦੀ…ਕੇਵਲ ਧਰਮੀ ਠਹਿਰਾਏ ਜਾਣ ਨਾਲ, ਪਵਿੱਤਰਤਾ ਨਾਲ, ਪਵਿੱਤਰ ਆਤਮਾ ਦੇ ਬਪਤਿਸਮੇ ਨਾਲ, ਅਤੇ ਹੁਣ ਬਿਲਕੁਲ ਸਿਰੇ ਦੇ ਪੱਥਰ ਦੇ ਆਉਣ ਦੇ ਸਮੇਂ ਵਿੱਚ। ਅਤੇ ਕਲੀਸਿਯਾ ਨੂੰ ਬਿਲਕੁਲ ਮਸੀਹ ਵਾਂਗ ਸਿੱਧ ਹੋਣਾ ਹੈ ਤਾਂ ਜੋ ਮਸੀਹ ਅਤੇ ਕਲੀਸਿਯਾ ਇੱਕ ਹੋ ਸਕਣ, ਇੱਕੋ ਆਤਮਾ। ਅਤੇ ਜੇ ਮਸੀਹ ਦਾ ਆਤਮਾ ਤੁਹਾਡੇ ਵਿੱਚ ਹੈ, ਤਾਂ ਇਹ ਤੁਹਾਨੂੰ ਮਸੀਹ ਦੀ ਜ਼ਿੰਦਗੀ ਦਿੰਦਾ ਹੈ, ਮਸੀਹ ਦੀ ਜ਼ਿੰਦਗੀ ਜੀਓ, ਮਸੀਹ ਦੇ ਕੰਮ ਕਰੋ। "ਉਹ ਜੋ ਮੇਰੇ ਵਿੱਚ ਨਿਹਚਾ ਰਖਦਾ ਹੈ ਜੋ ਕੰਮ ਮੈਂ ਕਰਦਾ ਹਾਂ ਸੋ ਉਹ ਵੀ ਕਰੇਗਾ।" ਯਿਸੂ ਨੇ ਕਿਹਾ। ਸਮਝੇ? ਹੁਣ ਸਾਡੇ ਕੋਲ ਹੋਵੇਗੀ, ਸਾਡੇ ਕੋਲ ਇੱਕ ਸੇਵਕਾਈ ਹੋਵੇਗੀ ਜੋ ਬਿਲਕੁਲ ਮਸੀਹ ਦੇ ਜੀਵਨ ਜਿਹੀ ਹੋਵੇਗੀ। ਉਹ ਸੇਵਕਾਈ ਕਿਸ ਦੀ ਪਛਾਣ ਕਰਦੀ ਹੈ? ਪ੍ਰਭੂ ਦੇ ਆਉਣ ਦੀ।

35 ਇਸ ਨੂੰ ਅੱਜ ਦੁਨੀਆ ਵਿਚ ਦੇਖੋ, ਅਤੇ ਵੇਖੋ ਕਿ ਕ੍ਰਿਸ਼ਚੇਵ ਕੀ ਕਹਿ ਰਿਹਾ ਹੈ, ਇਹ ਸਭ ਹੋਰ ਮਹਾਨ ਗੱਲਾਂ, ਅਤੇ ਬਹੁਤ ਸਾਰੇ ਵਿਸ਼ਵ-ਵਿਆਪੀ ਤਕਰਾਰ ਬਿਲਕੁਲ ਨੇੜੇ ਹਨ, ਕਿਸੇ ਵੀ ਸਮੇਂ, ਕਿਸੇ ਵੀ ਸਕਿੰਟ ਚਕਨਾਚੂਰ ਹੋ ਸਕਦੇ ਹਨ। ਇਹ ਸਹੀ ਹੈ। ਜੇ ਅਜਿਹਾ ਹੈ, ਤਾਂ ਅਸੀਂ ਜਾਣਦੇ ਹਾਂ ਕਿ ਇਹ ਨੇੜੇ ਹੈ। ਕੋਈ ਵੀ ਸਮਝਦਾਰ ਵਿਅਕਤੀ ਅਖਬਾਰ ਵਿਚ ਪੜ੍ਹ ਸਕਦਾ

ਹੈ ਜਾਂ ਰੇਡੀਓ ਸੁਣ ਸਕਦਾ ਹੈ, ਅਤੇ ਜਾਣ ਸਕਦਾ ਹੈ ਕਿ ਇਹ ਨੇੜੇ ਹੈ। ਖੈਰ, ਯਾਦ ਰੱਖੋ, ਕਿ ਅਜਿਹਾ ਹੋਣ ਤੋਂ ਪਹਿਲਾਂ ਮਸੀਹ ਆਪਣੀ ਕਲੀਸਿਯਾ ਲਈ ਆਉਂਦਾ ਹੈ। ਤਾਂ ਫਿਰ ਪ੍ਰਭੂ ਯਿਸੂ ਦਾ ਆਉਣਾ ਕਿੰਨਾ ਨੇੜੇ ਹੈ? ਸ਼ਾਇਦ ਅੱਜ ਰਾਤ ਇਹ ਮੀਟਿੰਗ ਖ਼ਤਮ ਹੋਣ ਤੋਂ ਪਹਿਲਾਂ। ਅਸੀਂ ਅੰਤ ਦੇ ਸਮੇਂ ਤੇ ਹਾਂ। ਯਕੀਨਨ ਸੱਚ ਹੈ।

36 ਕਲੀਸਿਯਾ ਨੂੰ ਦੇਖੋ ਜਿਵੇਂ ਇਹ ਆਉਂਦੀ ਹੈ, ਜਿਵੇਂ ਇਹ ਚਲਦੀ ਹੈ। ਤੁਸੀਂ ਇਸ ਨੂੰ ਆਪਣੇ ਦਿਮਾਗ ਵਿੱਚ ਬਿਠਾ ਲਓ, ਇਤਿਹਾਸਕਾਰ ਜੋ ਇਤਿਹਾਸ ਦਾ ਅਧਿਐਨ ਕਰਦੇ ਹਨ। ਧਰਮੀਕਰਨ ਦੇ ਹੇਠ ਲੂਥਰਨ ਕਲੀਸਿਯਾ ਨੂੰ ਦੇਖੋ, ਕੈਥੋਲਿਕ ਧਰਮ ਤੋਂ ਬਿਲਕੁਲ ਤਾਜ਼ੇ ਆਉਂਦੇ ਹੋਏ, ਇਸਦੀ ਚਾਲ ਨੂੰ ਵੇਖੋ। ਫਿਰ ਵੈਸਲੀ ਨੂੰ ਥੋੜਾ ਜਿਹਾ ਹੋਰ ਨੇੜੇ ਆਉਂਦਾ ਵੇਖੋ, ਪਵਿੱਤਰਤਾ ਵਿੱਚ, ਵਚਨ ਵਿੱਚ ਬੁਣਾਈ ਕਰਦੇ ਹੋਏ। ਬਿਲਕੁਲ ਇਸ ਦੇ ਅੰਦਰ, ਵੈਸਲੀ ਨੂੰ ਵੇਖੋ। ਫਿਰ ਅਗਲੀ ਚੀਜ ਜੋ ਅੰਦਰ ਆਉਂਦੀ ਹੈ ਉਹ ਪੈਂਟੀਕੋਸਟਲ ਜੁੱਗ ਸੀ। ਅਤੇ ਪੈਂਟੀਕੋਸਟਲ ਜੁੱਗ ਦਾਨਾਂ ਦੀ ਬਹਾਲੀ, ਆਤਮਿਕ ਦਾਨਾਂ ਦੀ ਬਹਾਲੀ ਨਾਲ। ਹੁਣ, ਇਸ ਜੁੱਗ ਵੱਲ੍ਹ ਵੇਖੋ ਜੋ ਹੁਣ ਚੋਟੀ ਦੇ ਪੱਥਰ ਤਕ ਆ ਰਿਹਾ ਹੈ। ਸਮਝੇ ਮੇਰਾ ਮਤਲਬ ਕੀ ਹੈ? ਪ੍ਰਭੂ ਦੀ ਆਮਦ, ਦੱਸ ਦਿਤੀ ਗਈ ਹੈ। ਪਰਮੇਸ਼ੁਰ ਅਤੇ ਸਾਰੀਆਂ ਰਚਨਾਵਾਂ ਕਲੀਸਿਯਾ ਨੂੰ ਉਸ ਦੇ ਅਹੁਦੇ ਨੂੰ ਲੱਭਣ ਲਈ ਉਡੀਕ ਕਰ ਰਹੀਆਂ ਹਨ।

37 ਅੱਜ ਜੋ ਪਰੇਸ਼ਾਨੀ ਹੈ, ਮੈਂ...ਲਗਭਗ ਹਰੇਕ ਦੇ ਨੇੜੇ ਜਿਸ ਨੂੰ ਮੈਂ ਮਿਲਿਆ ਹਾਂ। ਮੈਂ ਸ਼ੁਰੁਆਤ ਕਰ ਦਿਤੀ ਸੀ, ਅਸੀਂ ਲੈ ਰਹੇ ਸੀ...ਮੇਰੀ ਸਰੀਰਕ ਜਾਂਚ ਕਰਨੀ ਪਏਗੀ, ਤੁਹਾਨੂੰ ਪਤਾ ਹੈ, ਜੇ ਅਸੀਂ ਵਿਦੇਸ਼ ਜਾ ਰਹੇ ਹਾਂ, ਤੁਸੀਂ ਮਿਸ਼ਨਰੀਆਂ ਅਤੇ ਹੋਰ ਅਜਿਹੇ ਲੋਕਾਂ ਨੂੰ ਪਤਾ ਹੈ। ਜਦੋਂ ਮੇਰੀ ਜਾਂਚ ਹੋ ਰਹੀ ਸੀ ਤਾਂ ਉਹ ਮੈਨੂੰ ਉਥੇ ਕਮਰੇ ਤੋਂ ਬਾਹਰ ਲੈ ਆਏ, ਮੈਂ ਉਹ ਪੁਰਾਣੀ ਪੀ ਰਿਹਾ ਸੀ...ਮੈਨੂੰ ਆਟੇ ਜਿਹੇ ਲਗੇ, ਜਾਂ ਖਾਣਾ ਸੀ, ਜਾਂ ਕੁਝ ਹੋਰ, ਅਤੇ ਮੈਂ—ਮੈਂ ਇਸ ਨੂੰ ਪੀ ਰਿਹਾ ਸੀ। ਅਤੇ ਉਥੇ ਬਾਹਰ ਆਇਆ, ਬੈਠ ਗਿਆ, ਅੱਧੇ ਘੰਟੇ ਲਈ ਇੰਤਜ਼ਾਰ ਕੀਤਾ ਅਤੇ ਵੇਖਿਆ ਕਿ ਇਹ ਮੇਰੇ ਪੇਟ ਵਿਚੋਂ ਬਾਹਰ ਨਿਕਲਿਆ ਸੀ ਜਾਂ ਨਹੀਂ। ਮੈਂ ਉਥੇ ਦੇਖਿਆ, ਅਤੇ ਉਥੇ ਇੱਕ ਛੋਟੀ ਜਿਹੀ ਔਰਤ ਸੀ, ਅਜਿਹਾ ਲੱਗ ਰਿਹਾ ਸੀ ਕਿ ਉਹ ਹੁਣੇ ਮਰਨ ਵਾਲੀ ਸੀ। ਉਹ ਬਹੁਤ...ਛੋਟੀਆਂ ਲੱਤਾਂ ਅਤੇ ਛੋਟੀਆਂ ਬਾਂਹਾਂ। ਅਤੇ ਮੈਂ ਇਸ ਆਦਮੀ ਤੋਂ ਉਸ ਆਦਮੀ ਵੱਲ, ਇਸ ਆਦਮੀ ਤੋਂ ਉਸ ਆਦਮੀ ਵੱਲ, ਉਸ ਦੇ ਨੇੜੇ ਜਾ ਰਿਹਾ ਸੀ, ਜਦ ਤੱਕ ਮੈਂ ਉਥੇ ਨਹੀਂ ਪਹੁੰਚਿਆ ਜਿਥੇ ਉਹ ਸੀ। ਉਹ ਇੱਕ ਮਾੜੀ ਜਿਹੀ ਚੀਜ ਲੱਗ ਰਹੀ ਸੀ ਜੋ ਮਰਨ ਵਾਲੀ ਸੀ। ਅਤੇ ਮੈਂ ਉਸ ਦੇ ਨੇੜੇ ਗਿਆ,

ਮੈਂ ਕਿਹਾ, "ਮੈਨੂੰ ਮਾਫ ਕਰਨਾ, ਮੈਡਮ।"

ਉਸਨੇ ਕਿਹਾ, "ਤੁਸੀਂ ਕਿਵੇਂ ਹੋ?" ਔਹ, ਉਹ ਬਹੁਤ ਬਿਮਾਰ ਸੀ!

ਅਤੇ ਮੈਂ ਕਿਹਾ, "ਕੀ ਪਰੇਸ਼ਾਨੀ ਹੈ?"

38 ਉਸਨੇ ਕਿਹਾ, "ਮੈਂ ਆਪਣੀ ਲੜਕੀ ਨੂੰ ਮਿਲਣ ਟਊਸਾਨ ਗਈ ਸੀ। ਮੈਂ ਬਿਮਾਰ ਹੋ ਗਈ, ਉਹਨਾਂ ਨੂੰ ਪਤਾ ਨਹੀਂ ਲਗ ਸਕਿਆ ਕਿ ਕੀ ਪਰੇਸ਼ਾਨੀ ਹੈ।"

39 ਮੈਂ ਕਿਹਾ, "ਇਕ ਚੀਜ਼ ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ।" ਮੈਂ ਕਿਹਾ, "ਮੈਂ ਖੁਸ਼ਖਬਰੀ ਦਾ ਪ੍ਰਚਾਰਕ ਹਾਂ। ਕੀ ਤੁਸੀਂ ਇਕ ਮਸੀਹੀ ਹੋ? ਜੇ ਉਹ ਵਕਤ ਆਵੇਗਾ ਤਾਂ ਕੀ ਤੁਸੀਂ ਜਾਣ ਲਈ ਤਿਆਰ ਹੋ?"

ਅਤੇ ਉਸ ਨੇ ਕਿਹਾ, "ਮੈਂ ਇਕ ਫਲਾਣੇ-ਫਲਾਣੇ ਚਰਚ ਨਾਲ ਸਬੰਧਤ ਹਾਂ।"

40 ਮੈਂ ਕਿਹਾ, "ਇਹ ਉਹ ਸਵਾਲ ਨਹੀਂ ਸੀ ਜੋ ਮੈਂ ਤੁਹਾਨੂੰ ਪੁੱਛਿਆ ਸੀ। ਕੀ ਤੁਸੀਂ ਪਰਮੇਸ਼ੁਰ ਦੀ ਆਤਮਾ ਨਾਲ ਭਰੇ ਹੋਏ ਇਕ ਮਸੀਹੀ ਹੋ ਅਤੇ ਜਦੋਂ ਉਹ ਤੁਹਾਨੂੰ ਬੁਲਾਉਂਦਾ ਹੈ ਤਾਂ ਕੀ ਤੁਸੀਂ ਜਾਣ ਲਈ ਤਿਆਰ ਹੋ?" ਉਸ ਔਰਤ ਨੂੰ ਇਹ ਵੀ ਨਹੀਂ ਪਤਾ ਸੀ ਕਿ ਮੈਂ ਕਿਸ ਬਾਰੇ ਗੱਲ ਕਰ ਰਿਹਾ ਸੀ। ਵੇਖਿਆ? ਔਹ, ਦੁਨੀਆਂ ਕਿੰਨੀ ਤਰਸਯੋਗ ਹਾਲਤ ਵਿੱਚ ਹੈ!

41 ਹੁਣ, "ਕਿਉਂ ਜੋ ਉਹ ਨੇ ਆਪਣੀ ਇੱਛਿਆ ਦੇ ਭੇਤ ਨੂੰ ਸਾਡੇ ਉੱਤੇ ਪਰਗਟ ਕੀਤਾ," ਆਮਦ…ਮੈਨੂੰ ਤੁਹਾਡੇ ਲਈ ਕੁਝ ਪੜ੍ਹਨ ਦਿਓ। ਮੈਂ ਪੜ੍ਹ ਰਿਹਾ ਸੀ… ਚਲੋ ਹੁਣ "ਉਸਦੀ ਇੱਛਾ ਦੇ ਭੇਤ" ਵੱਲ ਮੁੜਦੇ ਹਾਂ। ਆਓ ਸਿਰਫ ਇੱਕ ਮਿੰਟ ਲਈ ਇਬਰਾਨੀਆਂ ਵੱਲ ਮੁੜੀਏ, ਇਬਰਾਨੀਆਂ ਦਾ 7ਵਾਂ ਅਧਿਆਇ, ਮੇਰਾ ਵਿਸ਼ਵਾਸ ਹੈ ਕਿ ਇਹ ਹੈ। ਅਤੇ ਮੈਂ ਤੁਹਾਡੇ ਲਈ ਕੁਝ ਅਜਿਹਾ ਪੜ੍ਹਨਾ ਚਾਹੁੰਦਾ ਹਾਂ ਜੋ ਤੁਹਾਨੂੰ ਬਹੁਤ ਚੰਗਾ ਮਹਿਸੂਸ ਕਰਾਵੇਗਾ ਜਦੋਂ ਅਸੀਂ ਸੋਚਦੇ ਹਾਂ ਕਿ ਅਸੀਂ ਸਵਰਗੀ ਥਾਵਾਂ ਤੇ ਇਕੱਠੇ ਬੈਠੇ ਹਾਂ। ਇਬਰਾਨੀਆਂ, 7ਵਾਂ ਅਧਿਆਇ।

> *ਅਤੇ ਇਹ ਮਲਕਿਸਿਦਕ,* (ਹੁਣ ਵੇਖੋ।) *ਸਾਲੇਮ ਦਾ ਰਾਜਾ, ਅਤੇ ਅੱਤ ਮਹਾਨ ਪਰਮੇਸ਼ੁਰ ਦਾ ਜਾਜਕ,…*

42 ਹੁਣ ਕੀ ਭੇਤ ਹੈ? ਇਹ ਭੇਤ ਹੈ, ਇਹ ਵੇਖੋ। ਇਹ ਆਦਮੀ ਕੌਣ ਹੈ, "ਇੱਛਿਆ ਦੇ ਭੇਤ ਨੂੰ, ਪਰਗਟ ਕਰ ਰਿਹਾ ਹੈ, ਬਣਾ ਰਿਹਾ ਹੈ," ਇਹ ਮਲਕਿਸਿਦਕ? ਮੈਂ ਇਥੇ ਸਭ ਦੀ ਉਡੀਕ ਕਰ ਰਿਹਾ ਹਾਂ, ਬਾਈਬਲਾਂ ਦੇ ਪੰਨੇ ਅਜੇ ਵੀ ਪਰਤੇ ਜਾ ਰਹੇ ਹਨ। ਇਬਰਾਨੀਆਂ, 7ਵਾਂ ਅਧਿਆਇ, ਪੌਲੁਸ ਬੋਲ ਰਿਹਾ ਹੈ, ਉਹੀ ਗਲਾਤੀਆਂ ਵਾਲਾ ਆਦਮੀ।

*ਅਤੇ ਇਹ ਮਲਕਿਸਿਦਕ, ਸਾਲੇਮ ਦਾ ਰਾਜਾ, ਅਤੇ ਅੱਤ ਮਹਾਨ ਪਰਮੇਸ਼ੁਰ ਦਾ ਜਾਜਕ,... ਜਿਹੜਾ ਅਬਰਾਹਾਮ ਨੂੰ ਜਿਸ ਵੇਲੇ ਉਹ ਰਾਜਿਆਂ ਨੂੰ ਵੱਢ ਕੇ ਮੁੜਿਆ ਆਉਂਦਾ ਸੀ ਆ ਮਿਲਿਆ, ਅਤੇ ਉਹ ਨੂੰ ਅਸੀਸ ਦਿੱਤੀ;*

*ਜਿਹ ਨੂੰ ਅਬਰਾਹਾਮ ਨੇ ਸਭਨਾਂ ਵਸਤਾਂ ਦਾ ਇੱਕ ਹਿੱਸਾ, ਦਸਵੰਧ ਵੀ ਦਿੱਤਾ; ਉਹ ਪਹਿਲਾਂ ਆਪਣੇ ਨਾਉਂ ਦੇ ਅਰਥ ਅਨੁਸਾਰ, ਅਰਥ ਅਨੁਸਾਰ ਧਰਮ ਦਾ ਰਾਜਾ ਹੈ,...ਅਤੇ ਫੇਰ...ਸਾਲੇਮ ਦਾ ਰਾਜਾ ਵੀ ਅਰਥਾਤ ਸ਼ਾਂਤੀ ਦਾ ਰਾਜਾ,* (ਇਹ ਆਦਮੀ ਕੌਣ ਹੈ?) *ਜਿਹੜਾ, ਸ਼ਾਂਤੀ ਦਾ ਰਾਜਾ ਹੈ;*

*ਜਿਹ ਦਾ ਨਾ ਪਿਤਾ, ਨਾ ਮਾਤਾ, ਨਾ ਕੁਲਪੱਤ੍ਰੀ ਹੈ, ਜਿਹ ਦੇ ਨਾ ਦਿਨਾਂ ਦਾ ਆਦ, ਨਾ ਜੀਵਨ ਦਾ ਅੰਤ ਹੈ;...*

43 ਇਹ ਆਦਮੀ ਕੌਣ ਸੀ? ਉਹ ਕੌਣ ਸੀ? ਉਸਦਾ ਕਦੇ ਕੋਈ ਪਿਤਾ ਨਹੀਂ ਸੀ, ਉਸਦੀ ਕਦੇ ਮਾਂ ਨਹੀਂ ਸੀ, ਉਸਦੀ ਕੋਈ ਸ਼ੁਰੁਆਤ ਨਹੀਂ ਸੀ, ਜਾਂ ਕਦੇ ਵੀ ਅਜਿਹਾ ਸਮਾਂ ਨਹੀਂ ਆਇਆ ਜਦੋਂ ਉਹ ਮਰਿਆ। ਅਬਰਾਹਾਮ ਨੂੰ ਮਿਲਿਆ ਜਿਸ ਵੇਲੇ ਉਹ ਰਾਜਿਆਂ ਨੂੰ ਵੱਢ ਕੇ ਮੁੜਿਆ ਆਉਂਦਾ ਸੀ। ਉਹ ਕੀ ਕਰ ਰਿਹਾ ਸੀ? ਉਹ ਲੂਤ ਨੂੰ ਲੈਣ ਲਈ ਗਿਆ ਸੀ, ਉਸਦਾ ਗੁਆਚਿਆ ਹੋਇਆ ਭਰਾ, ਉਸ ਨੂੰ ਵਾਪਸ ਲਿਆਉਣ ਲਈ। ਅਤੇ ਉਸਨੇ ਰਾਜਿਆਂ ਨੂੰ ਕਤਲ ਕੀਤਾ; ਜਿਹੜੇ, ਰਾਜੇ ਕਤਲ ਕੀਤੇ ਗਏ ਸਨ; ਮੈਨੂੰ ਯਕੀਨ ਹੈ ਕਿ ਦੱਸ ਜਾਂ ਪੰਦਰਾਂ ਰਾਜੇ, ਅਤੇ ਉਹਨਾਂ ਦੇ ਰਾਜ। ਪਰ ਅਬਰਾਹਾਮ ਨੇ ਆਪਣੇ ਨੋਕਰਾਂ ਨੂੰ ਹਥਿਆਰਬੰਦ ਕੀਤਾ ਅਤੇ ਉਸਦੇ ਮਗਰ ਹੋ ਤੁਰਿਆ, ਰਾਤ ਨੂੰ ਆਪਣੇ ਆਪ ਨੂੰ ਅਲੱਗ ਕਰ ਲਿਆ, ਵੇਖੋ, ਜਦੋਂ ਉਸਨੇ ਉਸਨੂੰ ਰਾਤ ਵੇਲੇ ਫੜਿਆ। ਔਹ, ਭਾਈ, ਅਸੀਂ ਹੁਣ ਹਨੇਰੇ ਵਿੱਚ ਕੰਮ ਕਰ ਰਹੇ ਹਾਂ, ਸਾਡੇ ਕੋਲ ਸਿਰਫ ਇੱਕੋ ਉਜਾਲਾ ਹੈ ਅਤੇ ਉਹ ਖੁਸ਼ਖਬਰੀ ਦਾ ਉਜਾਲਾ ਹੈ। ਪਰ ਉਸਨੇ ਆਪਣੇ ਆਪ ਨੂੰ ਅਲੱਗ ਕਰ ਲਿਆ, ਅਤੇ ਉਸਨੂੰ ਫੜ ਲਿਆ ਅਤੇ ਉਸਨੂੰ ਵਾਪਸ ਲੈ ਆਇਆ। ਅਤੇ ਜਦੋਂ ਉਹ ਵਾਪਸ ਮੁੜ੍ਹ ਰਿਹਾ ਸੀ, ਲੜਾਈ ਖ਼ਤਮ ਹੋਣ ਤੋਂ ਬਾਅਦ!

44 ਆਓ ਉਤਪਤ 14 ਤੇ ਜਾਂਦੇ ਹਾਂ, ਸਿਰਫ ਇੱਕ ਮਿੰਟ, ਕਹਾਣੀ ਨੂੰ ਹੋਰ ਸਪਸ਼ਟ ਕਰਦੇ ਹਾਂ। ਆਓ ਅਸੀਂ ਇਥੇ ਉਤਪਤ ਵਿੱਚ ਜਾਂਦੇ ਹਾਂ, ਚਾਰ-... ਮੇਰਾ ਵਿਸ਼ਵਾਸ ਹੈ ਕਿ ਇਹ 14ਵਾਂ, ਉਤਪਤ 14 ਹੈ। ਹਾਂ, ਆਓ ਉਤਪਤ 14:18 ਨੂੰ ਲਈਏ, ਸ਼ੁਰੂ ਕਰਦੇ ਹਾਂ। ਆਓ ਇਸ ਤੋਂ ਥੋੜਾ ਜਿਹਾ ਪਹਿਲਾਂ ਸ਼ੁਰੂ ਕਰੀਏ। ਆਓ ਸ਼ੁਰੂ ਕਰੀਏ, ਹਾਂ, 18ਵੀਂ ਆਇਤ, ਉਤਪਤ 14:18, "ਅਤੇ

ਮਲਕਿਸਿਦਕ...” ਹੁਣ, ਇਹ ਅਬਰਾਹਾਮ ਰਾਜਿਆਂ ਦਾ ਕਤਲ ਕਰਕੇ ਵਾਪਸ ਆ ਰਿਹਾ ਹੈ। ਵਾਪਸ ਆ ਰਿਹਾ ਸੀ, ਆਪਣੀ ਵਾਪਸੀ ਦੇ ਰਾਹ ਤੇ ਸੀ, ਲੂਤ ਨੂੰ ਵਾਪਸ ਲਿਆ ਰਿਹਾ ਸੀ, ਸਾਰੇ ਲੋਕਾਂ ਨੂੰ ਜਿਹਨਾਂ ਨੂੰ ਉਹ ਲੈ ਗਏ ਸਨ। ਸਾਰੇ!

45 ਦਾਊਦ ਵਾਂਗ, ਜੋ ਗਿਆ ਅਤੇ ਲੈ ਲਿਆ...ਦਾਊਦ ਨੇ ਕੀ ਕੀਤਾ ਸੀ? ਛੋਟਾ ਜਿਹਾ ਗੋਪੀਆ ਲਿਆ, ਬਾਹਰ ਗਿਆ ਅਤੇ ਸ਼ੇਰ ਦੇ ਮੂੰਹੋਂ ਇਸ ਛੋਟੇ ਲੇਲੇ ਨੂੰ ਖੋਹ ਲਿਆ। ਸੋਚੋ ਇੱਕ ਗੋਪੀਆ ਲੈ ਕੇ, ਇੱਕ ਲੇਲੇ ਪਿਛੇ ਜਾਣਾ। ਦੁਨੀਆਂ ਵਿਚ ਅਜਿਹਾ ਕੌਣ ਕਰੇਗਾ? ਮੈਨੂੰ ਦੱਸੋ ਕਿ ਇਥੇ ਕਿਹੜਾ ਆਦਮੀ ਇਹ ਕਰੇਗਾ, ਆਪਣਾ ਹੱਥ ਉਠਾਓ। ਮੈਂ ਤੁਹਾਨੂੰ ਓਸੇ ਵੇਲੇ ਦੱਸਾਂਗਾ ਕਿ ਤੁਸੀਂ ਗਲਤ ਹੋ। ਤੁਸੀਂ ਮੈਨੂੰ ਮੇਰਾ ਹੱਥ ਉਪਰ ਚੁਕਦੇ ਨਹੀਂ ਵੇਖਿਆ। ਨਹੀਂ, ਮੈਂ ਉਸਦੇ ਪਿਛੇ ਇੱਕ ਛੱਤੀ ਬੋਰ ਦੀ ਬੰਦੂਕ ਲੈ ਕੇ ਵੀ, ਨਹੀਂ ਜਾਵਾਂਗਾ। ਪਰ ਉਹ ਇੱਕ ਗੋਪੀਆ ਲੈ ਕੇ ਉਸ ਦੇ ਪਿਛੇ ਚਲਾ ਗਿਆ, ਚਮੜੇ ਦਾ ਇੱਕ ਛੋਟਾ ਜਿਹਾ ਟੁਕੜਾ, ਜਿਸ ਉੱਤੇ ਦੋ ਤਾਰਾਂ ਸਨ, ਇਸ ਨੂੰ ਲਪੇਟਿਆ ਹੋਇਆ ਸੀ। ਕਿਉਂਕਿ...ਅਤੇ ਜਦੋਂ ਗੋਲਿਅਥ ਦਾ ਆਪਣੀ ਸ਼ੇਖੀ ਮਾਰਨ ਦਾ ਸਮਾਂ ਆਉਂਦਾ ਹੈ, ਉਹ ਗੋਲਿਅਥ ਦੇ ਪਿੱਛੇ ਗਿਆ, ਅਤੇ ਉਸਨੇ ਕਿਹਾ, “ਸਵਰਗ ਦੇ ਪਰਮੇਸ਼ੁਰ ਨੇ ਮੈਨੂੰ ਇੱਕ ਸ਼ੇਰ ਦੇ ਮੂੰਹ ਵਿੱਚੋਂ ਇੱਕ ਲੇਲਾ ਛੁਡਾਉਣ ਦਿੱਤਾ, ਇੱਕ ਰਿੱਛ ਦੇ ਮੂੰਹ ਵਿਚੋਂ।” ਉਹ ਜਾਣਦਾ ਸੀ ਕਿ ਇਹ ਇੱਕ ਗੋਪੀਆ ਨਹੀਂ ਸੀ। ਇਹ ਪਰਮੇਸ਼ੁਰ ਦੀ ਸ਼ਕਤੀ ਸੀ ਜੋ ਉਸਦੇ ਨਾਲ ਗਈ। ਇਹ ਉਹੀ ਸੀ ਜਿਹੜਾ ਲੇਲੇ ਨੂੰ ਵਾਪਸ ਲੈ ਆਇਆ ਸੀ।

46 ਅਤੇ ਇਹ ਉਹੀ ਹੈ ਜੋ ਅੱਜ ਅਸੀਂ ਕਹਿੰਦੇ ਹਾਂ। ਪਰਮੇਸ਼ੁਰ ਨੇ ਦਾਊਦ ਨੂੰ ਰਖਿਆ ਹੈ, ਹਾਂ ਸ਼੍ਰੀ ਮਾਨ, ਜੋ ਪਿਤਾ ਦੀਆਂ ਭੇਡਾਂ ਨੂੰ ਖੁਆ ਰਿਹਾ ਹੈ। ਅਤੇ ਕਦੇ ਕਦੇ ਇੱਕ ਰਸੌਲੀ ਆ ਜਾਵੇਗੀ, ਜਾਂ ਕੈਂਸਰ ਆ ਜਾਵੇਗਾ, ਜਾਂ ਕੋਈ ਚੀਜ਼, ਅਤੇ ਡਾਕਟਰ ਦੇ ਹੱਥੋਂ ਬਾਹਰ ਹੋ ਜਾਵੇਗਾ। ਇਹ ਉਸ ਦਾਊਦ ਨੂੰ ਨਹੀਂ ਰੋਕੇਗਾ, ਉਹ ਉਸ ਸਾਥੀ ਦੇ ਪਿਛੇ ਉਥੇ ਬਾਹਰ ਜਾਵੇਗਾ, ਇੱਕ ਛੋਟੇ ਗੋਪੀਏ ਨਾਲ, “ਮੇਰੇ ਨਾਮ ਵਿੱਚ ਕੁਝ ਵੀ ਮੰਗੋ, ਇਹ ਦੇ ਦਿੱਤਾ ਜਾਵੇਗਾ।” ਮੈਨੂੰ ਕੋਈ ਪ੍ਰਵਾਹ ਨਹੀਂ, ਡਾਕਟਰ ਹੱਸ ਸਕਦੇ ਹਨ, ਅਤੇ ਹਰ ਕੋਈ ਉਸਦਾ ਮਜ਼ਾਕ ਉਡਾ ਸਕਦਾ ਹੈ, ਉਹ ਕਿਸੇ ਵੀ ਤਰਾਂ ਉਸਦਾ ਪਿਛਾ ਕਰੇਗਾ, ਉਸ ਭੇਡ ਨੂੰ ਵਾੜੇ ਵਿੱਚ ਵਾਪਸ ਲਿਆਵੇਗਾ। ਹਾਂ, ਸ਼੍ਰੀ ਮਾਨ। “ਉਹ ਪਰਮੇਸ਼ੁਰ ਦਾ ਬੱਚਾ ਹੈ, ਆਪਣਾ ਹੱਥ ਉਸ ਤੋਂ ਹਟਾ ਲੈ!” ਇਸ ਸ਼ੇਰ ਨੂੰ ਹੇਠਾਂ ਸੁੱਟ ਦਿੱਤਾ, ਫਿਰ ਸ਼ੇਰ ਉੱਠਿਆ, ਉਸਨੇ ਉਸਨੂੰ ਦਾੜ੍ਹੀ ਤੋਂ ਫੜ ਲਿਆ ਅਤੇ ਉਸਨੂੰ ਮਾਰ ਦਿੱਤਾ; ਇੱਕ ਛੋਟਾ ਜਿਹਾ ਲਾਲ ਰੰਗ ਦਾ ਲੜਕਾ, ਸ਼ਾਇਦ ਅੱਸੀ ਜਾਂ ਨੱਬੇ ਪੌਂਡ ਭਾਰ।

47 ਦੇਖੋ। ਮਲਕਿਸਿਦਕ, ਸਾਲੇਮ ਦਾ ਰਾਜਾ ਜੋ ਸ਼ਾਂਤੀ ਦਾ ਰਾਜਾ ਹੈ, ਜਿਹੜਾ

ਸਾਲੇਮ ਅਸਲ ਵਿੱਚ ਪਹਾੜੀ ਦੇ ਪਾਰ ਹੈ। ਇਹ ਯਰੂਸ਼ਲਮ ਦਾ ਰਾਜਾ ਹੈ, ਇਹ ਉਹੀ ਸੀ। ਇਹ ਬਿਲਕੁਲ ਉਹੀ ਸੀ, ਯਰੂਸ਼ਲਮ ਦਾ ਰਾਜਾ। ਜਿਸ, ਯਰੂਸ਼ਲਮ ਨੂੰ ਪਹਿਲਾਂ ਸਾਲੇਮ ਕਿਹਾ ਜਾਂਦਾ ਸੀ, ਜੋ ਸ਼ਾਂਤੀ ਸੀ; ਉਹ ਪਹਿਲਾਂ ਯਰੂਸ਼ਲਮ ਸੀ, ਪਹਿਲਾਂ ਇਸ ਨੂੰ ਯਰੂਸ਼ਲਮ ਕਿਹਾ ਜਾਂਦਾ ਸੀ। ਉਹ ਯਰੂਸ਼ਲਮ ਦਾ ਰਾਜਾ ਸੀ। ਉਹ ਧਰਮ ਦਾ ਰਾਜਾ ਸੀ, ਸ਼ਾਂਤੀ ਦਾ ਰਾਜਾ ਸੀ, ਸਾਲੇਮ ਦਾ ਰਾਜਾ ਸੀ। ਜਿਹ ਦਾ ਨਾ ਪਿਤਾ, ਨਾ ਮਾਤਾ, ਜਿਹ ਦੇ ਨਾ ਦਿਨਾਂ ਦਾ ਆਦ, ਨਾ ਜੀਵਨ ਦਾ ਅੰਤ, ਨਾ ਕੁਲਪੱਤ੍ਰੀ ਸੀ। ਔਹ, ਔਹ, ਔਹ! ਇਹ ਕੌਣ ਹੈ? ਉਸਨੂੰ ਦੇਖੋ। ਲੜਾਈ ਖ਼ਤਮ ਹੋਣ ਤੋਂ ਬਾਅਦ, ਜਿੱਤ ਪ੍ਰਾਪਤ ਹੋਣ ਤੋਂ ਬਾਅਦ, ਵੇਖੋ ਉਸਨੇ ਕੀ ਕਿਹਾ। "ਅਤੇ ਮਲਕਿਸਿਦਕ," 18ਵੀਂ ਆਇਤ, 14ਵਾਂ ਅਧਿਆਇ, ਉਤਪਤ।

*ਅਤੇ ਮਲਕਿਸਿਦਕ ਸ਼ਾਲੇਮ ਦਾ ਰਾਜਾ ਰੋਟੀ ਅਰ ਮਧ ਲੈ ਆਇਆ: ਉਹ ਅੱਤ ਮਹਾਨਪਰਮੇਸ਼ੁਰ ਦਾ ਜਾਜਕ ਸੀ।*

*ਤਾਂ ਉਸ ਨੇ ਏਹ ਆਖਕੇ, ਉਹ ਨੂੰ ਅਸੀਸ ਦਿੱਤੀ, ਕਿ ਅੱਤ ਮਹਾਨ ਪਰਮੇਸ਼ੁਰ ਅਕਾਸ਼ ਅਰ ਧਰਤੀ ਦੇ ਮਾਲਕ ਦਾ, ਅਬਰਾਮ ਮੁਬਾਰਕ ਹੋਵੇ:*

*ਅਤੇ ਮੁਬਾਰਕ ਹੈ ਅੱਤ ਮਹਾਨ ਪਰਮੇਸ਼ੁਰ,* ਜਿਸ *ਨੇ ਤੇਰੇ* ਵੈਰੀਆਂ *ਨੂੰ ਤੇਰੇ ਵੱਸ ਵਿੱਚ ਕਰ ਦਿੱਤਾ ਹੈ। ਤਾਂ ਉਸ ਨੇ ਉਹ ਨੂੰ ਸਭ ਕਾਸੇ ਦਾ ਦਸਵੰਧ ਦਿੱਤਾ।*

48 ਆਓ ਥੋੜਾ ਹੋਰ ਪੜ੍ਹੀਏ।

*ਅਤੇ ਸਦੂਮ ਦੇ ਰਾਜਾ ਨੇ ਅਬਰਾਹਾਮ ਨੂੰ ਆਖਿਆ, ਇਨ੍ਹਾਂ ਜੀਵਾਂ ਨੂੰ ਮੈਨੂੰ ਦੇ, ਪਰ ਮਾਲ ਧਨ ਆਪ ਰੱਖ ਲੈ।*

*ਪ੍ਰੰਤੂ ਅਬਰਾਮ ਨੇ ਸਦੂਮ ਦੇ ਰਾਜਾ ਨੂੰ ਆਖਿਆ, ਮੈਂ ਯਹੋਵਾਹ ਅੱਤ ਮਹਾਨ ਪਰਮੇਸ਼ੁਰ ਦੇ ਅੱਗੇ ਪਰਨ ਕੀਤਾ ਹੈ, ਅਕਾਸ਼ ਅਰ ਧਰਤੀ ਦੇ ਮਾਲਕ,* (ਸੁਣੋ ਕਿ ਉਸਨੇ ਉਸ ਨੂੰ ਕਿਵੇਂ ਸੰਖੇਪ ਵਿੱਚ ਦੱਸਿਆ, ਹੂੰ, ਉਹ ਉਸਨੂੰ ਇਹ ਕਿਵੇਂ ਦਿੰਦਾ ਹੈ!)

*ਕਿ ਮੈਂ ਧਾਗੇ ਤੋਂ ਲੈਕੇ, ਜੁੱਤੀ ਦੇ ਸੱਲੂ ਤੀਕ ਤੇਰੇ ਸਾਰੇ ਮਾਲ ਵਿੱਚੋਂ ਕੁਝ ਨਹੀਂ ਲਵਾਂਗਾ, ਅਜਿਹਾ ਨਾ ਹੋਵੇ ਕਿ...ਤੂੰ* ਆਖੇਂ, ਅਤੇ ਤੇਰੇ ਵਿਚੋਂ, *ਕਿ ਤੂੰ ਆਖੇਂ ਕਿ, ਮੈਂ ਹੀ ਅਬਰਾਮ ਨੂੰ ਧਨੀ ਬਣਾ ਦਿੱਤਾ ਹੈ:*

*ਕੇਵਲ ਉਹ ਨੂੰ ਛੱਡ ਦਿਹ ਜੋ ਗੱਭਰੂਆਂ ਨੇ* ਖਾ *ਲਿਆ ਹੈ,...*

49 ਇਸ ਮਲਕਿਸਿਦਕ ਤੇ ਧਿਆਨ ਦਿਓ ਜਿਸ ਵੇਲੇ ਉਹ ਅਬਰਾਹਾਮ ਨੂੰ ਮਿਲਦਾ ਹੈ ਜਦ ਉਹ ਰਾਜਿਆਂ ਨੂੰ ਵੱਢ ਕੇ ਆ ਰਿਹਾ ਸੀ। ਪਰਮੇਸ਼ੁਰ ਦਾ ਭੇਤ ਹੁਣ ਦੱਸਿਆ ਜਾ ਰਿਹਾ ਹੈ! ਉਹ ਕੌਣ ਸੀ? ਕੋਈ ਨਹੀਂ…ਉਹ ਉਸਦਾ ਕੋਈ ਇਤਿਹਾਸ ਨਹੀਂ ਲੱਭ ਸਕਦੇ, ਕਿਉਂਕਿ ਉਸਦਾ ਕੋਈ ਪਿਤਾ ਨਹੀਂ ਸੀ, ਉਸਦੀ ਕੋਈ ਮਾਂ ਨਹੀਂ ਸੀ, ਉਸ ਨੇ ਕਦੇ ਅਰੰਭ ਨਹੀਂ ਕੀਤਾ, ਉਹ ਕਦੇ ਵੀ ਨਹੀਂ ਮਰਿਆ, ਉਹ ਜੋ ਵੀ ਸੀ ਉਹ ਅਜੇ ਵੀ ਜੀਉਂਦਾ ਹੈ। ਉਸਦੀ ਕਦੇ ਸ਼ੁਰੂਆਤ ਨਹੀਂ ਸੀ, ਇਸ ਲਈ ਉਹ ਏਲ, ਇਲਹ, ਇਲੋਹੀਮ ਤੋਂ ਇਲਾਵਾ ਹੋਰ ਕੋਈ ਨਹੀਂ ਹੋ ਸਕਦਾ ਸੀ; ਆਪਣੀ ਹੋਂਦ ਆਪ ਰੱਖਣ ਵਾਲਾ, ਸਦਾ ਰਹਿਣ ਵਾਲਾ, ਸਰਵ ਸ਼ਕਤੀਮਾਨ ਪਰਮੇਸ਼ੁਰ!

50 ਯਿਸੂ ਦਾ ਇੱਕ ਪਿਤਾ ਸੀ, ਯਿਸੂ ਦੀ ਇੱਕ ਮਾਂ ਸੀ; ਯਿਸੂ ਦੇ ਦਿਨਾਂ ਦੀ ਸ਼ੁਰੂਆਤ ਸੀ, ਯਿਸੂ ਦੀ ਧਰਤੀ ਦੀ ਜ਼ਿੰਦਗੀ ਦਾ ਅੰਤ ਸੀ। ਪਰ ਇਸ ਆਦਮੀ ਦਾ ਨਾ ਤਾਂ ਕੋਈ ਪਿਤਾ ਸੀ ਨਾ ਹੀ ਮਾਤਾ, ਆਮੀਨ, ਨਾ ਹੀ ਕੋਈ ਪਿਤਾ ਅਤੇ ਨਾ ਹੀ ਮਾਂ। ਯਿਸੂ ਦੇ ਪਿਤਾ ਅਤੇ ਮਾਤਾ ਦੋਵੇਂ ਸਨ। ਇਸ ਆਦਮੀ ਦਾ ਨਾ ਤਾਂ ਕੋਈ ਪਿਤਾ ਸੀ ਅਤੇ ਨਾ ਹੀ ਕੋਈ ਮਾਂ। ਆਮੀਨ। ਅਤੇ ਲੜਾਈ ਖਤਮ ਹੋਣ ਤੋਂ ਬਾਅਦ ਉਸ ਨੇ ਕੀ ਕੀਤਾ, ਜੱਦ ਅਬਰਾਹਾਮ ਨੇ ਆਪਣਾ ਅਹੁਦਾ ਲੈ ਲਿਆ?

51 ਜੱਦ ਕਲੀਸਿਯਾ ਆਪਣਾ ਅਹੁਦਾ ਲੈ ਲੈਂਦੀ ਹੈ, ਤਾਂ ਸਾਨੂੰ ਪਵਿੱਤਰ ਆਤਮਾ ਦੁਆਰਾ ਲੇਪਾਲਕ ਪੁੱਤ੍ਰ ਹੋਣ ਲਈ, ਬੁਲਾਇਆ ਜਾਂਦਾ ਹੈ। ਅਤੇ ਜਦ ਹਰੇਕ ਆਦਮੀ ਆਪਣੇ ਅਹੁਦੇ ਨੂੰ ਲੈ ਲੈਂਦਾ ਹੈ, ਜੋ ਕਰਨ ਲਈ ਪਰਮੇਸ਼ੁਰ ਨੇ ਉਸ ਨੂੰ ਬੁਲਾਇਆ ਹੈ, ਅਤੇ ਮਾਰਗ ਦੇ ਅੰਤ ਤੇ ਖੜਾ ਰਹਿੰਦਾ ਹੈ, ਗੁਆਚਿਆਂ ਹੋਇਆਂ ਦੇ ਪਿਛੇ ਜਾਂਦਾ ਹੈ।

52 ਪਹਿਲਾਂ, ਪੌਲੁਸ ਨੇ ਇਸ ਵਿਚੋਂ ਸਾਰਾ ਡਰ ਕਢ ਦਿੱਤਾ, ਇਸ ਲਈ ਹੁਣ, "ਜੇ ਤੁਹਾਨੂੰ ਬੁਲਾਇਆ ਗਿਆ ਹੈ, ਜੇ ਤੁਸੀਂ ਸਿਰਫ ਕਿਸੇ ਕਿਸਮ ਦੇ ਧਰਮ ਸ਼ਾਸਤਰ ਦੁਆਰਾ ਆਪਣੇ ਮਨ ਵਿਚ ਉਤੇਜਿਤ ਨਹੀਂ ਹੋ; ਜੇ ਤੁਸੀਂ ਸਚਮੁੱਚ ਆਤਮਾ ਤੋਂ ਜਨਮੇ ਹੋ, ਤਾਂ ਪਰਮੇਸ਼ੁਰ ਨੇ ਤੁਹਾਨੂੰ ਜਗਤ ਦੀ ਨੀਂਹ ਤੋਂ ਪਹਿਲਾਂ ਠਹਿਰਾਇਆ ਸੀ, ਆਪਣਾ ਨਾਮ ਲੇਲੇ ਦੀ ਜੀਵਨ ਦੀ ਕਿਤਾਬ ਵਿੱਚ ਰੱਖ ਦਿਓ, ਅਤੇ ਹੁਣ ਅਸੀਂ ਯਿਸੂ ਮਸੀਹ ਵਿੱਚ ਸਵਰਗੀ ਥਾਵਾਂ ਵਿੱਚ ਇੱਕਠੇ ਹੁੰਦੇ ਹਾਂ। ਕੁਝ ਪਵਿੱਤਰ ਲੋਕ, ਇੱਕ ਪਵਿੱਤਰ ਦੇਸ਼, ਕੁਝ ਅਨੋਖੇ ਲੋਕ, ਸ਼ਾਹੀ ਜਾਜਕਾਈ, ਪਰਮੇਸ਼ੁਰ ਨੂੰ ਆਤਮਕ ਬਲੀਦਾਨ ਚੜ੍ਹਾਉਂਦੇ ਹੋਏ, ਭਾਵ, ਸਾਡੇ ਬੁੱਲ੍ਹਾਂ ਦੇ ਫਲ ਉਸ ਦੇ ਨਾਮ ਦੀ ਉਸਤਤਿ ਕਰਦੇ ਹਨ।"

53 ਲੋਕ ਆਉਂਦੇ ਹਨ ਅਤੇ ਕਹਿੰਦੇ ਹਨ, “ਉਹ ਲੋਕ ਪਾਗਲ ਹਨ।” ਯਕੀਨਨ ਉਹ ਹਨ; ਪਰਮੇਸ਼ੁਰ ਦਾ ਗਿਆਨ ਮਨੁੱਖ ਲਈ ਮੂਰਖਤਾ ਹੈ, ਅਤੇ ਮਨੁੱਖ ਦਾ ਗਿਆਨ ਪਰਮੇਸ਼ੁਰ ਲਈ ਮੂਰਖਤਾ ਹੈ। ਉਹ ਇਕ ਦੂਜੇ ਦੇ, ਵਿਰੁੱਧ ਹਨ।

54 ਪਰ ਇੱਕ ਅਸਲ ਆਤਮਾ ਨਾਲ ਭਰਪੂਰ ਕਲੀਸਿਯਾ, ਪਰਮੇਸ਼ੁਰ ਦੀ ਸ਼ਕਤੀ ਨਾਲ ਭਰਪੂਰ, ਸਵਰਗੀ ਥਾਵਾਂ ਤੇ ਇਕੱਠੇ ਬੈਠਕੇ, ਆਤਮਕ ਬਲੀਦਾਨ ਚੜ੍ਹਾਉਂਦੇ ਹੋਏ, ਪਰਮੇਸ਼ੁਰ ਦੀ ਉਸਤਤ ਕਰਦੇ ਹੋਏ, ਪਵਿੱਤਰ ਆਤਮਾ ਉਨ੍ਹਾਂ ਦੇ ਵਿਚਕਾਰ ਚਲ ਰਿਹਾ ਹੈ, ਪਾਪ ਨੂੰ ਜਾਂਚ ਲੈਂਦਾ ਹੈ ਅਤੇ ਉਨ੍ਹਾਂ ਚੀਜ਼ਾਂ ਨੂੰ ਬਾਹਰ ਬੁਲਾਉਂਦਾ ਹੈ ਜੋ ਉਨ੍ਹਾਂ ਵਿੱਚੋਂ ਗਲਤ ਹਨ, ਇਸ ਨੂੰ ਸਿੱਧਾ ਅਤੇ ਪੱਧਰਾ ਬਣਾਉਂਦਾ ਹੈ। ਕਿਉਂ? ਹਮੇਸ਼ਾਂ ਪਰਮੇਸ਼ੁਰ ਦੀ ਹਜ਼ੂਰੀ ਵਿਚ ਉਸ ਲਹੂ ਦਾ ਬਲਿਦਾਨ ਹੁੰਦਾ ਹੈ।

55 ਹੁਣ ਯਾਦ ਰੱਖੋ, ਅਸੀਂ ਅੱਜ ਸਵੇਰੇ ਇਸ ਵਿਚੋਂ ਲੰਘੇ ਸੀ। ਤੁਹਾਨੂੰ ਲਹੂ ਦੁਆਰਾ ਨਹੀਂ ਬਚਾਇਆ ਗਿਆ, ਤੁਸੀਂ ਲਹੂ ਦੁਆਰਾ ਸੁਰਖਿਅਤ ਰੱਖੇ ਗਏ ਹੋ। ਪਰ ਤੁਸੀਂ ਵਿਸ਼ਵਾਸ ਦੁਆਰਾ, ਕਿਰਪਾ ਦੁਆਰਾ, ਬਚਾਏ ਗਏ। ਪਰਮੇਸ਼ੁਰ ਨੇ ਤੁਹਾਡੇ ਦਿਲ ਤੇ ਦਸਤਕ ਦਿੱਤੀ ਕਿਉਂਕਿ ਉਸਨੇ ਤੁਹਾਨੂੰ ਪਹਿਲਾਂ ਤੋਂ ਹੀ ਠਹਿਰਾਇਆ ਸੀ। ਤੁਸੀਂ ਇਸ ਵੱਲ ਵੇਖਿਆ ਅਤੇ ਵਿਸ਼ਵਾਸ ਕੀਤਾ, ਇਸ ਨੂੰ ਸਵੀਕਾਰ ਕਰ ਲਿਆ। ਹੁਣ ਲਹੂ ਤੁਹਾਡੇ ਪਾਪਾਂ ਦਾ ਪ੍ਰਾਸਚਿਤ ਕਰਦਾ ਹੈ। ਯਾਦ ਰੱਖੋ, ਮੈਂ ਕਿਹਾ ਸੀ, “ਪਰਮੇਸ਼ੁਰ ਪਾਪੀ ਨੂੰ ਪਾਪ ਕਰਨ ਦੀ ਸਜਾ ਨਹੀਂ ਦਿੰਦਾ।” ਉਹ ਸ਼ੁਰੁਆਤ ਤੋਂ ਹੀ ਪਾਪੀ ਹੈ। ਉਹ ਤਾਂ ਇੱਕ ਮਸੀਹੀ ਨੂੰ ਪਾਪ ਕਰਨ ਤੇ ਸਜਾ ਦਿੰਦਾ ਹੈ। ਅਤੇ ਕਿਉਂਕਿ ਉਸ ਨੇ ਉਸ ਨੂੰ ਸਜਾ ਦਿੱਤੀ, ਮਸੀਹ ਨੇ ਸਾਡੀ ਸਜਾ ਲੈ ਲਈ। ਇਸ ਲਈ ਉਨ੍ਹਾਂ ਲੋਕਾਂ ਲਈ ਕੋਈ ਸਜਾ ਨਹੀਂ ਹੈ ਜਿਹੜੇ ਮਸੀਹ ਯਿਸੂ ਵਿੱਚ ਹਨ, ਜਿਹੜੇ ਆਪਣੇ ਸਰੀਰ ਦੇ ਅਨੁਸਾਰ ਨਹੀਂ, ਸਗੋਂ ਆਤਮਾ ਦੇ ਮਗਰ ਚੱਲਦੇ ਹਨ। ਅਤੇ ਜੇ ਤੁਸੀਂ ਕੁਝ ਗਲਤ ਕਰਦੇ ਹੋ, ਇਹ ਇੱਛਾ ਨਾਲ ਨਹੀਂ ਹੁੰਦਾ। ਤੁਸੀਂ ਜਾਣ ਬੁੱਝ ਕੇ ਪਾਪ ਨਹੀਂ ਕਰਦੇ। ਉਹ ਆਦਮੀ ਜਿਹੜਾ ਜਾਣ ਬੁੱਝ ਕੇ ਪਾਪ ਕਰਦਾ ਹੈ, ਬਾਹਰ ਜਾਂਦਾ ਹੈ ਅਤੇ ਜਾਣ ਬੁੱਝ ਕੇ ਪਾਪ ਕਰਦਾ ਹੈ, ਅਜੇ ਤੱਕ ਉਸ ਸਰੀਰ ਵਿੱਚ ਆਇਆ ਹੀ ਨਹੀਂ। ਪਰ ਇੱਕ ਆਦਮੀ ਜੋ ਇੱਕ ਵਾਰ ਉਸ ਵਿਚ ਚਲਾ ਜਾਂਦਾ ਹੈ, ਉਹ ਮਰ ਗਿਆ ਹੈ, ਅਤੇ ਉਸਦੀ ਜ਼ਿੰਦਗੀ ਮਸੀਹ ਰਾਹੀਂ, ਪਰਮੇਸ਼ੁਰ ਵਿੱਚ ਛੁਪੀ ਹੋਈ ਹੈ, ਪਵਿੱਤਰ ਆਤਮਾ ਦੁਆਰਾ ਮੋਹਰ ਕੀਤੀ ਗਈ ਹੈ, ਅਤੇ ਸ਼ੈਤਾਨ ਉਸਨੂੰ ਲੱਭ ਵੀ ਨਹੀਂ ਸਕਦਾ, ਉਹ ਇਥੋਂ ਤਕ ਅੰਦਰ ਚਲਾ ਗਿਆ ਹੈ। ਇਸ ਤੋਂ ਪਹਿਲਾਂ ਕਿ ਸ਼ਤਾਨ ਉਸ ਨੂੰ ਕਦੇ ਫੜੇ ਇਸ ਦੇ ਲਈ ਉਸਨੂੰ ਉਥੋਂ ਬਾਹਰ ਆਉਣਾ ਪਵੇਗਾ। “ਕਿਉਂਕਿ ਤੁਸੀਂ ਮਰੇ ਹੋਏ ਹੋ!”

56 ਕਿਸੇ ਮਰੇ ਹੋਏ ਆਦਮੀ ਨੂੰ ਦੱਸੋ ਉਹ ਇਕ ਕਪਟੀ ਹੈ ਅਤੇ ਵੇਖੋ ਕੀ ਹੁੰਦਾ ਹੈ। ਉਸਦੀ ਵੱਖੀ ਤੇ ਲੱਤ ਮਾਰੋ ਅਤੇ ਆਖੋ, "ਹੇ ਬੁੜ੍ਹੇ ਕਪਟੀ, ਤੂੰ," ਉਹ ਇੱਕ ਸਬਦ ਵੀ ਨਹੀਂ ਕਹੇਗਾ। ਅਤੇ ਇਹ ਸਹੀ ਹੈ, ਉਹ ਬਸ ਉਥੇ ਪਿਆ ਰਹੇਗਾ।

57 ਅਤੇ ਉਹ ਆਦਮੀ ਜੋ ਮਸੀਹ ਵਿੱਚ ਮਰਿਆ ਹੋਇਆ ਹੈ, ਤੁਸੀਂ ਉਸਨੂੰ ਕਪਟੀ ਕਹਿ ਸਕਦੇ ਹੋ, ਤੁਸੀਂ ਜੋ ਵੀ ਚਾਹੁੰਦੇ ਹੋ ਉਸ ਨੂੰ ਕਹਿ ਸਕਦੇ ਹੋ, ਉਹ ਇਸ ਬਾਰੇ ਕਦੇ ਨਹੀਂ ਜਾਗੇਗਾ। ਜੇ ਕੁਝ ਹੈ, ਤਾਂ ਉਹ ਕਿਧਰੇ ਖਿਸਕ ਜਾਵੇਗਾ ਅਤੇ ਤੁਹਾਡੇ ਲਈ ਪ੍ਰਾਰਥਨਾ ਕਰੇਗਾ। ਇਹ ਠੀਕ ਹੈ। ਪਰ, ਔਹ, ਉਨ੍ਹਾਂ ਵਿਚੋਂ ਕੁਝ ਜੀਉਂਦੇ ਹਨ। ਇਹ ਉਹੋ ਹੈ ਜਿਸ ਬਾਰੇ ਮੈਂ ਸੋਚਦਾ ਹਾਂ, ਸਾਨੂੰ ਮਰੇ ਹੋਏ ਲੋਕਾਂ ਨੂੰ ਦਫਨਾਉਣਾ ਚਾਹੀਦਾ ਹੈ। ਉਹ ਜੋ ਮਸੀਹ ਵਿੱਚ ਮਰ ਚੁੱਕੇ ਹਨ, ਅਸੀਂ ਉਨ੍ਹਾਂ ਨੂੰ ਪਾਣੀ ਵਿੱਚ ਦਫਨਾਉਂਦੇ ਹਾਂ। ਕਈ ਵਾਰ ਅਸੀਂ ਬਹੁਤ ਸਾਰੇ ਲੋਕਾਂ ਨੂੰ ਦਫ਼ਨਾਉਂਦੇ ਹਾਂ ਜਿਹੜੇ ਜੀਉਂਦੇ ਹਨ, ਬਹੁਤ ਜ਼ਿਆਦਾ ਕਪਟ ਅਤੇ ਕਲੇਸ਼, ਅਤੇ ਕਲੀਸਿਯਾ ਵਿਚ ਇਹ ਬਹੁਤ ਜ਼ਿਆਦਾ ਹੈ। ਪਰ ਅਸੀਂ ਇਸ ਨੂੰ ਵੱਖ ਨਹੀਂ ਕਰ ਸਕਦੇ, ਪਰ ਪਰਮੇਸ਼ੁਰ ਕਰਦਾ ਹੈ। ਉਹ ਆਪਣੇ ਲੋਕਾਂ ਨੂੰ ਜਾਣਦਾ ਹੈ। ਉਹ ਆਪਣੀਆਂ ਭੇਡਾਂ ਨੂੰ ਜਾਣਦਾ ਹੈ। ਉਹ ਹਰੇਕ ਆਵਾਜ਼ ਨੂੰ ਜਾਣਦਾ ਹੈ। ਉਹ ਆਪਣੇ ਬੱਚਿਆਂ ਨੂੰ ਜਾਣਦਾ ਹੈ। ਉਹ ਜਾਣਦਾ ਹੈ ਕਿ ਉਹ ਕਿਸਨੂੰ ਪੁਕਾਰ ਸਕਦਾ ਹੈ, ਉਹ ਜਾਣਦਾ ਹੈ ਕਿ ਉਸ ਨੇ ਕਿਸ ਨੂੰ ਠਹਿਰਾਇਆ ਹੈ। ਉਹ ਜਾਣਦਾ ਹੈ ਕਿ ਉਸਨੇ ਇਹ ਸਭ ਕਿਸ ਨੂੰ ਦਿੱਤਾ ਹੈ, ਉਹ ਕਿਸ ਦੁਆਰਾ ਆਪਣੇ ਆਪ ਨੂੰ ਪ੍ਰਗਟ ਕਰ ਰਿਹਾ ਹੈ। ਉਹ ਕਿਵੇਂ... ਪਰਮੇਸ਼ੁਰ ਆਪਣੇ ਬੱਚਿਆਂ ਤੇ ਭਰੋਸਾ ਰੱਖ ਸਕਦਾ ਹੈ, ਕੀ ਕਰਨਾ ਹੈ, ਇਹ ਜਾਣਦਿਆਂ ਕਿ ਉਹ ਬਿਲਕੁਲ ਉਹੀ ਕਰਨਗੇ।

58 ਕੀ ਤੁਹਾਨੂੰ ਵਿਸ਼ਵਾਸ ਹੈ ਕਿ ਪਰਮੇਸ਼ੁਰ ਅਜਿਹਾ ਕਰਦਾ ਹੈ? ਕਿਉਂ, ਸ਼ੈਤਾਨ ਨੇ ਇੱਕ ਦਿਨ ਅੱਯੂਬ ਨੂੰ—ਨੂੰ ਕਿਹਾ...ਇੱਕ ਦਿਨ ਪਰਮੇਸ਼ੁਰ ਨੂੰ ਕਿਹਾ, "ਹਾਂ, ਤੇਰੇ ਕੋਲ ਇਕ ਸੇਵਕ ਹੈ।"

59 ਪਰਮੇਸ਼ੁਰ ਨੇ ਕਿਹਾ, "ਧਰਤੀ ਉੱਤੇ ਉਸ ਵਰਗਾ ਕੋਈ ਨਹੀਂ ਹੈ। ਉਹ ਇਕ ਸਿੱਧ ਪੁਰਖ ਹੈ।" ਉਸ ਤੇ ਭਰੋਸਾ ਸੀ।

60 ਸ਼ੈਤਾਨ ਨੇ ਕਿਹਾ, "ਔਹ, ਹਾਂ, ਉਸ ਦਾ ਸਭ ਕੁਝ ਠੀਕ ਜੋ ਚਲ ਰਿਹਾ ਹੈ। ਉਸ ਨੂੰ ਥੋੜ੍ਹੇ ਚਿਰ ਲਈ ਮੇਰੇ ਹਵਾਲੇ ਕਰ ਅਤੇ ਉਸ ਕੋਲੋਂ ਤੇਰੇ ਮੂੰਹ ਤੇ ਫਿਟਕਾਰ ਪੁਆਵਾਂਗਾ।"

61 ਉਸਨੇ ਕਿਹਾ, "ਉਹ ਤੇਰੇ ਹੱਥਾਂ ਵਿੱਚ ਹੈ, ਪਰ ਤੂੰ ਉਸ ਦੀ ਜਾਨ ਨਾ ਲਵੀਂ।" ਵੇਖਿਆ? ਉਸ ਨੇ ਸਭ ਕੁਝ ਕੀਤਾ ਪਰ ਉਸ ਦੀ ਜਾਨ ਨਹੀਂ ਲਈ।

62 ਪਰ, ਔਹ, ਅਯੂਬ, ਬਜਾਏ…ਉਸ ਨੇ ਕੀ ਕੀਤਾ? ਕੀ ਉਸ ਨੇ ਪਰਮੇਸ਼ੁਰ ਨੂੰ ਫਿਟਕਾਰਿਆ ਜਦੋਂ ਉਸ ਨੇ ਉਸਦੇ ਬੱਚਿਆਂ ਨੂੰ ਲੈ ਲਿਆ, ਜਦੋਂ ਉਸ ਨੇ ਉਸ ਨਾਲ ਇਹ ਸਾਰੀ ਬੁਰਾਈ ਕੀਤੀ, ਅਤੇ ਸਭ ਕੁਝ? ਅਯੂਬ ਨੇ ਸਵਾਲ ਨਹੀਂ ਕੀਤਾ। ਉਹ ਆਪਣੇ ਮੂੰਹ ਭਾਰ ਡਿੱਗ ਪਿਆ ਅਤੇ ਉਪਾਸਨਾ ਕੀਤੀ। ਹਾਲੇਲੂਯਾਹ! ਕਿਹਾ, "ਯਹੋਵਾਹ ਨੇ ਦਿੱਤਾ ਅਤੇ ਯਹੋਵਾਹ ਨੇ ਲੈ ਲਿਆ, ਯਹੋਵਾਹ ਦਾ ਨਾਮ ਮੁਬਾਰਕ ਹੋਵੇ!" ਇਥੇ ਹੋ ਤੁਸੀਂ।

63 ਪਰਮੇਸ਼ੁਰ ਨੂੰ ਅੱਯੂਬ ਉੱਤੇ ਭਰੋਸਾ ਸੀ। ਪਰਮੇਸ਼ੁਰ ਜਾਣਦਾ ਹੈ ਕਿ ਉਹ ਤੁਹਾਡੇ ਤੇ ਕਿੰਨਾ ਭਰੋਸਾ ਕਰ ਸਕਦਾ ਹੈ। ਉਹ ਜਾਣਦਾ ਹੈ ਕਿ ਉਹ ਮੇਰੇ ਉੱਤੇ ਕਿੰਨਾ ਭਰੋਸਾ ਕਰ ਸਕਦਾ ਹੈ। ਪਰ ਅਸੀਂ ਹੁਣ ਜਿਸ ਦੀ ਗਲ ਕਰ ਰਹੇ ਹਾਂ ਉਹ ਹੈ ਇਸ ਬਾਲਕ ਨੂੰ ਅਹੁਦੇ ਤੇ ਰੱਖਣਾ।

64 ਹੁਣ, ਜਦੋਂ ਬਾਈਬਲ…ਜਦੋਂ ਜੰਗ ਖਤਮ ਹੋ ਜਾਂਦੀ ਹੈ, ਜਦੋਂ ਸਭ ਕੁਝ ਖਤਮ ਹੋ ਜਾਂਦਾ ਹੈ, ਫਿਰ ਅਗਲਾ ਕੰਮ ਅਸੀਂ ਕੀ ਕਰਦੇ ਹਾਂ? ਜੰਗ ਖਤਮ ਹੋਣ ਤੋਂ ਬਾਅਦ ਅਸੀਂ ਕੀ ਕਰਦੇ ਹਾਂ? ਕੀ ਤੁਹਾਨੂੰ ਪਤਾ ਹੈ ਕਿ ਅਸੀਂ ਕੀ ਕਰਦੇ ਹਾਂ? ਅਸੀਂ ਮਲਕੀਸਿਦਕ ਨੂੰ ਮਿਲਦੇ ਹਾਂ। ਚਲੋ ਤੁਰੰਤ ਮੱਤੀ 16:16 ਵਲ ਚਲਦੇ ਹਾਂ, ਵੇਖੋ ਕਿ ਇਹ ਸਹੀ ਹੈ ਜਾਂ ਨਹੀਂ। ਸੰਤ ਮਤੀ, 16ਵਾਂ ਅਧਿਆਇ ਅਤੇ 16ਵੀਂ ਆਇਤ। ਮੈਨੂੰ ਪੂਰਾ ਯਕੀਨ ਹੈ ਕਿ ਇਹ ਸਹੀ ਹੈ, ਮੱਤੀ 16:16। ਮੱਤੀ ਸੋਲਾਂ-…ਨਹੀਂ, ਇਹ ਗਲਤ ਹੈ, ਇਸ ਦੇ ਨੇੜੇ ਤੇੜੇ ਹੈ। 26:26। ਔਹ, 16 ਇਥੇ, ਉਹ ਸ਼ਮਊਨ ਪਤਰਸ ਨਾਲ ਗੱਲ ਕਰ ਰਿਹਾ ਹੈ; ਮਾਫ਼ ਕਰਨਾ, ਮੇਰਾ ਇਹ ਕਹਿਣ ਦਾ ਮਤਲਬ ਨਹੀਂ ਸੀ। 26:26, ਕਿਉਂਕਿ ਜਿਥੇ ਰਾਤ ਦਾ ਆਖਰੀ ਭੋਜ ਹੈ, ਮੈਂ ਉਹੀ ਲਭਣ ਦੀ ਕੋਸ਼ਿਸ ਕਰ ਰਿਹਾ ਹਾਂ। ਮੱਤੀ, 26ਵਾਂ ਅਧਿਆਇ ਅਤੇ 26 ਆਇਤ। ਹੁਣ ਇਹ ਸਾਨੂੰ ਮਿਲ ਗਈ ਹੈ, ਅਸੀਂ ਇਥੇ ਹਾਂ, ਰਾਤ ਦੇ ਆਖਰੀ ਭੋਜ ਤੇ।

> *ਜਦ ਉਹ ਖਾ ਰਹੇ ਸਨ, ਤਦ ਯਿਸੂ ਨੇ ਰੋਟੀ ਲਈ, ਅਤੇ ਬਰਕਤ ਦਿੱਤੀ, ਅਤੇ ਤੋੜੀ, ਅਰ ਆਪਣੇ ਚੇਲਿਆਂ ਨੂੰ ਦੇ ਕੇ, ਆਖਿਆ, ਲਓ, ਖਾਓ; ਇਹ ਮੇਰਾ ਸਰੀਰ ਹੈ।*
>
> *ਫੇਰ ਉਹ ਨੇ ਪਿਆਲਾ ਲੈ ਕੇ, ਸ਼ੁਕਰ ਕੀਤਾ, ਅਤੇ ਉਨ੍ਹਾਂ ਨੂੰ ਦੇ ਕੇ, ਆਖਿਆ, ਤੁਸੀਂ ਸਾਰੇ ਇਸ ਵਿੱਚੋਂ ਪੀਓ;*
>
> *ਕਿਉਂ ਜੋ ਨੇਮ ਦਾ ਇਹ ਮੇਰਾ ਉਹ ਲਹੂ ਹੈ, ਜਿਹੜਾ ਬਹੁਤਿਆਂ ਦੀ ਖ਼ਾਤਰ ਪਾਪਾਂ ਦੀ ਮਾਫ਼ੀ ਦੇ ਲਈ ਵਹਾਇਆ ਜਾਂਦਾ ਹੈ* (ਐਸ-ਆਈ-ਐਨ-ਐਸ, ਪਾਪ, ਮਸੀਹੀ ਲੋਕ ਜਿਹੜੇ ਗਲਤ ਕੰਮ ਕਰਦੇ ਹਨ।)

65 ਠੀਕ ਹੈ, "ਪਰ—ਪਰ..." ਸੁਣੋ, 29 ਆਇਤ।

> *...ਅਤੇ ਮੈਂ ਤੁਹਾਨੂੰ ਆਖਦਾ ਹਾਂ, ਜੋ ਏਦੋਂ ਅੱਗੋਂ ਮੈਂ ਇਸ ਅੰਗੂਰ ਦੇ ਰਸ ਨੂੰ ਕਦੇ ਨਾ ਪੀਵਾਂਗਾ, ਜਿਸ ਦਿਨ ਤੀਕਰ ਤੁਹਾਡੇ ਨਾਲ ਆਪਣੇ ਪਿਤਾ ਦੇ ਰਾਜ ਵਿੱਚ ਉਹ ਨਵਾਂ ਨਾ ਪੀਵਾਂ।*

66 ਕੀ? ਅਬਰਾਹਾਮ ਨੂੰ ਅਹੁਦਾ ਮਿਲਣ ਤੋਂ ਬਾਅਦ ਮਲਕਿਸਿਦਕ ਨੇ ਉਹੀ ਕੁਝ ਕੀਤਾ। ਉਸਨੇ ਆਪਣੇ ਆਦਮੀਆਂ ਨੂੰ ਵਿਵਸਥਾ ਵਿਚ ਲਿਆਂਦਾ, ਅਤੇ ਲੜਾਈ ਵਿੱਚ ਜਿੱਤ ਪ੍ਰਾਪਤ ਕੀਤੀ, ਅਤੇ ਆਪਣੇ ਘਰ ਆ ਗਿਆ ਅਤੇ ਮਲਕਿਸਿਦਕ ਰੋਟੀ ਅਤੇ ਦਾਖਰਸ ਲੈਕੇ ਬਾਹਰ ਆਇਆ। ਲੜਾਈ ਖ਼ਤਮ ਹੋਣ ਤੋਂ ਬਾਅਦ, ਫਿਰ ਅਸੀਂ ਨਵੇਂ ਸੰਸਾਰ ਵਿੱਚ ਪ੍ਰਭੂ ਯਿਸੂ ਦੇ ਨਾਲ ਵਿਆਹ ਦਾ ਭੋਜਨ ਖਾਵਾਂਗੇ। ਔਹ, ਪ੍ਰਭੂ ਦਾ ਨਾਮ ਮੁਬਾਰਕ ਹੋਵੇ। ਠੀਕ ਹੈ।

67 "ਆਪਣੀ ਇੱਛਾ ਦੇ ਭੇਤ, ਉਸਦੀ ਮਰਜੀ ਦੇ ਨੇਕ ਇਰਾਦੇ ਅਨੁਸਾਰ," ਹੁਣ ਫੇਰ ਤੋਂ ਅਫ਼ਸੀਆਂ, 9 ਵਿੱਚ, "ਜਿਹੜਾ ਉਹ ਨੇ ਉਸ ਵਿੱਚ ਧਾਰਿਆ ਸੀ।"

> *ਭਈ ਸਮਿਆਂ ਦੀ ਪੂਰਨਤਾਈ ਦੇ ਸਮੇਂ...*

68 ਅਤੇ ਇਸਨੂੰ ਯਾਦ ਰੱਖੋ, ਅਸੀਂ ਬੱਸ ਇਸ ਦੇ ਉਪਰੋਂ ਲੰਘ ਗਏ ਸੀ। ਅਫ਼ਸੀਆਂ, ਪਹਿਲਾ ਅਧਿਆਇ, 10 ਵੀਂ ਆਇਤ।

> *ਭਈ ਸਮਿਆਂ ਦੀ ਪੂਰਨਤਾਈ ਦੇ ਸਮੇਂ...*

69 ਹੁਣ, ਅਸੀਂ ਸਿੱਖਿਆ ਹੈ ਕਿ ਸਮੇਂ ਦੀ ਪੂਰਤੀ ਕਿਸ ਦੀ ਉਡੀਕ ਕਰ ਰਹੀ ਹੈ? ਸਾਰੇ ਸਮੇਂ ਦੀ ਸਮਾਪਤੀ, ਉਹ ਸਮਾਂ, ਜਦੋਂ ਪਾਪ ਖ਼ਤਮ ਹੋ ਜਾਵੇਗਾ, ਉਹ ਸਮਾਂ ਜਦੋਂ ਮੌਤ ਖਤਮ ਹੋਵੇਗੀ, ਉਹ ਸਮਾਂ ਜਦੋਂ ਬਿਮਾਰੀ ਖ਼ਤਮ ਹੋਵੇਗੀ, ਉਹ ਸਮਾਂ ਜਦੋਂ ਪਾਪ ਖ਼ਤਮ ਹੋ ਜਾਵੇਗਾ, ਉਹ ਸਮਾਂ ਜਦੋਂ ਸਾਰੇ ਵਿਗਾੜ (ਉਹ ਭ੍ਰਿਸ਼ਟ ਚੀਜ਼ਾਂ, ਜਿਹੜੀਆਂ ਸ਼ੈਤਾਨ ਨੇ ਵਿਗਾੜੀਆਂ ਹਨ) ਖਤਮ ਹੋ ਜਾਣਗੀਆਂ, ਜਦ ਸਮਾਂ ਖਤਮ ਹੋ ਜਾਵੇਗਾ। ਵੇਖੋ।

> *ਭਈ ਸਮਿਆਂ ਦੀ ਪੂਰਨਤਾਈ ਦੀ ਜੁਗਤ ਹੋਵੇ ਤਾਂ ਜੋ ਉਹ ਸਭਨਾਂ ਨੂੰ ਜੋ ਸੁਰਗ ਵਿੱਚ ਅਤੇ ਜੋ ਧਰਤੀ ਉੱਤੇ ਹਨ...ਮਸੀਹ ਵਿੱਚ ਇੱਕਠਾ ਕਰੇ, ਸਭਨਾਂ ਨੂੰ ਜੋ ਸੁਰਗ ਵਿੱਚ ਅਤੇ ਜੋ ਧਰਤੀ ਉੱਤੇ; ਅਤੇ ਜਿਹੜੇ ਉਸਦੇ ਵਿਚ ਹਨ:*

70 "ਸਭਨਾਂ ਨੂੰ ਮਸੀਹ ਵਿੱਚ ਇੱਕਠਾ ਕਰੇ।" ਜਿਵੇਂ ਮੈਂ ਅੱਜ ਸਵੇਰੇ ਕਿਹਾ, ਉਹ ਨਿੱਕੇ ਨਿੱਕੇ ਅਨਮੋਲ ਰਤਨ ਜੋ ਸਾਨੂੰ ਮਿਲ ਰਹੇ ਹਨ, ਇਹਨਾਂ ਨਿੱਕੀਆਂ ਨਿੱਕੀਆਂ ਚੀਜਾਂ ਨੂੰ, ਤੁਸੀਂ ਇਨ੍ਹਾਂ ਨੂੰ ਉਤਪਤ ਵਿਚ ਪਾਲਿਸ਼ ਕਰ ਸਕਦੇ ਹੋ,

ਤੁਸੀਂ ਉਨ੍ਹਾਂ ਨੂੰ ਕੂਚ ਵਿਚ ਪਾਲਿਸ਼ ਕਰ ਸਕਦੇ ਹੋ, ਲੇਵੀਆਂ ਵਿਚ ਪਾਲਿਸ਼ ਕਰ ਸਕਦੇ ਹੋ, ਅਤੇ ਉਨ੍ਹਾਂ ਰਾਹੀਂ ਲਿਆਓ, ਅਤੇ ਪਰਕਾਸ਼ ਦੀ ਪੋਥੀ ਵਿੱਚ ਉਹ ਅੰਤ ਵਿੱਚ ਯਿਸੂ ਹੋ ਜਾਣਗੇ। ਤੁਸੀਂ ਯੂਸੁਫ਼ ਨੂੰ ਲਵੋ, ਤੁਸੀਂ ਅਬਰਾਹਾਮ ਨੂੰ ਲਵੋ, ਤੁਸੀਂ ਇਸਹਾਕ ਨੂੰ ਲਵੋ, ਤੁਸੀਂ ਯਾਕੂਬ ਨੂੰ ਲਵੋ, ਅਤੇ ਦਾਊਦ ਨੂੰ ਲਵੋ, ਤੁਸੀਂ ਉਨ੍ਹਾਂ ਵਿਚੋਂ ਕਿਸੇ ਵੀ ਰਤਨ ਨੂੰ ਲਵੋ, ਉਨ੍ਹਾਂ ਪ੍ਰਮੇਸ਼ਰ ਦੇ ਬੰਦਿਆਂ ਵਿਚੋਂ, ਅਤੇ ਵੇਖੋ ਕਿ ਜੇ ਤੁਸੀਂ ਯਿਸੂ ਮਸੀਹ ਨੂੰ ਉਨ੍ਹਾਂ ਵਿੱਚੋਂ ਹਰ ਇੱਕ ਵਿੱਚ ਪ੍ਰਦਰਸ਼ਿਤ ਹੁੰਦਾ ਨਹੀਂ ਵੇਖਦੇ। "ਜੋ ਉਹ ਸਭਨਾਂ ਨੂੰ ਜੋ ਸੁਰਗ ਵਿੱਚ ਅਤੇ ਜੋ ਧਰਤੀ ਉੱਤੇ ਹਨ ਮਸੀਹ ਵਿੱਚ ਇੱਕਠਾ ਕਰੇ।"

71 ਹੁਣ, ਥੋੜਾ ਜਿਹਾ ਅੱਗੇ, 11ਵੀਂ ਆਇਤ।

*ਜਿਸ ਵਿਚ ਸਾਨੂੰ ਇੱਕ ਵਿਰਾਸਤ ਵੀ ਮਿਲੀ,...*

72 ਔਹ, "ਇੱਕ ਵਿਰਾਸਤ।" ਕਿਸੇ ਨੇ ਤਾਂ ਤੁਹਾਡੇ ਲਈ ਕੋਈ, ਵਿਰਾਸਤ ਛੱਡਣੀ ਹੀ ਸੀ। ਕੀ ਇਹ ਸਹੀ ਹੈ? ਇੱਕ ਵਿਰਾਸਤ! ਸਾਡੀ ਕੀ ਵਿਰਾਸਤ ਹੈ? ਮੇਰੀ ਕੀ ਵਿਰਾਸਤ ਹੈ? ਮੇਰੇ ਕੋਲ ਕੋਈ ਨਹੀਂ ਸੀ। ਪਰ ਜਦੋਂ ਪਰਮੇਸ਼ੁਰ ਨੇ ਜਗਤ ਦੀ ਨੀਂਹ ਰੱਖਣ ਤੋਂ ਪਹਿਲਾਂ ਮੇਰਾ ਨਾਮ ਲੇਲੇ ਦੀ ਕਿਤਾਬ ਵਿਚ ਰੱਖਿਆ ਤਾਂ ਉਸਨੇ ਮੇਰੇ ਲਈ ਵਿਰਾਸਤ ਛੱਡ ਦਿੱਤੀ।

73 ਔਹ, ਤੁਸੀਂ ਕਹਿੰਦੇ ਹੋ, "ਹੁਣ, ਇਕ ਮਿੰਟ ਇੰਤਜ਼ਾਰ ਕਰੋ, ਭਾਈ, ਯਿਸੂ ਨੇ ਇਹ ਉਦੋਂ ਕੀਤਾ ਸੀ ਜਦੋਂ ਉਹ ਤੁਹਾਡੇ ਲਈ ਮਰਿਆ।" ਨਹੀਂ, ਉਸ ਨੇ ਕਦੇ ਨਹੀਂ ਕੀਤਾ। ਯਿਸੂ ਮੇਰੇ ਲਈ ਉਹ ਵਿਰਾਸਤ ਖਰੀਦਣ ਆਇਆ। ਅਗਲੀ ਵਾਰ-...ਬਿਲਕੁਲ ਅਗਲੀ ਲਾਈਨ ਪੜ੍ਹੋ।

*ਜਿਸ ਵਿਚ ਸਾਨੂੰ...ਇੱਕ ਵਿਰਾਸਤ ਵੀ ਮਿਲੀ, ਉਹ ਦੀ ਧਾਰਨਾ ਮੂਜਬ ਜਿਹੜਾ ਆਪਣੀ ਇੱਛਿਆ ਦੇ ਮਤੇ ਅਨੁਸਾਰ ਸੱਭੋ ਕੁਝ ਕਰਦਾ ਹੈ ਅੱਗੋ ਹੀ ਠਹਿਰਾਏ ਗਏ:*

74 ਪਰਮੇਸ਼ੁਰ ਨੇ, ਜਗਤ ਦੀ ਨੀਂਹ ਤੋਂ ਪਹਿਲਾਂ, ਜਿਵੇਂ ਕਿ ਅਸੀਂ ਇਸ ਨੂੰ ਸਬਕ ਰਾਹੀਂ ਲਿਆ ਹੈ, ਤੁਸੀਂ ਲੋਕਾਂ ਨੇ, ਅਸੀਂ ਵੇਖਿਆ ਕਿ ਕਿਵੇਂ ਪਰਮੇਸ਼ੁਰ ਆਪਣੀ ਹੋਂਦ ਆਪ ਰੱਖਦਾ ਸੀ, ਕਿ ਉਸ ਵਿੱਚ ਪਿਆਰ ਸੀ। ਉਸ ਵਿੱਚ ਪਰਮੇਸ਼ੁਰ ਹੋਣ ਦਾ ਗੁਣ ਸੀ; ਉਸਦੀ ਉਪਾਸਨਾ ਕਰਨ ਲਈ ਕੁਝ ਵੀ ਨਹੀਂ ਸੀ। ਉਸ ਵਿੱਚ ਪਿਤਾ ਬਣਨ ਦਾ ਗੁਣ ਸੀ; ਉਥੇ ਸੀ...ਉਹ ਆਪਣੇ ਆਪ ਵਿਚ ਸੀ। ਉਸ ਵਿੱਚ ਇੱਕ ਮੁਕਤੀਦਾਤਾ ਹੋਣਾ ਸੀ; ਕੁਝ ਨਹੀਂ ਗਵਾਚਿਆ ਸੀ। ਉਸ ਵਿੱਚ ਇੱਕ ਚੰਗਾ ਕਰਨ ਵਾਲਾ ਹੋਣਾ ਸੀ। ਇਹ ਉਸ ਦੇ ਗੁਣ ਹਨ। ਉਥੇ ਕੁਝ ਵੀ ਨਹੀਂ ਸੀ। ਇਸ ਲਈ ਉਸ ਨੇ ਆਪ ਹੀ, ਉਸਦੀ ਆਪਣੀ ਚੰਗੀ ਸਲਾਹ ਨੇ ਇਹ ਚੀਜ਼ਾਂ ਪੈਦਾ ਕੀਤੀਆਂ, ਤਾਂ ਜੋ ਉਹ ਇਸ ਇੱਕ ਆਦਮੀ, ਮਸੀਹ ਯਿਸੂ

ਰਾਹੀਂ, ਸਭ ਨੂੰ ਫਿਰ ਇਕੱਠਾ ਕਰੇ। ਔਹ! "ਅੱਖੀਂ ਨਾ ਵੇਖੀਆਂ, ਨਾ ਕੰਨੀਂ ਸੁਣੀਆਂ..." ਕੋਈ ਹੈਰਾਨੀ ਨਹੀਂ ਕਿ ਇਹ ਇਕ ਰਹੱਸਮਈ ਚੀਜ਼ ਹੈ!

75 ਦੇਖੋ, "ਉਸ ਨੇ ਸਾਨੂੰ ਇਸ ਵਿਰਾਸਤ ਲਈ ਪਹਿਲਾਂ ਤੋਂ ਠਹਿਰਾਇਆ ਹੈ।" ਜੇ ਮੈਂ ਕਿਸੇ ਚੀਜ਼ ਦਾ ਸਹੀ ਅਧਿਕਾਰੀ ਹਾਂ, ਜੇ ਪਰਮੇਸ਼ੁਰ ਮੇਰੇ ਦਿਲ ਤੇ ਦਸਤਕ ਦੇ ਰਿਹਾ ਹੈ ਅਤੇ ਕਹਿ ਰਿਹਾ ਹੈ, "ਵਿਲੀਅਮ ਬ੍ਰਨਹਾਮ, ਮੈਂ ਤੈਨੂੰ ਖੁਸ਼ਖਬਰੀ ਦਾ ਪ੍ਰਚਾਰ ਕਰਨ ਲਈ ਬਹੁਤ ਸਮਾਂ ਪਹਿਲਾਂ, ਜਗਤ ਦੀ ਨੀਂਹ ਰੱਖਣ ਤੋਂ ਪਹਿਲਾਂ, ਬੁਲਾਇਆ ਸੀ," ਮੇਰੇ ਕੋਲ ਇਕ ਵਿਰਾਸਤ ਹੈ, ਇੱਕ ਅਨੰਤ ਜੀਵਨ ਦੀ ਵਿਰਾਸਤ। ਹੁਣ, ਪਰਮੇਸ਼ੁਰ ਨੇ ਉਸ ਵਿਰਾਸਤ ਨੂੰ ਮੇਰੇ ਲਈ ਅਸਲ ਬਣਾਉਣ ਲਈ ਯਿਸੂ ਨੂੰ ਭੇਜਿਆ, ਕਿਉਂਕਿ ਇਸ ਦਾ ਵਾਰਸ ਹੋਣ ਲਈ—ਲਈ ਮੈਂ ਕੁਝ ਨਹੀਂ ਕਰ ਸਕਦਾ ਸੀ। ਇਹ ਖਾਲੀ ਸੀ, ਇਹ ਜਾਇਜ਼ ਸੀ, ਇੱਥੇ ਕੁਝ ਵੀ ਨਹੀਂ ਸੀ ਜੋ ਮੈਂ ਕਰ ਸਕਦਾ ਸੀ। ਪਰ ਸਮੇਂ ਦੇ ਪੂਰੇ ਹੋਣ ਤੇ, ਪਰਮੇਸ਼ੁਰ ਨੇ ਆਪਣੇ ਚੰਗੇ ਸਮੇਂ ਵਿਚ, ਯਿਸੂ ਜੋ ਲੇਲਾ ਸੀ, ਜਗਤ ਦੀ ਨੀਂਹ ਤੋਂ ਪਹਿਲਾਂ ਘਾਤ ਕੀਤਾ ਗਿਆ ਸੀ। ਉਸਦਾ ਲਹੂ ਵਹਾਇਆ ਗਿਆ ਸੀ ਤਾਂ ਜੋ ਮੈਂ ਆਪਣੀ ਵਿਰਾਸਤ ਵਿੱਚ ਜਾਵਾਂ। ਕੀ ਬਣਨ ਲਈ? ਕਿਹੜੀ ਵਿਰਾਸਤ? ਪੁੱਤਰ, ਪਰਮੇਸ਼ੁਰ ਦਾ ਪੁੱਤਰ ਬਣਨ ਲਈ।

76 ਅਤੇ ਹੁਣ ਇਹ ਗਲ ਤੁਹਾਡਾ ਗਲਾ ਘੋਟ ਕੇ ਤੁਹਾਨੂੰ ਮਾਰ ਸਕਦੀ ਹੈ। ਪਰ ਕੀ ਤੁਸੀਂ ਜਾਣਦੇ ਹੋ ਕਿ ਜੋ ਆਦਮੀ ਪਰਮੇਸ਼ੁਰ ਦੇ ਪੁੱਤਰ ਹਨ ਉਹ ਛੋਟੇ ਪਰਮੇਸ਼ੁਰ ਹਨ? ਕਿੰਨੇ ਲੋਕਾਂ ਨੂੰ ਇਹ ਪਤਾ ਹੈ? ਕਿੰਨੇ ਜਾਣਦੇ ਹਨ ਕਿ ਯਿਸੂ ਨੇ ਅਜਿਹਾ ਕਿਹਾ ਸੀ? ਬਾਈਬਲ, ਯਿਸੂ ਨੇ ਕਿਹਾ, "ਕੀ ਤੁਹਾਡੀ ਵਿਵਸਥਾ ਨੇ ਇਹ ਨਹੀਂ ਕਿਹਾ ਸੀ, ਕਿ, ਤੁਸੀਂ 'ਪਰਮੇਸ਼ੁਰ' ਹੋ? ਅਤੇ ਜੇ ਤੁਸੀਂ ਉਨ੍ਹਾਂ ਨੂੰ ਪਰਮੇਸ਼ੁਰ ਕਹਿੰਦੇ ਹੋ..." ਜਿਨ੍ਹਾਂ ਨੂੰ, ਪਰਮੇਸ਼ੁਰ ਨੇ ਉਤਪਤ 2 ਵਿਚ ਕਿਹਾ ਕਿ ਉਹ ਪਰਮੇਸ਼ੁਰ ਸਨ, ਕਿਉਂਕਿ ਉਹ ਸਨ, ਜਗਤ ਦੇ ਰਾਜ ਉੱਤੇ ਪੂਰਾ ਇਖਤਿਆਰ ਸੀ। ਉਸ ਨੇ ਉਸਨੂੰ ਸਭ ਚੀਜ਼ਾਂ ਉੱਤੇ ਅਧਿਕਾਰ ਦਿੱਤਾ। ਅਤੇ ਉਸਨੇ ਆਪਣੀ ਪਰਮੇਸ਼ੁਰਤਾਈ ਗੁਆ ਦਿੱਤੀ, ਉਸਨੇ ਆਪਣਾ ਪੁੱਤਰ ਹੋਣ ਦਾ ਅਧਿਕਾਰ ਗੁਆ ਲਿਆ, ਉਸਨੇ ਆਪਣਾ ਅਧਿਕਾਰ ਗੁਆ ਦਿੱਤਾ, ਅਤੇ ਸ਼ੈਤਾਨ ਨੇ ਇਸਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ। ਪਰ, ਭਰਾਵੋ, ਅਸੀਂ ਪਰਮੇਸ਼ੁਰ ਦੇ ਪੁੱਤਰਾਂ ਦੇ ਪ੍ਰਗਟ ਹੋਣ ਦੀ ਉਡੀਕ ਕਰ ਰਹੇ ਹਾਂ ਜੋ ਵਾਪਸ ਆਉਣਗੇ ਅਤੇ ਇਸ ਤੇ ਦੁਬਾਰਾ ਕਬਜ਼ਾ ਕਰਣਗੇ। ਸਮੇਂ ਦੀ ਪੂਰਨਤਾ ਦੀ ਉਡੀਕ ਕਰ ਰਹੇ ਹਾਂ, ਜਦੋਂ ਪਿਰਾਮਿਡ ਸਿਖਰ ਤੇ ਆ ਜਾਂਦਾ ਹੈ, ਜਦੋਂ ਪਰਮੇਸ਼ੁਰ ਦੇ ਪੁੱਤਰ ਸੰਪੂਰਣ ਪ੍ਰਗਟ ਹੋਣਗੇ, ਜਦੋਂ ਪਰਮੇਸ਼ੁਰ ਦੀ ਸ਼ਕਤੀ ਬਾਹਰ ਆਵੇਗੀ (ਹਲਲੂਯਾਹ) ਅਤੇ ਉਹ ਹਰ ਸ਼ਕਤੀ ਨੂੰ ਲੈ ਲਵੇਗੀ ਜੋ ਸ਼ੈਤਾਨ ਨੇ ਉਸ ਤੋਂ ਖੋਹ

ਲਈ ਸੀ। ਹਾਂ, ਸ਼੍ਰੀ ਮਾਨ, ਇਹ ਉਸ ਦਾ ਹੈ।

77 ਉਹ ਲੋਗੋਸ ਹੈ ਜੋ ਪਰਮੇਸ਼ੁਰ ਤੋਂ ਬਾਹਰ ਨਿਕਲਿਆ ਸੀ, ਇਹ ਸੱਚ ਹੈ, ਉਹ ਪ੍ਰਮੇਸ਼ਵਰ ਦਾ ਪੁੱਤਰ ਸੀ। ਫਿਰ ਉਸ ਨੇ ਆਦਮੀ ਨੂੰ ਇਕ ਛੋਟਾ ਜਿਹਾ ਪਰਮੇਸ਼ੁਰ ਬਣਾਇਆ। ਅਤੇ ਉਸਨੇ ਕਿਹਾ, "ਜੇਕਰ ਉਹ ਉਨ੍ਹਾਂ ਨੂੰ ਜਿਨ੍ਹਾਂ ਕੋਲ ਪਰਮੇਸ਼ੁਰ ਦਾ ਵਚਨ ਆਉਂਦਾ ਹੈ, ਨਬੀ ਬੁਲਾਉਂਦੇ ਹਨ, ਜੇ ਉਹ ਉਨ੍ਹਾਂ ਨੂੰ 'ਪਰਮੇਸ਼ੁਰ' ਕਹਿੰਦੇ ਹਨ ਜਿਨ੍ਹਾਂ ਕੋਲ ਪਰਮੇਸ਼ੁਰ ਦਾ ਵਚਨ ਆਇਆ…" ਅਤੇ ਪਰਮੇਸ਼ੁਰ ਨੇ ਇਹੀ ਕਿਹਾ, ਆਪ ਹੀ, ਕਿ ਉਹ ਪਰਮੇਸ਼ੁਰ ਸਨ। ਉਸਨੇ ਮੂਸਾ ਨੂੰ ਕਿਹਾ, "ਮੈਂ ਤੈਨੂੰ ਇੱਕ ਪਰਮੇਸ਼ੁਰ ਬਣਾਇਆ, ਅਤੇ ਹਾਰੂਨ ਨੂੰ ਤੇਰਾ ਨਬੀ ਬਣਾਇਆ।" ਆਮੀਨ। ਫ਼ਯੁ! ਮੈਂ ਇੱਕ ਧਾਰਮਿਕ ਸਨਕੀ ਜਿਹਾ ਵਰਤਾਓ ਕਰ ਰਿਹਾ ਹਾਂ, ਪਰ ਮੈਂ ਨਹੀਂ ਹਾਂ। ਔਹ, ਜਦ ਕਦੇ ਤੁਹਾਡੀਆਂ ਅੱਖਾਂ ਖੁਲ ਸਕਣ ਅਤੇ ਉਹਨਾਂ ਚੀਜਾਂ ਨੂੰ ਵੇਖ ਸਕਣ। ਠੀਕ ਹੈ। ਉਸ ਨੇ ਮਨੁੱਖ ਨੂੰ ਇਕ ਪਰਮੇਸ਼ੁਰ ਬਣਾਇਆ, ਇਕ ਪਰਮੇਸ਼ੁਰ ਆਪਣੇ ਰਾਜ ਵਿੱਚ। ਅਤੇ ਉਸਦਾ ਰਾਜ ਸਮੁੰਦਰ ਤੋਂ ਸਮੁੰਦਰ ਤੱਕ, ਕੰਢੇ ਤੋਂ ਕੰਢੇ ਤੱਕ; ਉਸ ਕੋਲ ਇਸ ਦਾ ਨਿਯੰਤਰਣ ਹੈ।

78 ਅਤੇ ਜਦ ਯਿਸੂ ਆਇਆ, ਬਿਨਾ ਪਾਪ ਦੇ ਇਕ ਪਰਮੇਸ਼ੁਰ, ਉਸਨੇ ਇਹ ਸਾਬਤ ਕਰ ਦਿੱਤਾ। ਜਦੋਂ ਹਨੇਰੀ ਵਗੀ, ਉਸਨੇ ਕਿਹਾ, "ਸ਼ਾਂਤੀ, ਥੱਮ ਜਾ!" ਆਮੀਨ। ਅਤੇ ਜਦੋਂ ਰੁੱਖ, ਉਸਨੇ ਕਿਹਾ, "ਕੋਈ ਮੁਨੱਖ ਤੇਰੇ ਕੋਲੋਂ ਕਦੇ ਨਾ ਖਾਵੇ।"

79 "ਮੈਂ ਤੁਹਾਨੂੰ, ਸੱਚ ਸੱਚ ਕਹਿੰਦਾ ਹਾਂ, ਤੁਸੀਂ ਜਿਹੜੇ ਛੋਟੇ ਪਰਮੇਸ਼ੁਰ ਹੋ, ਜੇ ਤੁਸੀਂ ਇਸ ਪਹਾੜ ਨੂੰ ਕਹੋਗੇ, 'ਹੱਟ ਜਾਹ', ਅਤੇ ਆਪਣੇ ਦਿਲ ਵਿਚ ਸ਼ੱਕ ਨਾ ਕਰੋ, ਪਰ ਵਿਸ਼ਵਾਸ ਕਰੋ ਕਿ ਜੋ ਤੁਸੀਂ ਕਿਹਾ ਹੈ ਉਹ ਪੂਰਾ ਹੋ ਜਾਵੇਗਾ, ਤੁਸੀਂ ਜੋ ਕਿਹਾ ਸੀ ਉਹ ਤੁਹਾਡੇ ਪੂਰਾ ਹੋ ਜਾਵੇਗਾ।"

80 ਉਤਪਤ ਵੱਲ ਵਾਪਸ ਜਾਓ, ਮੂਲ ਵਿਚ, ਇਹ ਕੀ ਹੈ? ਹੁਣ ਸੰਸਾਰ ਅਤੇ ਸ੍ਰਿਸ਼ਟੀ ਹਾਹੁਕੇ ਭਰ ਰਹੀ ਹੈ, ਰੋ ਰਹੀ ਹੈ, ਸਭ ਕੁਝ ਚਲ ਰਿਹਾ ਹੈ। ਕੀ? ਪਰਮੇਸ਼ੁਰ ਦੇ ਪੁੱਤਰਾਂ ਦੇ ਪ੍ਰਗਟ ਹੋਣ ਲਈ, ਜਦੋਂ ਸੱਚੇ ਪੁੱਤਰ, ਪੈਦਾ ਹੋਏ ਪੁੱਤਰ, ਭਰੇ ਹੋਏ ਪੁੱਤਰ ਬੋਲਦੇ ਹਨ ਅਤੇ ਉਨ੍ਹਾਂ ਦੇ ਸ਼ਬਦ ਦਾ ਸਮਰਥਨ ਕੀਤਾ ਜਾਂਦਾ ਹੈ। ਮੇਰਾ ਵਿਸ਼ਵਾਸ ਹੈ ਕਿ ਅਸੀਂ ਇਸ ਦੀ ਸਰਹੱਦ ਤੇ ਹਾਂ। ਹਾਂ, ਸ਼੍ਰੀਮਾਨ। ਇਸ ਪਹਾੜ ਨੂੰ ਕਹੋ, ਅਜਿਹਾ ਹੋ ਜਾਵੇ।

81 "ਭਾਈ, ਮੇਰੀ—ਮੇਰੀ *ਫਲਾਣੀ-ਫਲਾਣੀ* ਇੱਛਾ ਹੈ, ਇੱਕ ਚੀਜ ਹੋ ਜਾਵੇ। ਮੈਂ ਯਿਸੂ ਮਸੀਹ ਵਿੱਚ ਵਿਸ਼ਵਾਸ ਕਰਦਾ ਹਾਂ।"

82 "ਮੈਂ ਇਹ ਤੁਹਾਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਦਿੰਦਾ ਹਾਂ।" ਆਮੀਨ। ਇੱਕ ਪ੍ਰਗਟਾਵਾ ਹੈ।

83 "ਔਹ, ਭਾਈ, ਮੇਰੀਆਂ ਫਸਲਾਂ ਸੜ੍ਹ ਰਹੀਆਂ ਹਨ। ਮੇਰੇ ਕੋਲ ਕੋਈ ਮੀਂਹ ਨਹੀਂ ਪਿਆ।"

84 "ਮੈਂ ਤੁਹਾਡੇ ਲਈ ਮੀਂਹ ਭੇਜਦਾ ਹਾਂ, ਪ੍ਰਭੂ ਦੇ ਨਾਮ ਵਿਚ।" ਉਥੇ ਉਹ ਆ ਜਾਵੇਗਾ। ਔਹ, ਉਡੀਕ ਰਹੀ ਹੈ, ਹਾਹੁਕੇ ਭਰਦੀ ਹੈ, ਸਾਰੀ ਸ੍ਰਿਸ਼ਟੀ ਪਰਮੇਸ਼ੁਰ ਦੇ ਪੁੱਤਰਾਂ ਦੇ ਪ੍ਰਗਟ ਹੋਣ ਦੀ ਉਡੀਕ ਵਿੱਚ ਹੈ। ਪਰਮੇਸ਼ੁਰ ਨੇ ਅਰੰਭ ਵਿਚ ਇਸ ਨੂੰ ਠਹਿਰਾਇਆ ਸੀ। ਉਸ ਨੇ ਮਨੁੱਖ ਨੂੰ ਅਧਿਕਾਰ ਦਿੱਤਾ।

85 ਉਸਨੇ ਯਿਸੂ ਮਸੀਹ ਨੂੰ ਦਿੱਤਾ, ਅਤੇ ਯਿਸੂ ਨੇ ਇਹ ਆਪਣੇ ਨਾਮ ਵਿੱਚ ਦਿੱਤਾ, ਇਸ ਵਾਅਦੇ ਨਾਲ, "ਪਿਤਾ ਨੂੰ ਤੁਸੀਂ ਮੇਰਾ ਨਾਮ ਲੈ ਕੇ ਜੋ ਕੁਝ ਮੰਗੋਗੇ ਮੈਂ ਸੋਈ ਕਰਾਂਗਾ ਅਤੇ ਮੈਂ ਇਹ ਕਰਾਂਗਾ।" ਔਹ, ਭਾਈ ਪਾਮਰ! ਪਰਮੇਸ਼ੁਰ ਦੇ ਪੁੱਤਰਾਂ ਦੇ ਪ੍ਰਗਟ ਹੋਣ ਨੂੰ, ਕਲੀਸਿਯਾ ਨੂੰ, ਅਹੁਦੇ ਤੇ ਆਉਣ ਲਈ ਉਡੀਕ ਰਹੀ ਹੈ!

86 ਜਿਵੇਂ ਕਿ ਮੈਂ ਕਿਹਾ ਹੈ, ਅਫ਼ਸੀਆਂ ਦੀ ਕਿਤਾਬ ਯਹੋਸੁਆ ਦੀ ਕਿਤਾਬ ਹੈ, ਅਤੇ ਯਹੋਸ਼ੁਆ ਉਨ੍ਹਾਂ ਲੋਕਾਂ ਨੂੰ ਉਥੇ ਰੱਖ ਰਿਹਾ ਹੈ ਜਿੱਥੇ ਉਹ ਹੋਣੇ ਚਾਹੀਦੇ ਹਨ। ਹੁਣ, ਜੇ ਉਹ ਸਥਿਰ ਖੜ੍ਹੇ ਨਾ ਰਹਿੰਦੇ, ਅਤੇ ਉਸਨੇ ਇਫ਼ਰਾਈਮ ਨੂੰ *ਇਥੇ*, ਅਤੇ ਮਨੱਸ਼ਹ ਦੀ ਧਰਤੀ ਉੱਤੇ ਰੱਖ ਦਿੱਤਾ ਹੁੰਦਾ, ਅਤੇ *ਇਹ* ਵਾਲਾ ਭੜਕਦਾ ਹੋਇਆ ਅਤੇ ਹੰਗਾਮਾ ਕਰਦਾ ਹੋਇਆ ਵਾਪਸ ਆਵੇਗਾ, ਉਹ ਕਿਵੇਂ ਕਦੇ ਆਪਸ ਵਿੱਚ ਰਾਜੀ ਹੋਣਗੇ? ਜਦੋਂ ਕੋਈ ਕਹਿੰਦਾ ਹੈ, "ਮੈਂ ਬੈਪਟਿਸਟ ਹਾਂ, ਮੈਂ ਇਕ ਮੈਥੋਡਿਸਟ ਹਾਂ, ਮੈਂ ਪੇਂਟੀਕਾਸਟਲ ਹਾਂ, ਮੈਂ ਵਨਨੈੱਸ ਹਾਂ, ਮੈਂ ਟੂਨੈਸ ਹਾਂ, ਮੈਂ ਫਲਾਣਾ-ਫਲਾਣਾ ਹਾਂ।"

87 ਤੁਸੀਂ ਇਹ ਕਿਵੇਂ ਕਰਨ ਜਾ ਰਹੇ ਹੋ? ਸਥਿਰ ਖੜੇ ਰਹੋ! ਪਰਮੇਸ਼ੁਰ ਆਪਣੀ ਕਲੀਸਿਯਾ ਨੂੰ, ਪਰਮੇਸ਼ੁਰ ਪੁੱਤਰਾਂ ਅਤੇ ਧੀਆਂ ਨੂੰ ਅਹੁਦੇ ਤੇ ਰੱਖਣਾ ਚਾਹੁੰਦਾ ਹੈ। ਪਰਮੇਸ਼ੁਰ, ਮੈਨੂੰ ਇਸ ਨੂੰ ਵੇਖਣ ਲਈ ਜੀਉਣ ਦਿਓ, ਮੇਰੀ ਪ੍ਰਾਰਥਨਾ ਹੈ। ਇੰਨਾ ਨੇੜੇ ਹੈ ਕਿ ਮੈਂ ਇਸਨੂੰ ਆਪਣੇ ਹੱਥਾਂ ਨਾਲ ਤਕਰੀਬਨ ਮਹਿਸੂਸ ਕਰ ਸਕਦਾ ਹਾਂ, ਇਸ ਤਰ੍ਹਾਂ ਲਗਦਾ ਹੈ। ਇਹ ਬਿਲਕੁਲ ਉਥੇ ਹੈ। ਇਹੀ ਉਹ ਚੀਜ਼ ਹੈ ਜਿਸ ਨੂੰ ਮੈਂ ਵੇਖਣਾ ਚਾਹੁੰਦਾ ਹਾਂ, ਉਸ ਸਮੇਂ ਦਾ ਇੰਤਜ਼ਾਰ ਹੈ ਜਦੋਂ ਮੈਂ ਗਲੀ ਵਿੱਚ ਜਾ ਰਿਹਾ ਹੋਵਾਂਗਾ; ਉਥੇ ਇਕ ਲੰਗੜਾ ਪਿਆ ਹੋਵੇਗਾ, ਆਪਣੀ ਮਾਂ ਦੀ ਕੁਖ ਤੋਂ, "ਚਾਂਦੀ ਅਤੇ ਸੋਨਾ ਮੇਰੇ ਕੋਲ ਕੋਈ ਨਹੀਂ ਹੈ।" ਔਹ, ਪਰਮੇਸ਼ੁਰ ਦੇ ਪੁੱਤਰਾਂ ਦੇ ਪ੍ਰਗਟ ਹੋਣ ਦੀ ਉਡੀਕ ਕਰ ਰਹੀ ਹੈ, ਹਲਲੂਯਾਹ, ਜਦੋਂ ਪਰਮੇਸ਼ੁਰ

ਆਪਣੇ ਆਪ ਨੂੰ ਪ੍ਰਗਟ ਕਰੇਗਾ, ਜਦੋਂ ਉਹ ਬਿਮਾਰੀ ਨੂੰ ਰੋਕਣਗੇ, ਉਹ ਕੈਂਸਰ ਨੂੰ ਰੋਕਣਗੇ, ਉਹ ਬਿਮਾਰੀਆਂ ਨੂੰ ਰੋਕਣਗੇ।

88 ਤੁਹਾਨੂੰ ਲਗਦਾ ਹੈ ਕਿ ਕੈਂਸਰ ਕੋਈ ਚੀਜ ਹੈ? ਬਾਈਬਲ ਕਹਿੰਦੀ ਹੈ ਕਿ ਇੱਕ ਸਮਾਂ ਆ ਰਿਹਾ ਹੈ ਜਦੋਂ ਆਦਮੀ ਆਪਣੇ ਹੀ ਸਰੀਰ ਵਿੱਚ ਸੜਨਗੇ, ਅਤੇ ਉਹਨਾਂ ਦੇ ਮਰਨ ਤੋਂ ਵੀ ਪਹਿਲਾਂ ਗਿਰਝਾਂ ਉਨ੍ਹਾਂ ਦੀਆਂ ਲਾਸ਼ਾਂ ਖਾ ਜਾਣਗੀਆਂ। ਜੋ ਆ ਰਿਹਾ ਹੈ ਕੈਂਸਰ ਤਾਂ ਉਹਦੇ ਮੁਕਾਬਲੇ ਇੱਕ ਦੰਦ ਦਾ ਦਰਦ ਹੈ। ਪਰ, ਯਾਦ ਰੱਖੋ, ਉਸ ਭਿਆਨਕ ਦਿਨ ਵਿਚ ਉਸ ਨੂੰ ਉਨ੍ਹਾਂ ਲੋਕਾਂ ਨੂੰ ਛੂਹਣ ਦੀ ਮਨਾਹੀ ਸੀ ਜਿਨ੍ਹਾਂ ਉੱਤੇ ਪਰਮੇਸ਼ੁਰ ਦੀ ਮੋਹਰ ਸੀ। ਹੁਣ ਇਹ ਹੀ ਹੈ ਜਿਸਦੇ ਲਈ ਅਸੀਂ ਸੰਘਰਸ਼ ਕਰ ਰਹੇ ਹਾਂ, ਪਰਮੇਸ਼ੁਰ ਦੇ ਰਾਜ ਅੰਦਰ ਪ੍ਰਵੇਸ਼ ਕਰਨ ਲਈ ਅਤੇ ਉਥੇ ਆਪਣੇ ਅਹੁਦੇ ਤੇ ਰੱਖੇ ਜਾਣ ਲਈ ਇਹਨਾਂ ਭਿਆਨਕ ਬਿਪਤਾਵਾਂ ਦੇ ਆਉਣ ਤੋਂ ਪਹਿਲਾਂ। ਔਹ, ਕਿੰਨਾ ਚੰਗਾ ਹੈ! ਸਮੇਂ ਦੀ ਸਮਾਪਤੀ, ਸਮੇਂ ਦੀ ਪੂਰਨਤਾਈ, ਵਿਰਾਸਤ।

*ਜਿਸ ਵਿਚ ਅਸੀਂ ਵੀ...ਅਗੋਂ ਠਹਿਰਾਏ ਜਾ ਕੇ...ਅਧਿਕਾਰੀ ਬਣ ਗਏ...*

89 ਸਾਡੀ ਵਿਰਾਸਤ ਸਾਨੂੰ ਕਿਸ ਤਰ੍ਹਾਂ, ਦਿੱਤੀ ਗਈ ਸੀ? ਅਗੋਂ ਹੀ ਠਹਿਰਾਏ ਜਾ ਕੇ। ਅਗੋਂ ਹੀ ਠਹਿਰਾਇਆ ਜਾਣਾ ਪੂਰਵ ਗਿਆਨ ਹੈ। ਪਰਮੇਸ਼ੁਰ ਨੂੰ ਕਿਵੇਂ ਪਤਾ ਸੀ ਕਿ ਉਹ ਤੁਹਾਡੇ ਉੱਤੇ ਪ੍ਰਚਾਰਕ ਹੋਣ ਲਈ ਭਰੋਸਾ ਕਰ ਸਕਦਾ ਸੀ? ਉਸ ਦਾ ਪੂਰਵ ਗਿਆਨ। "ਉਹ ਨਹੀਂ ਜੋ ਚਾਹੁੰਦਾ ਹੈ ਜਾਂ ਉਹ ਜੋ ਦੋੜਦਾ ਹੈ, ਜਾਂ ਉਹ...ਇਹ ਤਾਂ ਉਹ ਹੈ ਜਿਸ ਤੇ ਪਰਮੇਸ਼ੁਰ ਦਯਾ ਕਰਦਾ ਹੈ।" ਇਹ ਸਹੀ ਹੈ, ਅਗੋਂ ਹੀ ਠਹਿਰਾਏ ਜਾਣਾ। ਉਹ ਜਾਣਦਾ ਸੀ ਕਿ ਤੁਹਾਡੇ ਵਿੱਚ ਕੀ ਸੀ। ਤੁਹਾਡੇ ਧਰਤੀ ਉੱਤੇ ਆਉਣ ਤੋਂ ਵੀ ਪਹਿਲਾਂ ਉਹ ਜਾਣਦਾ ਸੀ ਕਿ ਤੁਹਾਡੇ ਅੰਦਰ ਕੀ ਸੀ। ਇਸ ਤੋਂ ਪਹਿਲਾਂ ਕਿ ਤੁਹਾਡੇ ਆਉਣ ਲਈ ਧਰਤੀ ਹੁੰਦੀ ਉਹ ਜਾਣਦਾ ਸੀ ਕਿ ਤੁਹਾਡੇ ਅੰਦਰ ਕੀ ਸੀ। ਇਹ—ਇਹੀ ਉਹ ਹੈ। ਇਹ ਅਨੰਤ ਪਰਮੇਸ਼ੁਰ ਹੈ, ਅਨੰਤ। ਅਸੀਂ ਸੀਮਤ ਹਾਂ, ਅਸੀਂ ਸਿਰਫ ਸੀਮਤ ਸੋਚ ਸਕਦੇ ਹਾਂ।

90 ਇਹ ਮੇਰੇ ਲਈ ਬਹੁਤ ਕੁਝ ਹੈ, ਜਦੋਂ ਦਾ ਇਹ ਮੇਰੇ ਨਾਲ ਵਾਪਰਿਆ ਹੈ। ਮੈਂ ਨਹੀਂ ਜਾਣਦਾ। ਜਦੋਂ ਮੈਂ ਉਥੇ ਸੋਚਦਾ ਹਾਂ, ਜਦੋਂ ਮੈਂ ਉਥੇ ਕੁਝ ਖੁਸ਼ਹਾਲ ਪਲਾਂ ਲਈ ਖੜ੍ਹਾ ਸੀ, ਅਤੇ ਸੋਚਿਆ, "ਉਥੇ ਕੋਈ ਕੱਲ੍ਹ ਨਹੀਂ ਹੈ।" ਉਥੇ ਕੋਈ ਕੱਲ੍ਹ ਨਹੀਂ ਸੀ, ਕੋਈ ਬਿਮਾਰੀ ਨਹੀਂ ਸੀ, ਕੋਈ ਉਦਾਸੀ ਨਹੀਂ ਸੀ। ਉਥੇ ਥੋੜੀ ਜਿਹੀ ਖੁਸ਼ੀ ਨਹੀਂ ਹੈ, ਉਥੇ ਬਹੁਤ ਸਾਰੀ ਖੁਸ਼ੀ ਹੈ; ਇਹ ਸਭ ਖੁਸ਼ੀ ਹੀ

ਖੁਸ਼ੀ ਹੈ। ਔਹ, ਮੇਰੇ! ਔਹ, ਜਦੋਂ ਮੈਂ ਉਥੇ ਖੜ੍ਹਾ ਸੀ ਅਤੇ ਮੈਂ ਕਿਹਾ, “ਇਹ ਕੀ ਹੈ?”

91 ਉਸ ਅਵਾਜ਼ ਨੇ ਕਿਹਾ, “ਇਹ ਸਿੱਧ ਪ੍ਰੇਮ ਹੈ, ਅਤੇ ਉਹ ਸਭ ਕੁਝ ਜਿਸ ਨੂੰ ਤੁਸੀਂ ਕਦੇ ਪ੍ਰੇਮ ਕੀਤਾ ਅਤੇ ਉਹ ਸਭ ਕੁਝ ਜਿਸ ਨੇ ਤੁਹਾਡੇ ਨਾਲ ਪ੍ਰੇਮ ਕੀਤਾ ਹੁਣ ਤੇਰੇ ਨਾਲ ਹੈ।”

92 “ਅਤੇ ਤੁਸੀਂ ਸਾਨੂੰ ਪ੍ਰਭੂ ਯਿਸੂ ਕੋਲ ਤੁਹਾਡੀ ਸੇਵਕਾਈ ਦੀਆਂ ਟਰਾਫੀਆਂ ਵਜੋਂ, ਪੇਸ਼ ਕਰੋਗੇ ਜਦੋਂ ਉਹ ਆਵੇਗਾ।” ਮੈਂ ਉਥੇ ਖੜੀਆਂ ਖੂਬਸੂਰਤ ਔਰਤਾਂ ਨੂੰ ਵੇਖਿਆ, ਸਭ ਨੇ ਮੈਨੂੰ ਫੜ ਲਿਆ ਅਤੇ ਪੁਕਾਰ ਰਹੀਆਂ ਸਨ, “ਮੇਰਾ ਅਨਮੋਲ, ਪਿਆਰਾ ਭਰਾ!” ਉਨ੍ਹਾਂ ਆਦਮੀਆਂ ਅਤੇ ਉਨ੍ਹਾਂ ਸੰਘਣੇ ਵਾਲਾਂ ਨੂੰ ਉਹਨਾਂ ਦੀ ਗਰਦਨ ਦੁਆਲੇ ਵੇਖਿਆ, ਭੱਜੇ ਆਏ, ਮੈਨੂੰ ਫੜ ਲਿਆ ਅਤੇ ਕਿਹਾ, “ਸਾਡਾ ਪਿਆਰਾ ਭਾਈ!”

ਅਤੇ ਮੈਂ ਸੋਚਿਆ, “ਇਸਦਾ ਕੀ ਅਰਥ ਹੈ?”

ਉਸ ਨੇ ਕਿਹਾ, “ਉਹ ਤੇਰੇ ਲੋਕ ਹਨ।”

93 ਮੈਂ ਕਿਹਾ, “ਮੇਰੇ ਲੋਕੋ? ਉਥੇ ਇੰਨੇ ਬ੍ਰਨਹਾਮ ਨਹੀਂ ਹੋ ਸਕਦੇ, ਇਹ ਤਾਂ ਲੱਖਾਂ ਹਨ।”

94 ਉਸ ਨੇ ਕਿਹਾ, “ਇਹ ਤੇਰੇ ਦੁਆਰਾ ਬਦਲੇ ਗਏ ਸਨ!” ਹਲਲੂਯਾਹ। “ਉਹ ਤੇਰੇ ਦੁਆਰਾ ਬਦਲੇ ਹੋਏ ਹਨ। ਇਹ ਉਹ ਲੋਕ ਹਨ…” ਕਿਹਾ, “ਤੁਸੀਂ ਉਸ ਨੂੰ ਵੇਖ ਰਹੇ ਹੋ ਜੋ ਉਥੇ ਖੜੀ ਹੈ?” ਸਭ ਤੋਂ ਸੁੰਦਰ ਔਰਤ ਜੋ ਮੈਂ ਕਦੇ ਵੇਖੀ ਸੀ। ਕਿਹਾ, “ਜਦੋਂ ਤੂੰ ਉਸ ਨੂੰ ਪਰਮੇਸ਼ੁਰ ਵੱਲ ਲੈ ਆਇਆ ਤੱਦ ਉਹ ਨੱਬੇ ਵਰ੍ਹਿਆਂ ਦੀ ਸੀ। ਕੋਈ ਹੈਰਾਨੀ ਨਹੀਂ ਕਿ ਉਹ ਪੁਕਾਰ ਰਹੀ ਹੈ, ‘ਮੇਰੇ ਪਿਆਰੇ ਭਰਾ।’” ਕਿਹਾ, “ਉਹ ਹੁਣ ਕਦੇ ਬੁੱਢੀ ਨਹੀਂ ਹੋਵੇਗੀ। ਉਹ ਉਸ ਵਿਚੋਂ ਲੰਘ ਚੁਕੀ ਹੈ। ਉਹ ਜਵਾਨੀ ਦੇ ਸ਼ਾਨ ਵਿੱਚ ਹੈ। ਉਹ ਇਥੇ ਖੜੀ ਹੈ। ਉਹ ਠੰਡਾ ਪਾਣੀ ਨਹੀਂ ਪੀ ਸਕਦੀ, ਉਸ ਨੂੰ ਇਸ ਦੀ ਜ਼ਰੂਰਤ ਨਹੀਂ ਹੈ। ਉਹ ਲਮੇਂ ਨਹੀਂ ਪੈਂਦੀ ਅਤੇ ਸੌਂਦੀ ਨਹੀਂ, ਕਿਉਂਕਿ ਉਹ ਥੱਕਦੀ ਨਹੀਂ ਹੈ। ਉਥੇ ਕੋਈ ਕਲ੍ਹ ਨਹੀਂ, ਕੋਈ ਬੀਤਿਆ ਹੋਇਆ ਕਲ੍ਹ, ਨਹੀਂ ਜਾਂ ਅਜਿਹਾ ਕੁਝ ਵੀ ਨਹੀਂ ਹੈ। ਹੁਣ ਅਸੀਂ ਅਨੰਤਾ ਵਿੱਚ ਹਾਂ। ਪਰ ਕਿਸੇ ਸ਼ਾਨਦਾਰ ਦਿਨ, ਪਰਮੇਸ਼ੁਰ ਦਾ ਪੁੱਤ੍ਰ ਆਵੇਗਾ, ਅਤੇ ਤੁਹਾਡਾ ਨਿਆਂ ਉਸ ਵਚਨ ਦੇ ਅਨੁਸਾਰ ਕੀਤਾ ਜਾਵੇਗਾ ਜਿਹੜਾ ਤੁਸੀਂ ਉਨ੍ਹਾਂ ਨੂੰ ਪ੍ਰਚਾਰ ਕੀਤਾ ਸੀ।” ਔਹ, ਭਾਈ!

ਮੈਂ ਕਿਹਾ, “ਕੀ ਪੌਲੁਸ ਨੂੰ ਆਪਣਾ ਝੁੰਡ ਲਿਆਉਣਾ ਪਵੇਗਾ?”

“ਹਾਂ, ਸ਼੍ਰੀ ਮਾਨ।”

95 ਮੈਂ ਕਿਹਾ, "ਮੈਂ ਬਿਲਕੁਲ ਉਹੀ ਪ੍ਰਚਾਰ ਕੀਤਾ ਜਿਵੇਂ ਪੋਲੁਸ ਨੇ ਕੀਤਾ ਸੀ। ਮੈਂ ਕਦੇ ਅਲਗਾਵ ਨਹੀਂ ਕੀਤਾ, ਮੈਂ ਕਦੇ ਕਿਸੇ ਕਲੀਸਿਯਾ ਧਰਮ ਜਾਂ ਹੋਰ ਕਿਸੇ ਵੀ ਚੀਜ਼ ਨੂੰ ਨਹੀਂ ਲਿਆ। ਮੈਂ ਉਵੇਂ ਹੀ ਰਿਹਾ।"

96 ਅਤੇ ਉਹਨਾਂ ਸਾਰਿਆਂ ਨੇ ਇੱਕਠੇ ਪੁਕਾਰਿਆ, "ਅਸੀਂ ਇਹ ਜਾਣਦੇ ਹਾਂ! ਅਸੀਂ ਭਰੋਸੇ ਨਾਲ ਆਰਾਮ ਕਰ ਰਹੇ ਹਾਂ।" ਕਿਹਾ, "ਤੁਸੀਂ ਸਾਨੂੰ ਉਸ ਅੱਗੇ ਪੇਸ਼ ਕਰੋਗੇ, ਅਤੇ ਫਿਰ ਅਸੀਂ ਸਾਰੇ ਧਰਤੀ ਉੱਤੇ ਵਾਪਸ ਚਲੇ ਜਾਵਾਂਗੇ, ਸਦਾ ਜੀਉਣ ਲਈ।" ਔਹ ਮੇਰੇ!

97 ਬਸ ਫਿਰ ਮੈਂ ਆਉਣਾ ਸ਼ੁਰੂ ਕਰ ਦਿੱਤਾ। ਮੈਂ ਨਿਗਾਹ ਕੀਤੀ, ਅਤੇ ਆਪਣੀ ਪੁਰਾਣੀ ਲਾਸ਼ ਨੂੰ ਮੰਜੇ ਤੇ ਪਈ ਵੇਖਿਆ, ਜੋ ਬੁੱਢੀ ਹੋ ਰਹੀ ਸੀ ਅਤੇ ਝੁਰੜੀਆਂ ਪੈ ਗਈਆਂ ਸਨ, ਅਤੇ ਰੋਗਾਂ ਨਾਲ ਭਰੀ ਹੋਈ ਅਤੇ—ਅਤੇ ਬਿਮਾਰ, ਅਤੇ ਮੈਂ ਆਪਣੇ ਹੱਥ ਆਪਣੇ ਸਿਰ ਦੇ ਪਿੱਛੇ ਵੇਖੇ, ਅਤੇ ਮੈਂ ਸੋਚਿਆ, "ਔਹ, ਕੀ ਮੈਨੂੰ ਇਸ ਚੀਜ਼ ਵਿਚ ਦੁਬਾਰਾ ਜਾਣਾ ਪਏਗਾ?"

98 ਅਤੇ ਮੈਨੂੰ ਇਹ ਅਵਾਜ਼ ਸੁਣਦੀ ਰਹੀ, "ਚੱਲਦੇ ਰਹੋ! ਚੱਲਦੇ ਰਹੋ!"

99 ਮੈਂ ਕਿਹਾ, "ਪ੍ਰਭੂ, ਮੈਂ ਹਮੇਸ਼ਾਂ ਦੈਵਿਕ ਚੰਗਾਈ ਵਿੱਚ ਵਿਸ਼ਵਾਸ ਕੀਤਾ ਹੈ, ਮੈਂ ਇਸ ਤੇ ਵਿਸ਼ਵਾਸ਼ ਕਰਦਾ ਰਹਾਂਗਾ। ਪ੍ਰੰਤੂ ਮੈਂ ਉਨ੍ਹਾਂ ਰੂਹਾਂ ਲਈ ਜਾਰੀ ਰੱਖਾਂਗਾ, ਸੋ ਮੇਰੀ ਸਹਾਇਤਾ ਕਰੋ। ਮੈਂ ਉਥੇ ਬਹੁਤ ਸਾਰਿਆਂ ਨੂੰ...ਮੈਨੂੰ ਜੀਉਣ ਦਿਓ, ਪ੍ਰਭੂ, ਅਤੇ ਮੈਂ ਉਥੇ ਹੋਰ ਦੱਸ ਲੱਖ ਲੈ ਆਵਾਂਗਾ, ਜੇ ਤੁਸੀਂ ਮੈਨੂੰ ਜਿਉਂਦਾ ਰਹਿਣ ਦਿਓ।"

100 ਮੈਨੂੰ ਪਰਵਾਹ ਨਹੀਂ ਕਿ ਉਹ ਕਿਹੜੇ ਰੰਗ, ਕਿਸ ਧਰਮ, ਨਾਗਰਿਕਤਾ ਦੇ ਹਨ, ਉਹ ਕੀ ਹਨ, ਜਦੋਂ ਉਹ ਉਥੇ ਪਹੁੰਚ ਜਾਂਦੇ ਹਨ, ਤਾਂ ਉਹ ਸਭ ਇਕ ਹੁੰਦੇ ਹਨ, ਅਤੇ ਉਹ ਸੀਮਾਵਾਂ ਸਮਾਪਤ ਹੋ ਗਈਆਂ ਹਨ। ਔਹ, ਮੈਂ ਉਨ੍ਹਾਂ ਔਰਤਾਂ ਨੂੰ ਵੇਖ ਸਕਦਾ ਹਾਂ, ਬਹੁਤ ਸੁੰਦਰ; ਕਦੇ ਨਹੀਂ ਦੇਖਿਆ...ਨੀਵੇਂ, ਲੰਮੇ ਵਾਲ ਹੇਠਾਂ ਤੱਕ ਜਾਂਦੇ ਸਨ। ਹੇਠਾਂ ਤੱਕ ਲੰਮੀਆਂ ਸਕਰਟਾਂ। ਉਹ ਨੰਗੇ ਪੈਰੀਂ ਸਨ। ਉਹਨਾਂ ਆਦਮੀਆਂ ਨੂੰ ਵੇਖਿਆ ਜਿਨ੍ਹਾਂ ਦੇ ਗਲਾਂ ਦੁਆਲੇ ਲੰਮੇ ਵਾਲ ਸਨ, ਲਾਲ ਸਿਰ, ਕਾਲੇ ਸਿਰ, ਅਤੇ ਸਾਰੇ ਵੱਖਰੇ ਵੱਖਰੇ ਰੰਗ। ਅਤੇ ਉਹ ਆਪਣੀਆਂ ਬਾਹਾਂ ਮੇਰੇ ਦੁਆਲੇ ਸੁੱਟ ਰਹੇ ਸਨ। ਮੈਂ ਉਨ੍ਹਾਂ ਨੂੰ ਮਹਿਸੂਸ ਕਰ ਸਕਦਾ ਸੀ। ਮੈਂ ਉਨ੍ਹਾਂ ਦੇ ਹੱਥ ਮਹਿਸੂਸ ਕੀਤੇ। ਪਰਮੇਸ਼ੁਰ ਮੇਰਾ ਨਿਆਂਈ ਹੈ, ਅਤੇ ਇਹ ਪਵਿੱਤਰ ਕਿਤਾਬ ਖੁੱਲੀ ਹੋਈ ਹੈ। ਮੈਂ ਉਨ੍ਹਾਂ ਨੂੰ ਉਵੇਂ ਮਹਿਸੂਸ ਕਰ ਸਕਦਾ ਸੀ ਜਿਵੇਂ ਮੈਂ ਆਪਣੇ ਚਿਹਰੇ ਤੇ ਆਪਣੇ ਹੱਥਾਂ ਨੂੰ ਮਹਿਸੂਸ ਕਰਦਾ ਹਾਂ। ਉਹ ਆਪਣੀਆਂ ਬਾਹਾਂ ਮੇਰੇ ਦੁਆਲੇ ਸੁੱਟ ਰਹੇ ਸਨ, ਔਰਤਾਂ ਦੀ ਕੋਈ ਸਵੇਂਦਨਾ ਨਹੀ ਜਿਵੇਂ ਹੁਣ ਹੁੰਦੀ ਹੈ। ਮੈਨੂੰ ਪਰਵਾਹ ਨਹੀਂ ਕਿ ਤੁਸੀਂ ਕਿੰਨੇ ਪਵਿੱਤਰ ਹੋ,

ਤੁਸੀਂ ਕੌਣ ਹੋ, ਕਿਸ ਤਰ੍ਹਾਂ ਦੇ ਪ੍ਰਚਾਰਕ ਹੋ, ਜਾਜਕ ਜਾਂ ਜੋ ਵੀ ਤੁਸੀਂ ਹੋ ਸਕਦੇ ਹੋ, ਇਥੇ ਕੋਈ ਆਦਮੀ ਨਹੀਂ ਜਿਸ ਦੇ ਦੁਆਲੇ ਕੋਈ ਔਰਤ ਆਪਣੀਆਂ ਬਾਹਾਂ ਸੁੱਟੇ, ਅਤੇ ਕੋਈ ਮਨੁੱਖੀ ਚੇਤਨਾ ਨਾ ਜਾਗੇ। ਇਹ ਬਿਲਕੁਲ ਸੱਚਾਈ ਹੈ। ਪਰ, ਭਰਾਵੋ, ਜੱਦ ਤੁਸੀਂ ਐਥੋਂ ਪਾਰ ਕਰਕੇ ਉਥੇ ਚਲੇ ਜਾਂਦੇ ਹੋ, ਤਾਂ ਉਥੇ ਇਸ ਤਰਾਂ ਨਹੀਂ ਹੈ। ਔਹ, ਮੇਰੇ! ਇਹ ਬਹੁਤ…ਔਹ, ਉਥੇ…ਇਹ ਅਸੰਭਵ ਹੈ। ਇਹ ਸਾਰਾ ਪ੍ਰੇਮ ਹੈ। ਹਰ ਕੋਈ ਅਸਲ ਭਰਾ ਹੈ ਅਤੇ ਹਰ ਕੋਈ ਅਸਲ ਭੈਣ। ਉਥੇ ਕੋਈ ਮੌਤ ਨਹੀਂ, ਕੋਈ ਉਦਾਸੀ, ਕੋਈ ਈਰਖਾ ਨਹੀਂ, ਕੁਝ ਨਹੀਂ, ਕੁਝ ਵੀ ਇਥੇ ਦਾਖਲ ਨਹੀਂ ਹੋ ਸਕਦਾ। ਇਹ ਕੇਵਲ ਸਿੱਧਤਾ ਹੈ। ਇਹੀ ਹੈ ਜਿਸ ਲਈ ਮੈਂ ਸੰਘਰਸ਼ ਕਰ ਰਿਹਾ ਹਾਂ। ਇਹੀ ਹੈ ਜਿਸ ਲਈ ਮੈਂ ਤਿਆਰੀ ਕਰ ਰਿਹਾ ਹਾਂ।

101 ਮੈਂ ਕਿਹਾ, "ਹੇ ਪ੍ਰਭੂ, ਇਹੀ ਉਹ ਚੀਜ਼ ਹੈ ਜਿਸ ਲਈ ਮੈਂ ਇੱਥੇ ਕਲੀਸਿਯਾ ਵਿਚ ਹਾਂ, ਕਲੀਸਿਯਾ ਨੂੰ ਕ੍ਰਮਬੱਧ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ।" ਤੁਹਾਨੂੰ ਦੱਸ ਰਿਹਾ ਹਾਂ, ਭਾਈ ਅਤੇ ਭੈਣ, ਇਥੇ ਇਕੋ ਚੀਜ਼ ਹੈ ਜੋ ਉਸ ਵਿਚ ਜਾ ਸਕਦੀ ਹੈ, ਉਹ ਹੈ ਸਿੱਧ ਪ੍ਰੇਮ। ਇਸ ਲਈ ਨਹੀਂ ਕਿ ਤੁਸੀਂ ਬ੍ਰਨਹਾਮ ਡੇਰੇ, ਜਾਂ ਮੈਥੋਡਿਸਟ ਕਲੀਸਿਯਾ ਜਾਂ ਬੈਪਟਿਸਟ ਕਲੀਸਿਯਾ ਦੇ ਪ੍ਰਤੀ ਵਫ਼ਾਦਾਰ ਹੋ। ਉਹ ਸਭ ਠੀਕ ਹੈ, ਤੁਹਾਨੂੰ ਹੋਣਾ ਚਾਹੀਦਾ ਹੈ। ਪਰ, ਔਹ, ਦੋਸਤੋ, ਤੁਹਾਨੂੰ… ਇਸ ਲਈ ਨਹੀਂ ਕਿ ਤੁਸੀਂ ਤਰ੍ਹਾਂ ਤਰ੍ਹਾਂ ਦੀਆਂ ਭਾਸ਼ਾਵਾਂ ਬੋਲੀਆਂ, ਆਤਮਾ ਵਿੱਚ ਨਾਚ ਕੀਤਾ, ਕਿਉਂਕਿ ਤੁਸੀਂ ਵਿਸ਼ਵਾਸ ਨਾਲ ਭੂਤਾਂ ਨੂੰ ਬਾਹਰ ਕਢਿਆ ਹੈ ਜਾਂ ਪਹਾੜਾਂ ਨੂੰ ਹਿਲਾ ਦਿੱਤਾ ਹੈ। ਇਹ ਸਭ ਕੁਝ ਠੀਕ ਹੈ, ਉਸ ਲਈ ਇਹ ਸਭ ਠੀਕ ਹੈ, ਪਰ ਅਜੇ ਵੀ ਜਦ ਤਕ ਅਸਲ ਸਿੱਧ ਪ੍ਰੇਮ ਉਥੇ ਨਹੀਂ ਹੁੰਦਾ। ਉਹ ਉਥੇ ਸੀ ਜਿੱਥੇ ਸਿੱਧ ਪ੍ਰੇਮ ਸੀ। ਅਤੇ ਇਹੀ ਇਕ ਚੀਜ ਹੈ ਜੋ ਤੁਹਾਨੂੰ ਉਥੇ ਅੰਦਰ ਆਉਣ ਦੇਵੇਗੀ। ਇਹੀ ਇਕ ਚੀਜ ਹੈ ਜੋ ਉਥੇ ਰਹਿ ਸਕਦੀ ਹੈ, ਇਹ ਇਕੋ ਚੀਜ਼ ਸੀ, ਜੋ ਉਥੇ ਸੀ। ਔਹ ਮੇਰੇ! ਇਹ ਇੱਕ ਲੇਪਾਲਕਪਣ ਹੈ। ਪਰਮੇਸ਼ੁਰ ਨੇ, ਜਗਤ ਦੀ ਨੀਂਹ ਤੋਂ ਪਹਿਲਾਂ।

102 ਹੁਣ, ਜਲਦੀ ਆਓ, ਆਓ ਅਗਲੇ ਦਸ ਮਿੰਟਾਂ ਵਿਚ, ਕਿਸੇ ਤਰ੍ਹਾਂ, ਜੇ ਹੋ ਸਕੇ, ਤਾਂ ਇਸ ਇਕ ਅਧਿਆਇ ਨੂੰ ਲਈਏ।

> *ਜਿਸ ਵਿਚ ਅਸੀਂ ਅਧਿਕਾਰੀ ਬਣ ਗਏ…*(ਅਸੀਂ ਕਿਸ ਦੇ ਅਧਿਕਾਰੀ ਬਣ ਗਏ? ਅਨੰਤ ਜੀਵਨ ਦੇ)…*ਅਗੋਂ ਹੀ ਠਹਿਰਾਏ ਜਾ ਕੇ…*

ਕਿਵੇਂ? ਕੀ ਹਰ ਕੋਈ ਇਸਨੂੰ ਸਮਝਦਾ ਹੈ? ਕੀ ਤੁਸੀਂ ਪਰਮੇਸ਼ੁਰ ਨੂੰ ਬੁਲਾਇਆ ਹੈ? ਨਹੀਂ, ਪਰਮੇਸ਼ੁਰ ਨੇ ਤੁਹਾਨੂੰ ਬੁਲਾਇਆ। ਕੁਝ ਲੋਕ ਕਹਿੰਦੇ

ਹਨ, "ਔਹ, ਮੈਂ ਬਸ ਪਰਮੇਸ਼ੁਰ ਨੂੰ ਭਾਲਿਆ, ਅਤੇ ਪਰਮੇਸ਼ੁਰ ਨੂੰ ਭਾਲਿਆ।"

ਤੁਸੀਂ ਨਹੀਂ ਕੀਤਾ। ਕਿਸੇ ਨੇ ਕਦੇ ਪਰਮੇਸ਼ੁਰ ਦੀ ਭਾਲ ਨਹੀਂ ਕੀਤੀ। ਇਹ ਤਾਂ ਪਰਮੇਸ਼ੁਰ ਹੈ ਜੋ ਮਨੁੱਖ ਨੂੰ ਭਾਲ ਰਿਹਾ ਹੈ। ਯਿਸੂ ਨੇ ਕਿਹਾ, "ਕੋਈ ਮੇਰੇ ਕੋਲ ਆ ਨਹੀਂ ਸੱਕਦਾ ਜੇ ਪਿਤਾ ਉਹ ਨੂੰ ਨਾ ਖਿੱਚੇ।" ਦੇਖੋ, ਇਹ ਮਨੁੱਖ ਦਾ ਸੁਭਾਅ ਹੈ ਪਰਮੇਸ਼ੁਰ ਤੋਂ ਭੱਜਣਾ। ਅਤੇ ਹੁਣ ਤੁਸੀਂ ਕਹਿੰਦੇ ਹੋ...

103 ਇਹ, ਇਹ ਉਹ ਚੀਜ਼ ਹੈ ਜੋ ਮੈਨੂੰ ਪ੍ਰੇਸ਼ਾਨ ਕਰਦੀ ਹੈ, ਹਾਲਾਂਕਿ, ਤੁਹਾਨੂੰ ਲੋਕਾਂ ਨੂੰ ਪ੍ਰਚਾਰ ਕਰਨਾ; ਉਸੇ ਹਾਲਤ ਵਿਚ ਨਾ ਰਹੋ ਜਿਸ ਤਰ੍ਹਾਂ ਤੁਸੀਂ ਆਏ ਸੀ, ਹੁਣ ਬਦਲੋ! ਮੈਨੂੰ ਸੁਣੋ ਜਿਵੇਂ ਮੈਂ ਕਹਿੰਦਾ ਹਾਂ, **ਯਹੋਵਾਹ ਇੰਝ ਫਰਮਾਉਂਦਾ ਹੈ**। ਮੈਂ ਕਦੇ ਆਪਣੇ ਆਪ ਨੂੰ ਇਹ ਨਹੀਂ ਕਿਹਾ, ਮੈਂ ਨਹੀਂ ਹਾਂ। ਪਰ ਤੁਸੀਂ ਮੈਨੂੰ ਆਪਣਾ ਨਬੀ, ਜਾਂ ਇੱਕ ਨਬੀ ਕਹਿੰਦੇ ਹੋ। ਦੁਨੀਆਂ ਵਿਸ਼ਵਾਸ ਕਰਦਾ ਹੈ ਕਿ, ਦੁਨੀਆ ਭਰ ਵਿਚ, ਲੱਖਾਂ ਅਤੇ ਕਰੋੜਾਂ ਅਤੇ ਕਰੋੜਾਂ ਲੋਕ। ਮੈਂ ਸਿੱਧੇ ਅਤੇ ਅਸਿੱਧੇ ਤੌਰ ਤੇ ਕਰੋੜ ਜਾਂ—ਇੱਕ ਕਰੋੜ ਵੀਹ ਲੱਖ, ਜਾਂ ਇਸ ਤੋਂ ਵੱਧ, ਲੋਕਾਂ ਨਾਲ ਸਿੱਧੇ ਤੌਰ ਤੇ ਗੱਲ ਕੀਤੀ ਹੈ। ਮੈਂ ਹਜ਼ਾਰਾਂ ਦਰਸ਼ਣਾਂ ਅਤੇ ਚਿੰਨ੍ਹ ਅਤੇ ਚਮਤਕਾਰਾਂ ਨੂੰ ਵੇਖਿਆ ਹੈ, ਅਤੇ ਉਨ੍ਹਾਂ ਵਿੱਚੋਂ ਇੱਕ ਵੀ ਕਦੇ ਅਸਫਲ ਨਹੀਂ ਹੋਇਆ। ਅਤੇ ਇਹ ਸਹੀ ਹੈ। ਉਸਨੇ ਮੈਨੂੰ ਅਜਿਹੀਆਂ ਗੱਲਾਂ ਬਾਰੇ ਪਹਿਲਾਂ ਤੋਂ ਦੱਸਿਆ ਹੈ ਜੋ ਬਿਲਕੁਲ ਓਸੇ ਤਰ੍ਹਾਂ ਵਾਪਰਨ ਵਿੱਚ ਕਦੇ ਵੀ ਅਸਫਲ ਨਹੀਂ ਹੋਈਆਂ। ਮੈਂ ਉਸ ਲਈ ਕਿਸੇ ਵੀ ਆਦਮੀ ਨਾਲ ਮੁਕੱਦਮਾ ਕਰ ਸਕਦਾ ਹਾਂ। ਇਹ ਠੀਕ ਹੈ। ਮੈਂ ਇਕ ਨਬੀ ਹੋਣ ਦਾ ਦਾਅਵਾ ਨਹੀਂ ਕਰਦਾ, ਪਰ ਤੁਸੀਂ ਮੇਰੀ ਸੁਣਦੇ ਹੋ।

104 **ਯਹੋਵਾਹ ਇੰਝ ਫਰਮਾਉਂਦਾ ਹੈ**, ਤੁਹਾਨੂੰ ਉਸ ਸਥਾਨ ਤੇ ਰੱਖਣ ਲਈ ਸਿੱਧ ਪ੍ਰੇਮ ਦੀ ਲੋੜ੍ਹ ਹੈ, ਕਿਉਂਕਿ ਇਹ ਉਹ ਸਭ ਕੁਝ ਹੈ ਜੋ ਕੁਝ ਉਥੇ ਸੀ। ਕੋਈ ਫਰਕ ਨਹੀਂ ਪੈਂਦਾ ਕਿੰਨਾ ਪੈਸਾ, ਕਿੰਨੇ ਧਾਰਮਿਕ ਪ੍ਰਦਰਸ਼ਨ, ਤੁਸੀਂ ਕਿੰਨੇ ਚੰਗੇ ਕੰਮ ਕੀਤੇ ਜਾਂ ਜੋ ਕੁਝ ਵੀ ਕੀਤਾ ਹੋਵੇ, ਇਹ ਉਸ ਦਿਨ ਕੁਝ ਵੀ ਮਾਇਨੇ ਨਹੀਂ ਰਖੇਗਾ। ਇਸ ਦੇ ਲਈ ਸਿੱਧ ਪ੍ਰੇਮ ਦੀ ਲੋੜ੍ਹ ਹੈ। ਇਸ ਲਈ ਜੋ ਵੀ ਤੁਸੀਂ ਕਰਦੇ ਹੋ, ਤੁਸੀਂ ਸਭ ਕੁਝ ਇੱਕ ਪਾਸੇ ਰੱਖ ਦਿਓ ਜਦ ਤੱਕ ਤੁਸੀਂ ਪਰਮੇਸ਼ੁਰ ਦੇ ਪ੍ਰੇਮ ਨਾਲ ਐਨੇ ਨਹੀਂ ਭਰ ਜਾਂਦੇ ਕਿ ਤੁਸੀਂ ਉਨ੍ਹਾਂ ਨੂੰ ਪਿਆਰ ਕਰ ਸਕਦੇ ਜੋ ਤੁਹਾਨੂੰ ਨਫ਼ਰਤ ਕਰਦੇ ਹਨ।

105 ਮੈਂ ਜਿਵੇਂ ਅੱਜ ਸਵੇਰੇ ਕਿਹਾ ਸੀ, ਮੈਂ ਬਣਾਇਆ ਗਿਆ ਸੀ, ਮੇਰੀ ਪੂਰੀ ਬਣਾਵਟ ਕਿਰਪਾ ਹੈ। ਬਹੁਤ ਸਾਰੇ ਲੋਕ ਕਹਿੰਦੇ ਹਨ, "ਹੁਣ, ਤੁਸੀਂ ਮੇਰੀ ਪਿੱਠ ਖੁਰਕੋ ਅਤੇ ਮੈਂ ਤੁਹਾਡੀ ਖੁਰਕਾਂਗਾ। ਹਾਂ, ਤੁਸੀਂ ਮੇਰੇ ਲਈ ਕੁਝ ਕਰੋ ਅਤੇ ਮੈਂ ਤੁਹਾਡੇ ਲਈ ਕੁਝ ਕਰਾਂਗਾ।" ਇਹ ਕਿਰਪਾ ਨਹੀਂ ਹੈ। ਕਿਰਪਾ ਇਹ ਹੈ, ਜੇ

ਤੁਹਾਡੀ ਪਿੱਠ ਤੇ ਖੁਜਲੀ ਹੋ ਰਹੀ ਹੈ, ਮੈਂ ਇਸ ਨੂੰ ਕਿਸੇ ਵੀ ਤਰ੍ਹਾਂ ਖੁਰਕਾਂਗਾ, ਭਾਵੇਂ ਤੁਸੀਂ ਮੇਰੀ ਖੁਰਕੋ ਜਾਂ ਨਾ; ਤੁਸੀਂ ਮੈਨੂੰ ਚਿਹਰੇ ਤੇ ਥੱਪੜ ਮਾਰਦੇ ਹੋ, ਅਤੇ ਕਹਿੰਦੇ ਹੋ "ਮੇਰੀ ਪਿੱਠ ਨੂੰ ਖੁਰਕਣ ਦੀ ਜ਼ਰੂਰਤ ਹੈ, ਜਾਂ, ਖੁਰਕਣ ਦੀ ਜ਼ਰੂਰਤ ਹੈ," ਮੈਂ ਇਸ ਨੂੰ ਖੁਰਕਾਂਗਾ। ਸਮਝੇ? ਇਹੀ ਹੈ, ਕੁਝ ਕਰੋ। ਮੈਂ ਕੰਮਾਂ ਵਿਚ ਵਿਸ਼ਵਾਸ਼ ਨਹੀਂ ਰੱਖਦਾ। ਮੇਰਾ ਮੰਨਣਾ ਹੈ ਕਿ ਕੰਮ ਪ੍ਰੇਮ ਹਨ। ਕੰਮ ਹਨ—ਕੰਮ ਇਸ ਚੀਜ ਦਾ ਪ੍ਰਗਟਾਵਾ ਹਨ ਕਿ ਕਿਰਪਾ ਹੋਈ ਹੈ। ਮੈਂ ਆਪਣੀ ਪਤਨੀ ਨਾਲ ਇਸ ਲਈ ਵਫ਼ਾਦਾਰ ਨਹੀਂ ਰਿਹਾ ਕਿਉਂਕਿ ਮੈਨੂੰ ਲਗਦਾ ਹੈ ਕਿ ਜੇ ਮੈਂ ਨਹੀਂ ਰਹਿੰਦਾ ਤਾਂ ਉਹ ਮੈਨੂੰ ਤਲਾਕ ਦੇ ਦੇਵੇਗੀ, ਮੈਂ ਉਸ ਨਾਲ ਵਫ਼ਾਦਾਰ ਰਹਿੰਦਾ ਹਾਂ ਕਿਉਂਕਿ ਮੈਂ ਉਸ ਨੂੰ ਪਿਆਰ ਕਰਦਾ ਹਾਂ।

106 ਮੈਂ ਇੰਜੀਲ ਦਾ ਪ੍ਰਚਾਰ ਇਸ ਵਾਸਤੇ ਨਹੀਂ ਕਰਦਾ ਕਿਉਂਕਿ ਮੈਨੂੰ ਲਗਦਾ ਹੈ ਕਿ ਜੇ ਮੈਂ ਇਹ ਨਾ ਕੀਤਾ ਤਾਂ ਮੈਂ ਨਰਕ ਵਿਚ ਜਾਵਾਂਗਾ, ਮੈਂ ਇੰਜੀਲ ਦਾ ਪ੍ਰਚਾਰ ਕਰਦਾ ਹਾਂ ਕਿਉਂਕਿ ਮੈਂ ਉਸ ਨੂੰ ਪਿਆਰ ਕਰਦਾ ਹਾਂ। ਯਕੀਨਨ। ਤੁਸੀਂ ਸੋਚਦੇ ਹੋ ਕਿ ਮੈਂ ਉਨ੍ਹਾਂ ਤੂਫਾਨੀ ਸਮੁੰਦਰ ਨੂੰ ਪਾਰ ਕਰਾਂਗਾ, ਅਤੇ ਉਹ ਹਵਾਈ ਜਹਾਜ ਹੇਠਾਂ ਉੱਪਰ ਗੋਤੇ ਲਾ ਰਿਹਾ ਹੋਵੇਗਾ, ਅਤੇ ਆਸ ਪਾਸ ਬਿਜਲੀ ਚਮਕ ਰਹੀ ਹੋਵੇਗੀ, ਅਤੇ—ਅਤੇ ਸਭ ਕੁਝ, ਅਤੇ ਕਿਸੇ ਵੀ ਮਿੰਟ...ਅਤੇ ਹਰ ਕੋਈ ਰੌਲਾ ਪਾ ਰਿਹਾ ਹੈ, ਅਤੇ ਹਵਾਈ ਜਹਾਜ਼ ਵਿੱਚ "ਮਰਿਯਮ ਦੀ ਜੈ" ਹੋ ਰਹੀ ਹੈ, ਅਤੇ ਸਭ ਕੁਝ? ਉਹ ਲੋਕ ਉਨ੍ਹਾਂ ਦੀ ਸੁੱਰਖਿਆ ਬੈਲਟਾਂ ਵਿੱਚ ਝੂਟੇ ਲੈ ਰਹੇ ਹਨ, ਅਤੇ ਪਾਇਲਟ ਕਹਿੰਦਾ ਹੈ, "ਪੰਦਰਾਂ ਮਿੰਟਾਂ ਲਈ ਗੈਸ ਬਚੀ ਹੈ, ਪਤਾ ਨਹੀਂ ਅਸੀਂ ਕਿੱਥੇ ਹਾਂ।" ਕੀ ਤੁਹਾਨੂੰ ਲਗਦਾ ਹੈ ਕਿ ਮੈਂ ਅਜਿਹਾ ਸਿਰਫ— ਸਿਰਫ਼ ਮਨੋਰੰਜਨ ਲਈ ਕਰਾਂਗਾ? ਹੂੰਹ! ਕੀ ਤੁਹਾਨੂੰ ਲਗਦਾ ਹੈ ਕਿ ਮੈਂ ਉਥੇ ਜੰਗਲ ਵਿਚ ਜਾਵਾਂਗਾ ਜਿਥੇ ਜਰਮਨ ਸਿਪਾਹੀਆਂ ਨੂੰ ਆਪਣੀਆਂ ਬਾਹਾਂ ਮੇਰੇ ਦੁਆਲੇ ਰੱਖਣੀਆਂ ਪੈਂਦੀਆਂ ਸਨ ਹਰ ਰਾਤ *ਇਸ* ਤਰ੍ਹਾਂ ਅਤੇ ਮੈਨੂੰ ਮੀਟਿੰਗ ਵਿਚ ਅਤੇ ਬਾਹਰ ਲੈ ਜਾਂਦੇ ਸਨ, ਜਦ ਤਕ ਪਵਿੱਤਰ ਆਤਮਾ ਨੇ ਚਮਤਕਾਰ ਕਰਨੇ ਸ਼ੁਰੂ ਨਹੀਂ ਕਰ ਦਿੱਤੇ? ਫਿਰਕਾਪ੍ਰਸਤ ਲੋਕ ਮੈਨੂੰ ਇਕ ਮੀਲ ਦੂਰ ਤੋਂ ਗੋਲੀ ਮਾਰਨ ਲਈ, ਰਾਤ ਨੂੰ ਦੂਰਬੀਨ ਲੈ ਕੇ ਬੈਠਦੇ ਸਨ। ਕੀ ਤੁਹਾਨੂੰ ਲਗਦਾ ਹੈ ਕਿ ਮੈਂ ਅਜਿਹਾ ਮਨੋਰੰਜਨ ਲਈ ਕਰਾਂਗਾ? ਕਿਉਂਕਿ ਮੇਰੇ ਅੰਦਰਲੀ ਕੋਈ ਚੀਜ਼ ਪਿਆਰ ਕਰਦੀ ਹੈ; ਉਹ ਮਨੁੱਖ ਹਨ ਜਿਨ੍ਹਾਂ ਦੇ ਲਈ ਮਸੀਹ ਮਰਿਆ। ਪੌਲੂਸ ਨੇ ਕਿਹਾ, "ਮੈਂ ਨਾ ਸਿਰਫ ਯਰੂਸ਼ਲਮ ਜਾਣ ਲਈ ਤਿਆਰ ਹਾਂ, ਪਰ ਮੈਂ ਸਲੀਬ ਉੱਤੇ ਚੜ੍ਹਣ ਲਈ ਉਥੇ ਜਾ ਰਿਹਾ ਹਾਂ। ਮੈਂ ਮਰਨ ਜਾ ਰਿਹਾ ਹਾਂ। ਮੈਂ ਪ੍ਰਭੂ ਦੇ ਕਾਰਣ ਮਰਨ ਲਈ ਉਥੇ ਜਾ ਰਿਹਾ ਹਾਂ।" ਇਹ ਉਹ ਚੀਜ਼ ਹੈ, ਪਿਆਰ ਜੋ ਤੁਹਾਨੂੰ ਰੋਕਦਾ ਹੈ, ਇਹ ਤੁਹਾਨੂੰ ਬਣਾਉਂਦਾ ਹੈ। ਇਹ ਬਿਲਕੁਲ ਸਹੀ ਹੈ।

107 ਜੇ ਮੈਂ ਪੈਸਿਆਂ ਲਈ ਇੰਜੀਲ ਦਾ ਪ੍ਰਚਾਰ ਕੀਤਾ ਹੁੰਦਾ, ਜੇ ਇਹ ਹੁੰਦਾ, ਤਾਂ ਅੱਜ ਰਾਤ ਮੇਰੇ ਉੱਤੇ 20 ਹਜ਼ਾਰ ਡਾਲਰ ਕਰਜ਼ਾ ਨਾ ਹੁੰਦਾ, ਮੈਂ ਉਸ ਕਰਜੇ ਹੇਠ ਨਾ ਹੁੰਦਾ। ਨਹੀਂ, ਸ਼੍ਰੀ ਮਾਨ। ਕਿਉਂਕਿ ਮੈਂ ਉਨ੍ਹਾਂ ਵਿਚੋਂ ਕੁਝ ਰੱਖ ਲਿਆ ਹੁੰਦਾ ਜਿਹੜੇ ਵੀਹ—ਲੱਖ ਡਾਲਰ ਮੈਨੂੰ ਦਿੱਤੇ ਗਏ ਸਨ। ਇਕ ਆਦਮੀ ਨੇ, ਇਕ ਆਦਮੀ ਨੇ ਐਫ.ਬੀ.ਆਈ. ਏਜੰਟ ਨੂੰ ਇੱਕ ਮਿਲੀਅਨ-ਪੰਜ-ਸੌ-ਹਜ਼ਾਰ-ਡਾਲਰ ਦੇ ਡਰਾਫਟ ਨਾਲ ਭੇਜਿਆ। ਅਤੇ ਮੈਂ ਕਿਹਾ, "ਇਸ ਨੂੰ ਵਾਪਸ ਲੈ ਜਾਓ।" ਪੈਸੇ ਲਈ ਨਹੀਂ! ਇਹ ਪੈਸਾ ਨਹੀਂ ਹੈ। ਮੈਂ ਪੈਸਿਆਂ ਲਈ ਇੰਜੀਲ ਦਾ ਪ੍ਰਚਾਰ ਨਹੀਂ ਕਰਦਾ। ਉਸ ਲਈ ਨਹੀਂ!

108 ਇਹ ਪ੍ਰੇਮ ਦੇ ਕਾਰਨ ਹੈ। ਜਿਹੜੀ ਚੀਜ ਮੈਂ ਕਰਨਾ ਚਾਹੁੰਦਾ ਹਾਂ, ਉਹ ਹੈ, ਜਦੋਂ ਮੈਂ ਉਸ ਆਖਰੀ ਸਾਹ ਨੂੰ ਲਵਾਂ, ਜੋ ਹੁਣ ਤੋਂ ਪੰਜ ਮਿੰਟਾਂ ਵਿੱਚ ਹੋ ਸਕਦਾ ਹੈ, ਇਹ ਹੁਣ ਤੋਂ ਦੋ ਘੰਟਿਆਂ ਵਿੱਚ ਹੋ ਸਕਦਾ ਹੈ, ਇਹ ਹੁਣ ਤੋਂ ਪੰਜਾਹ ਸਾਲ ਬਾਅਦ ਹੋ ਸਕਦਾ ਹੈ, ਮੈਨੂੰ ਨਹੀਂ ਪਤਾ ਕਦੋਂ ਹੋਵੇਗਾ। ਪਰ ਜਦੋਂ ਇਹ ਹੋਵੇਗਾ, ਮੈਂ ਉਥੇ ਪਹੁੰਚਦਾ ਹਾਂ, ਮੈਂ ਤੁਹਾਨੂੰ ਜਵਾਨੀ ਦੀ ਸ਼ਾਨ, ਦੌੜਦਿਆਂ, ਰੌਲਾ ਪਾਉਂਦੇ ਹੋਏ ਵੇਖਣਾ ਚਾਹੁੰਦਾ ਹਾਂ, "ਮੇਰੇ ਪਿਆਰੇ ਭਾਈ! ਮੇਰਾ ਭਾਈ!" ਮੇਰੇ ਮਨ ਵਿਚ ਇਹੋ ਹੈ। ਇਸ ਕਰਕੇ। ਮੈਂ ਤੁਹਾਡੇ ਨਾਲ ਵੱਖਰਾ ਬਨਣ ਲਈ ਅਸਹਿਮਤ ਹੋਣ ਦੀ—ਦੀ ਕੋਸ਼ਿਸ਼ ਨਹੀਂ ਕਰਦਾ, ਪਰ ਮੈਂ ਤੁਹਾਨੂੰ ਉਸ ਰਾਹ ਤੇ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ ਜੋ ਸਹੀ ਹੈ। ਇਹੀ ਉਹ ਰਸਤਾ ਹੈ। ਤੁਹਾਡੀ ਕਲੀਸਿਯਾ ਨਹੀਂ, ਤੁਹਾਡੀ ਨਾਮਧਾਰੀ ਕਲੀਸਿਯਾ ਨਹੀਂ, ਪ੍ਰੰਤੂ ਮਸੀਹ ਵਿੱਚ ਤੁਹਾਡਾ ਜਨਮ ਹੈ। ਔਹ, ਮੇਰੇ। ਫ਼ਯੁ!

> *ਉਸੇ ਵਿੱਚ…ਅਸੀਂ ਵੀ…ਉਹ ਦੀ ਧਾਰਨਾ ਮੂਜਬ, ਅੱਗੋ ਹੀ ਠਹਿਰਾਏ ਜਾ ਕੇ ਅਧਕਾਰ ਬਣ ਗਏ ਜਿਹੜਾ ਆਪਣੀ ਇੱਛਿਆ ਦੇ ਮਤੇ ਅਨੁਸਾਰ ਸੱਭੋ ਕੁਝ ਕਰਦਾ ਹੈ:*

109 ਸੁਣੋ। ਅਸੀਂ ਕੁਝ ਮਿੰਟਾਂ ਵਿਚ ਬੰਦ ਕਰਾਂਗੇ। ਬੰਦ ਕਰਨ ਤੋਂ ਪਹਿਲਾਂ ਹੁਣ ਧਿਆਨ ਨਾਲ ਸੁਣੋ।

> *ਅਸੀਂ ਜਿਨ੍ਹਾਂ ਪਹਿਲਾਂ…ਮਸੀਹ…ਉੱਤੇ ਆਸ ਕੀਤੀ ਸੀ ਉਹ ਦੀ ਮਹਿਮਾ ਦੀ ਉਸਤਤ ਹੋਈਏ।*
>
> *ਜਿਸ ਵਿੱਚ ਤੁਸੀਂ ਨਿਹਚਾ ਵੀ ਕੀਤੀ,…*

110 ਹੁਣ ਇਸ ਨੂੰ ਦੇਖੋ, ਧਿਆਨ ਨਾਲ। ਆਪਣੀਆਂ ਜੈਕਟਾਂ, ਇੰਜੀਲ ਦੀਆਂ ਜੈਕਟਾਂ ਪਹਿਣ ਲਵੋ। ਆਪਣੇ ਕੰਨ ਖੁਲੇ ਰੱਖੋ, ਧਿਆਨ ਨਾਲ ਸੁਣੋ। ਮੈਂ 13ਵੀਂ ਆਇਤ ਤੇ ਹਾਂ।

> *ਜਿਸ ਵਿੱਚ ਤੁਸੀਂ ਨਿਹਚਾ ਵੀ ਕੀਤੀ, ਜਦੋਂ ਤੁਸੀਂ ਸੁਣੀ…*

"ਵਿਸ਼ਵਾਸ ਆਉਂਦਾ ਹੈ..." [ਸਭਾ ਕਹਿੰਦੀ ਹੈ, "ਸੁਣਨ ਨਾਲ।"—ਸੰਪਾਦਕ।] "ਸੁਣਨਾ..." ["ਵਚਨ।"] "ਵਚਨ ਤੋਂ..." ["ਪਰਮੇਸ਼ੁਰ।"]

*...ਜਿਸ ਵੇਲੇ ਤੁਸਾਂ ਸਚਿਆਈ ਦੇ ਵਚਨ ਨੂੰ ਸੁਣਿਆ,...*

111 ਸਚਿਆਈ ਕੀ ਹੈ? ਪਰਮੇਸ਼ੁਰ ਦਾ ਵਚਨ। ਕੀ ਇਹ ਸਹੀ ਹੈ? ਯੂਹੰਨਾ 17:17, ਤੁਸੀਂ ਜਿਹੜੇ ਲਿਖਤਾਂ ਨੂੰ ਨੋਟ ਕਰ ਰਹੇ ਹੋ, ਯਿਸੂ ਨੇ ਕਿਹਾ, "ਓਹਨਾਂ ਨੂੰ ਪਵਿੱਤ੍ਰ ਕਰ, ਪਿਤਾ, ਸਚਿਆਈ ਨਾਲ। ਤੇਰਾ ਵਚਨ ਸਚਿਆਈ ਹੈ।"

...ਜੱਦ ਤੁਸਾਂ *ਸਚਿਆਈ* ਨੂੰ ਸੁਣਿਆ, *ਆਪਣੀ ਮੁਕਤੀ ਦੀ ਖੁਸ਼ਖਬਰੀ:...*

112 ਉਹ ਉਹਨਾਂ ਨੂੰ ਕਿਹੜੀ ਮੁਕਤੀ ਬਾਰੇ ਦੱਸਣ ਦੀ ਕੋਸ਼ਿਸ਼ ਕਰ ਰਿਹਾ ਸੀ? ਧਰਤੀ ਦੀ ਨੀਂਹ ਤੋਂ ਅਗੇਤਰੇ ਠਹਿਰਾਏ ਗਏ (ਕੀ ਇਹ ਸਹੀ ਹੈ?), ਪੁੱਤਰਾਂ ਦੇ ਲੇਪਾਲਕਪਨ ਲਈ, ਅਨੰਤ ਜੀਵਨ ਦੇ ਲਈ ਅਗੇਤਰੇ ਠਹਿਰਾਏ ਗਏ। ਹੁਣ, ਤੁਹਾਡੇ ਅਨੰਤ ਜੀਵਨ ਵਿੱਚ ਆਉਣ ਤੋਂ ਬਾਅਦ, ਤੁਹਾਡੇ ਬਚਾਏ ਜਾਣ ਤੋਂ ਬਾਅਦ, ਪਵਿੱਤਰ ਕੀਤੇ ਜਾਣ ਤੋਂ ਬਾਅਦ, ਪਵਿੱਤਰ ਆਤਮਾ ਨਾਲ ਭਰੇ ਹੋਏ, ਤੁਸੀਂ ਪੁੱਤਰ ਹੋ। ਹੁਣ ਪਰਮੇਸ਼ੁਰ ਤੁਹਾਨੂੰ ਅਹੁਦੇ ਤੇ ਰੱਖਣਾ ਚਾਹੁੰਦਾ ਹੈ, ਔਹ, ਤਾਂ ਜੋ ਤੁਸੀਂ ਉਸਦੇ ਰਾਜ ਅਤੇ ਉਸਦੀ ਮਹਿਮਾ ਲਈ ਕੰਮ ਕਰ ਸਕੋ।

113 ਇਹ ਖੁਸ਼ਖਬਰੀ ਹੈ। ਪਹਿਲਾਂ, ਵਚਨ ਨੂੰ ਸੁਣੋ, "ਤੋਬਾ ਕਰੋ, ਅਤੇ ਪਾਪਾਂ ਦੀ ਮਾਫ਼ੀ ਲਈ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਓ।" ਤੁਹਾਡੇ ਸਾਰੇ ਪਾਪ ਦੂਰ ਕਰ ਦਿੰਦੀ ਹੈ, ਵਾਅਦਾ ਕੀਤੀ ਧਰਤੀ ਲਈ, ਪ੍ਰਭੂ ਯਿਸੂ ਮਸੀਹ ਦੇ ਨਾਮ ਤੇ ਪੁਕਾਰ ਰਹੀ ਹੈ। ਵਾਅਦਾ ਤੁਹਾਡੇ ਰਾਹ ਵਿਚ ਆਉਣ ਵਾਲੇ ਹਰ ਅਜਨਬੀ ਲਈ ਹੈ। ਜੇ ਤੁਸੀਂ ਅੱਜ ਰਾਤ ਨੂੰ ਆਪਣਾ ਘਰ ਛੱਡ ਦਿੰਦੇ ਹੋ, ਇੱਕ ਪਾਪੀ, ਇਹ ਕਹਿੰਦੇ ਹੋਏ, "ਮੈਂ ਬ੍ਰਨਹਾਮ ਡੇਹਰੇ ਵਿੱਚ ਜਾਵਾਂਗਾ," ਪਰਮੇਸ਼ੁਰ ਅੱਜ ਰਾਤ ਤੁਹਾਨੂੰ ਮੌਕਾ ਦੇ ਰਿਹਾ ਹੈ। ਤੁਹਾਡੇ ਅਤੇ ਵਾਅਦਾ ਕੀਤੀ ਹੋਈ ਧਰਤੀ ਦੇ ਵਿਚਕਾਰ ਇੱਕ ਚੀਜ਼ ਹੈ। ਵਾਅਦਾ ਕੀਤੀ ਹੋਈ ਧਰਤੀ ਕੀ ਹੈ? ਪਵਿੱਤਰ ਆਤਮਾ। ਯਹੋਸ਼ੁਆ ਅਤੇ ਵਾਅਦਾ ਕੀਤੀ ਹੋਈ ਧਰਤੀ ਦੇ ਵਿਚਕਾਰ ਜੋ ਰੱਖਿਆ ਗਿਆ ਸੀ ਉਹ ਸੀ ਯਰਦਨ। ਬਿਲਕੁਲ ਸਹੀ।

114 ਮੂਸਾ, ਇਕ ਕਿਸਮ ਦਾ ਮਸੀਹ ਸੀ, ਬੱਚਿਆਂ ਨੂੰ ਵਾਅਦਾ ਕੀਤੀ ਹੋਈ ਧਰਤੀ ਵੱਲ ਲੈ ਗਿਆ, ਫ਼ੇਰ ਮੂਸਾ ਨੇ ਬੱਚਿਆਂ ਨੂੰ ਵਾਅਦਾ ਕੀਤੀ ਹੋਈ ਧਰਤੀ ਵਿੱਚ ਨਹੀਂ ਲਿਜਾਇਆ। ਯਹੋਸ਼ੁਆ ਲੋਕਾਂ ਨੂੰ ਅੰਦਰ ਲੈ ਗਿਆ ਅਤੇ ਧਰਤੀ ਨੂੰ ਵੰਡ ਦਿੱਤਾ। ਯਿਸੂ ਨੇ ਕੀਮਤ ਅਦਾ ਕੀਤੀ, ਉਨ੍ਹਾਂ ਨੂੰ ਪਵਿੱਤਰ ਆਤਮਾ ਵੱਲ ਲੈ ਗਿਆ। ਪਰਮੇਸ਼ੁਰ ਨੇ ਪਵਿੱਤਰ ਆਤਮਾ ਨੂੰ ਹੇਠਾਂ ਭੇਜਿਆ ਹੈ ਅਤੇ ਉਸਨੇ ਕਲੀਸਿਯਾ ਨੂੰ ਉਸਦੇ ਸਥਾਨ ਉੱਤੇ ਵਿਵਸਥਾ ਵਿੱਚ ਰੱਖਿਆ, ਹਰ

ਆਦਮੀ, ਉਸ ਨੂੰ ਆਪਣੀ ਹਜ਼ੂਰੀ ਨਾਲ ਭਰ ਰਿਹਾ ਹੈ। ਤੁਸੀਂ ਸਮਝੇ ਮੇਰਾ ਮਤਲਬ ਕੀ ਹੈ? ਮਸੀਹ ਯਿਸੂ ਵਿੱਚ ਸਾਰੇ, ਕਿਸ ਤਰ੍ਹਾਂ ਪਰਮੇਸ਼ੁਰ ਨੇ ਇਸ ਨੂੰ ਇੰਜੀਲ ਦੀ ਬੁਲਾਹਟ ਲਈ ਪਹਿਲਾਂ ਤੋਂ ਠਹਿਰਾਇਆ!

115 ਪੌਲੁਸ ਨੇ, ਗਲਾਤੀਆਂ 1:8, ਵਿੱਚ ਕਿਹਾ, "ਜੇ ਕੋਈ ਦੂਤ ਕਿਸੇ ਹੋਰ ਗੱਲ ਦਾ ਪ੍ਰਚਾਰ ਕਰਨ ਆਵੇ, ਤਾਂ ਉਹ ਸਰਾਪਤ ਹੋਵੇ।" ਸੱਚਾਈ, ਇੰਜੀਲ। ਹੁਣ ਧਿਆਨ ਨਾਲ ਸੁਣੋ ਜਿਵੇਂ ਅਸੀਂ ਇਸ ਨੂੰ ਪੜ੍ਹਦੇ ਹਾਂ, ਆਇਤ ਨੂੰ ਸਮਾਪਤ ਕਰਦੇ ਹੋਏ।

> *...ਤੁਹਾਡੀ ਮੁਕਤੀ ਦੀ ਖੁਸ਼ ਖਬਰੀ: ਜਿਸ ਵਿੱਚ...*(ਧਿਆਨ ਨਾਲ ਸੁਣੋ)*...ਜਦ ਤੁਸੀਂ ਨਿਹਚਾ ਕੀਤੀ, ਵਾਇਦੇ ਦੇ ਪਵਿੱਤਰ ਆਤਮਾ ਨਾਲ ਤੁਹਾਡੇ ਉੱਤੇ ਵੀ ਮੋਹਰ ਲੱਗੀ,*

116 ਆਖ਼ਰੀ ਦਿਨਾਂ ਵਿਚ, ਬਾਈਬਲ ਨੇ ਕਿਹਾ, ਹੁਣ ਦੇਖੋ, ਆਖਰੀ ਦਿਨਾਂ ਵਿਚ ਇੱਥੇ ਦੋ ਵਰਗਾਂ ਦੇ ਲੋਕ ਹੋਣਗੇ। ਉਨ੍ਹਾਂ ਵਿਚੋਂ ਇਕ ਉੱਤੇ ਪਰਮੇਸ਼ੁਰ ਦੀ ਮੋਹਰ ਲੱਗਣੀ ਹੈ, ਦੂਸਰੇ ਤੇ ਪਸ਼ੂ ਦੀ ਛਾਪ ਹੋਵੇਗੀ। ਕੀ ਇਹ ਸਹੀ ਹੈ? ਕਿੰਨੇ ਇਹ ਜਾਣਦੇ ਹਨ? ਖੈਰ, ਜੇ ਪਰਮੇਸ਼ੁਰ ਦੀ ਮੋਹਰ ਹੈ...ਜੇ ਪਰਮੇਸ਼ੁਰ ਦੀ ਮੋਹਰ ਪਵਿੱਤਰ ਆਤਮਾ ਹੈ, ਤਾਂ ਪਵਿੱਤਰ ਆਤਮਾ ਤੋਂ ਬਿਨਾਂ ਪਸ਼ੂ ਦੀ ਛਾਪ ਹੈ। ਅਤੇ ਬਾਈਬਲ ਨੇ ਕਿਹਾ ਕਿ ਇਹ ਦੋਵੇਂ ਆਤਮਾ ਇੰਨੇ ਨੇੜੇ ਹੋਣਗੇ ਕਿ ਜੇ ਸੰਭਵ ਹੁੰਦਾ ਤਾਂ ਚੁਣਿਆਂ ਹੋਇਆਂ ਨੂੰ ਵੀ ਭਰਮਾ ਲੈਂਦੇ। ਇਹ ਕਦੇ ਨਹੀਂ ਕਰੇਗਾ, ਕਿਉਂਕਿ ਉਹ ਅਨੰਤ ਜੀਵਨ ਲਈ ਚੁਣੇ ਗਏ ਸਨ। ਸਮਝੇ?

117 ਕਲੀਸਿਯਾ ਜਾ ਰਹੀ ਹੈ, ਜਿਵੇਂ ਕਿ ਜਾਣਦੇ ਹੋਏ ਕਿ ਉਥੇ ਦਸ ਕੁਆਰੀਆਂ ਪ੍ਰਭੂ ਨੂੰ ਮਿਲਣ ਲਈ ਗਈਆਂ ਸਨ, ਸਾਰੀਆਂ ਪਵਿੱਤਰ, ਸਾਰੀਆਂ ਪਵਿੱਤਰ, ਉਹਨਾਂ ਵਿਚੋਂ ਹਰ ਇਕ ਪਵਿੱਤਰ ਸੀ। ਪੰਜ ਆਲਸੀ ਸਨ ਅਤੇ ਉਨ੍ਹਾਂ ਨੇ ਆਪਣੇ ਦੀਵੇ ਬੁੱਝਣ ਦਿੱਤੇ। ਪੰਜਾਂ ਦੇ ਦੀਵਿਆਂ ਵਿੱਚ ਤੇਲ ਸੀ। "ਅਤੇ ਦੇਖੋ, ਲਾੜਾ ਆ ਰਿਹਾ ਹੈ!" ਅਤੇ ਪੰਜ ਜਿਨ੍ਹਾਂ ਦੇ ਦੀਵਿਆਂ ਵਿੱਚ ਤੇਲ ਸੀ ਉਹ ਵਿਆਹ ਦੇ ਭੋਜ ਵਿੱਚ ਚਲੀਆਂ ਗਈਆਂ। ਅਤੇ ਬਾਕੀ ਉਥੇ ਬਾਹਰ ਹੀ ਰਹਿ ਗਈਆਂ ਜਿਥੇ ਰੋਣਾ ਅਤੇ ਕੁਰਲਾਉਣਾ ਅਤੇ ਦੰਦਾਂ ਦਾ ਪੀਹਣਾ ਸੀ। ਤਿਆਰ ਰਹੋ, ਕਿਉਂਕਿ ਤੁਹਾਨੂੰ ਨਹੀਂ ਪਤਾ ਕਿ ਪ੍ਰਭੂ ਕਿਸ ਘੜੀ ਆ ਜਾਵੇ। ਰੱਖੋ... ਬਾਈਬਲ ਵਿਚ ਤੇਲ ਕਿਸ ਨੂੰ ਦਰਸਾਉਂਦਾ ਹੈ? ਪਵਿੱਤਰ ਆਤਮਾ ਨੂੰ।

118 ਹੁਣ ਅੱਜ ਤੁਹਾਡੇ ਲਈ, ਤੁਸੀਂ ਸੱਤਵੇਂ-ਦਿਨ ਦੇ ਐਡਵੈਂਟਿਸਟ ਭਰਾ ਜਿਨ੍ਹਾਂ ਨੇ ਕਿਹਾ ਸੀ ਕਿ ਸੱਤਵਾਂ ਦਿਨ ਪਰਮੇਸ਼ੁਰ ਦੀ ਮੋਹਰ ਹੈ, ਇਸ ਨੂੰ ਸਾਬਤ ਕਰਨ ਲਈ ਇਕ ਲਿਖਤ ਪੈਦਾ ਕਰੋ। ਬਾਈਬਲ ਵਿਚ ਕਿਹਾ ਗਿਆ ਹੈ ਕਿ ਪਰਮੇਸ਼ੁਰ

ਦੀ ਮੋਹਰ ਪਵਿੱਤਰ ਆਤਮਾ ਹੈ। ਇਸ ਨੂੰ ਦੇਖੋ। “ਉਸ ਵਿੱਚ…” ਹੁਣ 13ਵੀਂ ਆਇਤ ਨੂੰ ਦੇਖੋ।

> *…ਉਸ ਵਿੱਚ ਤੁਸੀਂ ਨਿਹਚਾ ਵੀ ਕੀਤੀ, ਤਾਂ ਵਾਇਦੇ ਦੇ ਪਵਿੱਤਰ ਆਤਮਾ ਨਾਲ—ਤੁਹਾਡੇ ਉੱਤੇ ਵੀ ਮੋਹਰ ਲੱਗੀ।*

119 ਅਫ਼ਸੀਆਂ 4:30 ਵੱਲ ਮੁੜੋ, ਮੇਰਾ ਵਿਸ਼ਵਾਸ ਹੈ ਕਿ ਇਹ ਉਹੀ ਹੈ। ਵੇਖੋ ਕਿ ਸਾਨੂੰ 4:30 ਮਿਲਦਾ ਹੈ ਕਿ ਨਹੀਂ, ਵੇਖੋ ਕਿ ਇਹ ਇਕੋ ਜਿਹਾ ਨਹੀਂ ਹੈ। ਅਫ਼ਸੀਆਂ, ਚੌਥਾ ਅਧਿਆਇ ਅਤੇ 30ਵੀ ਆਇਤ। ਹਾਂ, ਇਹ ਇਥੇ ਹੈ, 4:30।

> *ਅਤੇ ਪਰਮੇਸ਼ੁਰ ਦੇ ਪਵਿੱਤਰ ਆਤਮਾ ਨੂੰ ਜਿਹ ਦੇ ਨਾਲ ਨਿਸਤਾਰੇ ਦੇ ਦਿਨ ਤੀਕ ਤੁਹਾਡੇ ਉੱਤੇ ਮੋਹਰ ਲੱਗੀ ਹੋਈ ਹੈ ਉਦਾਸ ਨਾ ਕਰੋ।*

120 ਕਦ ਤੀਕ? ਜਦੋਂ ਤੁਸੀਂ ਸੱਚਮੁੱਚ, ਸੱਚਮੁੱਚ ਪਵਿੱਤਰ ਆਤਮਾ ਪ੍ਰਾਪਤ ਕਰਦੇ ਹੋ, ਇਹ ਤੁਹਾਡੇ ਲਈ ਕਿੰਨਾ ਚਿਰ ਰਹਿੰਦਾ ਹੈ? ਅਗਲੀ ਬੇਦਾਰੀ ਤੱਕ, ਜਦ ਤੱਕ ਦਾਦੀ ਤੁਹਾਡੇ ਰਸਤੇ ਨੂੰ ਨਹੀਂ ਕੱਟਦੀ, ਜਦ ਤਕ ਬੌਸ ਤੁਹਾਨੂੰ ਬਾਹਰ ਨਹੀਂ ਕੱਢ ਦਿੰਦਾ? ਤੁਹਾਡੇ ਛੁਟਕਾਰੇ ਦੇ ਦਿਨ ਤੱਕ! ਹਲਲੂਯਾਹ!

121 ਤੁਹਾਡੇ ਮਰਨ ਤੋਂ ਬਾਅਦ, ਉਸ ਧਰਤੀ ਤੇ ਜਾਣ ਤੋਂ ਬਾਅਦ, ਤੁਸੀਂ ਉਥੇ ਆਪਣੇ ਅਜ਼ੀਜ਼ਾਂ ਨਾਲ ਖੜੇ ਹੋ, ਤੁਸੀਂ ਅਜੇ ਵੀ ਪਵਿੱਤਰ ਆਤਮਾ ਨਾਲ ਭਰੇ ਹੋਏ ਹੋ। ਵਚਨ! ਤੁਸੀਂ ਉਵੇਂ ਹੀ ਹੋਵੋਗੇ ਜਿਵੇਂ ਤੁਸੀਂ ਹੁਣ ਹੋ, ਤੁਸੀਂ ਸਿਰਫ ਇੱਕ…ਤੁਸੀਂ ਕਿਸੇ ਹੋਰ ਸਰੀਰ ਵਿੱਚ ਚਲੇ ਗਏ ਹੋਵੋਗੇ। ਤੁਸੀਂ ਬਸ ਘਰ ਬਦਲੇ ਹਨ। ਇਹ ਵਾਲਾ ਬੁੱਢਾ ਹੋ ਗਿਆ, ਤੁਸੀਂ ਇਸ ਤੇ ਹੋਰ ਲਿਪਾਈ ਨਹੀਂ ਕਰ ਸਕਦੇ, ਸ਼ਤੀਰ ਸੜ ਗਏ ਹਨ। ਇਹ ਠੀਕ ਹੈ। ਇਸ ਲਈ ਤੁਸੀਂ ਪੁਰਾਣੀ ਚੀਜ਼ ਨੂੰ ਦੂਰ ਕਰੋ ਅਤੇ ਇਸ ਨੂੰ ਸੜਨ ਦਿਓ, ਅਤੇ ਇਕ ਨਵੀਂ ਚੀਜ਼ ਵਿਚ ਚਲੇ ਜਾਓ। ਕੀ ਇਹ ਸਹੀ ਹੈ? “ਕਿਉਂਕਿ ਜੇ ਇਹ ਤੰਬੂ ਜਿਹਾ ਘਰ ਜਿਹੜਾ ਧਰਤੀ ਤੇ ਹੈ ਢਹਿ ਪਵੇ, ਤਾਂ ਸਾਡੇ ਲਈ ਇੱਕ ਉਡੀਕ ਰਿਹਾ ਹੈ।”

122 ਤੁਹਾਨੂੰ ਉਹ ਦਿਨ ਯਾਦ ਹੈ, ਇਸ ਵਿਚੋਂ ਲੰਘ ਰਹੇ ਸੀ? ਜਦੋਂ ਮਾਂ ਦੇ ਗਰਭ ਵਿੱਚ ਇੱਕ ਛੋਟਾ ਬੱਚਾ ਬਣ ਰਿਹਾ ਹੁੰਦਾ ਹੈ, ਅਤੇ ਇਹ ਛੋਟੀਆਂ ਮਾਸਪੇਸ਼ੀਆਂ ਲੱਤਾਂ ਮਾਰ ਰਹੀਆਂ ਹਨ ਅਤੇ ਕੁੱਦ ਰਹੀਆਂ ਹਨ ਅਤੇ ਇਸ ਤਰਾਂ ਕਰਦੀਆਂ ਜਾ ਰਹੀਆਂ ਹਨ। ਪਰ ਜਿਵੇਂ ਹੀ ਮਾਂ ਬੱਚੇ ਨੂੰ ਜਨਮ ਦਿੰਦੀ ਹੈ ਅਤੇ ਬੱਚਾ ਧਰਤੀ ਤੇ ਆਉਂਦਾ ਹੈ, ਸਭ ਤੋਂ ਪਹਿਲਾਂ, ਉਸ ਛੋਟੇ ਕੁਦਰਤੀ ਸਰੀਰ ਨੂੰ ਫੜਨ ਲਈ ਇਕ ਆਤਮਕ ਸਰੀਰ ਹੁੰਦਾ ਹੈ। ਹੋ ਸਕਦਾ ਡਾਕਟਰ ਇਸ ਨੂੰ…[ਭਾਈ ਬ੍ਰੁਨਹਾਮ ਆਪਣੇ ਹੱਥਾਂ ਨਾਲ ਤਾੜੀ ਮਾਰਦੇ ਹਨ—ਸੰਪਾਦਕ।] *ਇਸ* ਤਰਾਂ, ਜਾਂ ਕੁਝ ਇਸ ਨੂੰ ਹਿਲਾਉਣ ਲਈ, ਅਤੇ “ਵੈਂ, ਵੈਂ, ਵੈਂ।” ਅਤੇ ਤੁਰੰਤ ਹੀ ਉਸ

ਮਾਂ ਦੀ ਛਾਤੀ ਕੋਲ ਜਾਵੇਗਾ, "ਊਂ, ਊਂ, ਊਂ," ਆਪਣੇ ਛੋਟੇ ਜਿਹੇ ਸਿਰ ਨੂੰ ਮਾਂ ਦੀ ਛਾਤੀ ਦੇ ਹੇਠਾਂ ਉਪਰ ਕਰੇਗਾ, ਤਾਂ ਕਿ ਦੁੱਧ ਦੀਆਂ ਨਾੜੀਆਂ ਦੁੱਧ ਲਿਆ ਸਕਣ।

123 ਇਕ ਛੋਟਾ ਵੱਛਾ, ਜਿਵੇਂ ਹੀ ਇਹ ਮਾਂ ਤੋਂ ਬਾਹਰ ਆਉਂਦਾ ਹੈ, ਇਹ ਕੁਝ ਮਿੰਟਾਂ ਬਾਅਦ ਆਪਣੇ ਛੋਟੇ ਗੋਡਿਆਂ ਤੇ ਖਲੋ ਜਾਵੇਗਾ। ਇਹ ਕੀ ਕਰੇਗਾ? ਉਸੇ ਵੇਲੇ ਅੱਗੇ ਪਿਛੇ ਜਾਣਾ ਸ਼ੁਰੂ ਕਰ ਦਵੇਗਾ, ਉਸ ਮਾਂ ਨੂੰ ਫੜ ਲਵੇਗਾ, ਅਤੇ ਇਸ ਤਰ੍ਹਾਂ ਇਸ ਦੇ ਛੋਟੇ ਜਿਹੇ ਸਿਰ ਨੂੰ ਹੇਠਾਂ-ਉਪਰ ਹਿਲਾਉਣਾ ਸ਼ੁਰੂ ਕਰੇਗਾ, ਅਤੇ ਇਸਦਾ ਦੁੱਧ ਪ੍ਰਾਪਤ ਕਰੇਗਾ। ਹਲਲੂਯਾਹ! ਹਾਂ, ਸ਼੍ਰੀਮਾਨ।

124 ਜਦੋਂ ਇਹ ਕੁਦਰਤੀ ਸਰੀਰ ਉਸਦੇ ਅੰਦਰ ਆਉਂਦਾ ਹੈ, ਉਥੇ ਇੱਕ ਆਤਮਕ ਸਰੀਰ ਇਸ ਦੀ ਉਡੀਕ ਕਰ ਰਿਹਾ ਹੁੰਦਾ ਹੈ।

125 ਅਤੇ ਜਦੋਂ ਇਸ ਕੁਦਰਤੀ ਸਰੀਰ ਨੂੰ ਜ਼ਮੀਨ ਤੇ ਉਤਾਰ ਦਿੱਤਾ ਜਾਂਦਾ ਹੈ, ਹਲਲੂਯਾਹ, ਤਾਂ ਉਥੇ ਇਕ ਇੰਤਜ਼ਾਰ ਕਰ ਰਿਹਾ ਹੁੰਦਾ ਹੈ! ਅਸੀਂ ਬੱਸ ਇੱਕ ਤੋਂ ਦੂਜੇ ਵਿੱਚ ਚਲੇ ਜਾਂਦੇ ਹਾਂ, ਅਸੀਂ ਆਪਣੀਆਂ ਰਿਹਾਇਸ਼ੀ ਥਾਵਾਂ ਨੂੰ ਬਦਲਦੇ ਹਾਂ। ਇਸ ਮਰਨਹਾਰ ਨੂੰ ਅਮਰਤਾ ਨੂੰ ਪਾਉਣਾ ਚਾਹੀਦਾ ਹੈ, ਇਹ ਰੂਹਾਨੀ; ਇਸ ਨਾਸ਼ਵਾਨ ਨੂੰ ਅਵਨਾਸ਼ੀ ਨੂੰ ਪਹਿਨਣਾ ਚਾਹੀਦਾ ਹੈ। ਇਹ ਪੁਰਾਣਾ ਝੁਰੜੀਆਂ ਵਾਲਾ, ਖਿਚਿਆ ਹੋਇਆ, ਝੁਕਿਆ ਹੋਇਆ ਸ਼ਰੀਰ, ਪਰ ਇਹ ਆਪਣੇ ਰੂਪ ਨੂੰ ਬਿਲਕੁਲ ਨਹੀਂ ਬਦਲੇਗਾ, ਮੇਰਾ ਭਾਵ ਹੈ ਜਦੋਂ ਇਹ ਉਥੇ ਜਾਂਦਾ ਹੈ, ਤੁਹਾਡੇ ਕੋਲ ਅਜੇ ਵੀ ਉਹੀ ਆਤਮਾ ਹੋਵੇਗੀ।

126 ਮੈਂ ਤੁਹਾਨੂੰ ਇੱਕ ਚੀਜ ਦਿੰਦਾ ਹਾਂ ਜੋ ਤੁਹਾਨੂੰ ਗੁੰਝਲਦਾਰ ਲਗਦੀ ਹੈ, ਪਰ ਇਹ ਬਾਈਬਲ ਹੈ, ਫਿਰ ਮੈਂ ਤੁਹਾਨੂੰ ਇਕ ਦੇਵਾਂਗਾ ਜੋ ਤੁਹਾਡੇ ਲਈ ਇਸ ਨੂੰ ਖੋਲ ਦੇਵੇਗਾ। ਇਹ ਵੇਖੋ। ਜਦੋਂ ਬੁੱਢਾ ਸ਼ਾਊਲ, ਉਹ—ਉਹ ਰਾਜਾ, ਉਸ—ਉਸ ਸਮੇਂ ਦੀ ਨਾਮਧਾਰੀ ਕਲੀਸਿਯਾ ਦਾ ਬਜੁਰਗ ਪ੍ਰਚਾਰਕ, ਤੁਸੀਂ ਜਾਣਦੇ ਹੋ, ਉਸ ਦਾ ਸਿਰ ਅਤੇ ਮੋਢੇ ਸਾਰਿਆਂ ਨਾਲੋਂ ਉਚੇ ਸਨ, ਅਤੇ ਡਰਿਆ ਹੋਇਆ ਸੀ, ਉਹ ਅਲੌਕਿਕ ਬਾਰੇ ਕੁਝ ਨਹੀਂ ਜਾਣਦੇ ਸਨ। ਦਾਉਦ ਨੂੰ ਆਉਣਾ ਪਿਆ ਅਤੇ ਲੇਲੇ ਨੂੰ ਸ਼ੇਰ ਦੇ ਮੂੰਹ ਵਿੱਚੋਂ ਬਾਹਰ ਕੱਢਣਾ ਪਿਆ, ਗੋਲਿਅਥ ਨੂੰ ਮਾਰ ਦਿੱਤਾ। ਉਸਨੂੰ ਦੇਖੋ। ਉਹ ਪਰਮੇਸ਼ੁਰ ਤੋਂ ਇੰਨਾ ਪਿਛਾਂਹ ਹੱਟ ਗਿਆ, ਕਿ ਉਸਨੂੰ ਇਸ ਪਵਿੱਤਰ-ਪੱਖੰਡੀ ਪ੍ਰਚਾਰਕ ਨਾਲ ਨਫ਼ਰਤ ਹੋ ਗਈ। ਅਤੇ ਉਸਦੀ ਮਦਦ ਕਰਨ ਦੀ ਕੋਸ਼ਿਸ਼ ਕਰਨ ਦੀ ਬਜਾਏ, ਉਹ ਉਸਦੇ ਵਿਰੁੱਧ ਹੋ ਗਿਆ। ਕੀ ਇਹ ਬਿਲਕੁਲ ਉਹੀ ਤਸਵੀਰ ਨਹੀਂ ਹੈ, ਬਿਲਕੁਲ ਉਹੀ ਤਸਵੀਰ। ਉਸ ਤੋਂ ਪਿਛਾਂਹ ਹੱਟ ਗਿਆ!

127 ਇਥੇ ਕਿੰਨੇ ਲੋਕ ਸਨ ਜਦੋਂ ਮੈਂ ਆਪਣੀ ਪਹਿਲੀ ਯਾਤਰਾ ਤੇ ਜਾ ਰਿਹਾ ਸੀ, ਅਤੇ ਪ੍ਰਚਾਰ ਕੀਤਾ, “ਦਾਊਦ ਗੋਲਿਅਥ ਨੂੰ ਮਾਰਦਾ ਹੈ,” ਜਦੋਂ ਮੈਂ ਗਿਆ ਸੀ? ਬਹੁਤ ਸਾਰੇ, ਕੁਝ, ਪੁਰਾਣੇ ਸਮੇਂ ਦੇ ਹਨ। ਮੈਂ ਇਸ ਤੇ ਦੁਬਾਰਾ ਜਾਣ ਦੀ ਤਿਆਰੀ ਕਰ ਰਿਹਾ ਹਾਂ। ਕੀ ਯਾਦ ਹੈ, ਪਿਛਲੇ ਐਤਵਾਰ ਨੂੰ ਕੀ ਹੋਇਆ ਸੀ? ਇਹ ਇਕ ਹੋਰ ਪੜਾਅ ਵਿਚ ਜਾ ਰਿਹਾ ਹੈ। ਦਾਊਦ ਦੀ ਦੂਜੀ ਮੁਹਿੰਮ, ਉਸ ਦੀ ਸੇਵਕਾਈ ਦਾ ਦੂਜਾ ਪੜਾਅ। ਇਹ ਬਿਲਕੁਲ ਸਹੀ ਹੈ। ਜਿਸ ਵਿਚ, ਉਹ ਇਸਰਾਏਲ ਦਾ ਰਾਜਾ ਬਣ ਗਿਆ। ਧਿਆਨ ਦਿਉ ਕਿ ਸੇਵਕਾਈ ਹੁਣ ਇਕ ਵੱਡੇ ਪੜਾਅ ਵਿਚ ਅੱਗੇ ਵੱਧ ਰਹੀ ਹੈ, ਜਿਆਦਾ ਵੱਡੀ ਬਣ ਰਹੀ ਹੈ। ਦਾਊਦ ਨੇ ਵੀ ਇਸੇ ਤਰ੍ਹਾਂ ਕੀਤਾ ਸੀ। ਜਦੋਂ ਉਹ ਆਇਆ ਤਾਂ ਮੈਂ ਧਿਆਨ ਕੀਤਾ, ਦਾਊਦ, ਔਹ, ਜਦੋਂ ਪਰਮੇਸ਼ੁਰ ਦਾਊਦ ਨੂੰ ਉਥੇ ਲਿਆਇਆ ਸੀ ਅਤੇ ਸ਼ੇਰ ਨੂੰ ਮਾਰ ਦਿੱਤਾ ਸੀ, ਧਿਆਨ ਦਿਓ, ਅਤੇ ਰਿੱਛ ਨੂੰ ਮਾਰ ਦਿਤਾ, ਫਿਰ ਫਿਲਿਸਤੀਆਂ ਨੂੰ ਮਾਰ ਦਿਤਾ। ਹੁਣ, ਇੱਕ ਸਮਾਂ ਆ ਗਿਆ ਹੈ ਜਦੋਂ ਪਰਮੇਸ਼ੁਰ ਨੇ ਇਸ ਬਜੁਰਗ ਮੁੰਡੇ ਉੱਤੇ ਦੁਸ਼ਟ ਆਤਮਾ ਭੇਜ ਦਿੱਤੀ। ਅਤੇ…ਕਿਸ ਲਈ? ਦਾਊਦ ਨੂੰ ਨਫ਼ਰਤ ਕਰਨ ਲਈ। ਅਤੇ ਮੇਰਾ ਵਿਸ਼ਵਾਸ ਹੈ…

128 ਹੁਣ, ਇਹ ਟੇਪਾਂ। ਹੁਣ ਸੁਣੋ, ਭਰਾਵੋ, ਇਨ੍ਹਾਂ ਟੇਪਾਂ ਤੇ, ਜੇ ਤੁਸੀਂ ਮੇਰੇ ਨਾਲ ਸਹਿਮਤ ਨਹੀਂ ਹੋ, ਤਾਂ ਮੈਨੂੰ ਮਾਫ਼ ਕਰੋ। ਦੇਖੋ, ਮੈਂ ਤੁਹਾਨੂੰ ਪਿਆਰ ਕਰਦਾ ਹਾਂ। ਮੈਂ ਉਥੇ ਤੁਹਾਨੂੰ ਕਿਸੇ ਵੀ ਤਰਾਂ ਮਿਲਾਂਗਾ, ਵੇਖੋ, ਕਿਉਂਕਿ ਜੇ ਤੁਸੀਂ ਪਰਮੇਸ਼ੁਰ ਦੇ ਆਦਮੀ ਹੋ ਤਾਂ ਮੈਂ ਤੁਹਾਨੂੰ ਕਿਸੇ ਵੀ ਤਰ੍ਹਾਂ ਮਿਲਾਂਗਾ। ਪਰ, ਮੈਂ ਇਹ ਕਹਿਣਾ ਚਾਹੁੰਦਾ ਹਾਂ, ਇੱਥੇ ਕਾਰਨ ਹੈ। ਸਿਰਫ਼ ਇਸ ਲਈ ਕਿ ਸ਼ਾਊਲ ਨੇ ਵੇਖਿਆ ਕਿ ਦਾਊਦ ਕੋਲ ਕੁਝ ਸੀ ਜੋ ਉਸ ਕੋਲ ਨਹੀਂ ਸੀ। ਫਿਰ ਕੀ ਹੋਇਆ?

129 ਇੱਕ ਛੋਟਾ “ਲਾਲ ਰੰਗ,” ਦਾ ਮੁੰਡਾ ਆਇਆ, ਬਾਈਬਲ ਕਹਿੰਦੀ ਹੈ ਕਿ ਉਸਦਾ “ਲਾਲ ਰੰਗ” ਸੀ। ਉਹ ਜਿਆਦਾ ਗੋਰਾ ਮੁੰਡਾ ਨਹੀਂ ਸੀ, “ਲਾਲ ਰੰਗ” ਬੱਸ ਇੱਕ ਛੋਟਾ ਜਿਹਾ ਲੜਕਾ ਸੀ। ਅਤੇ ਉਹ ਉਥੇ ਗਿਆ, ਅਤੇ ਸ਼ਾਊਲ ਨੇ, ਕਿਉਂ, ਉਸਨੇ ਸ਼ਾਊਲ ਦਾ ਕਵਚ ਉਸ ਉੱਤੇ ਪਾਇਆ, ਅਤੇ ਮੈਂ ਕਲਪਨਾ ਕਰਦਾ ਹਾਂ ਕਿ ਢਾਲ ਉਸਦੇ ਪੈਰਾਂ ਤੇ ਆ ਪਈ। ਅਤੇ ਉਸ ਨੇ ਕਿਹਾ, “ਇਹ ਚੀਜ਼ਾਂ ਮੇਰੇ ਕੋਲੋਂ ਲੈ ਜਾਓ। ਮੇਰੇ—ਮੇਰੇ ਕੋਲ…” ਹੋ ਸਕਦਾ ਹੈ ਕਿ ਉਸ ਨੇ ਉਸ ਨੂੰ ਡਾਕਟਰ ਦੀ ਡਿਗਰੀ, ਪੀਐਚ.ਡੀ. ਜਾਂ ਐਲ.ਐਲ.ਡੀ. ਦੀ ਡਿਗਰੀ ਦਿੱਤੀ, ਜਾਂ ਕੁਝ, ਤੁਸੀਂ ਜਾਣਦੇ ਹੋ। ਉਸਨੇ ਕਿਵੇਂ ਕਿਹਾ, “ਮੈਨੂੰ ਉਹਨਾਂ ਚੀਜ਼ਾਂ ਬਾਰੇ ਕੁਝ ਨਹੀਂ ਪਤਾ, ਕਿਉਂਕਿ ਮੈਂ ਉਨ੍ਹਾਂ ਨੂੰ ਪਰਖਿਆ ਨਹੀਂ। ਮੈਨੂੰ ਇਹ ਦਿਉ, ਜਿਸ ਨੂੰ ਮੈਂ ਜਾਣਦਾ ਹਾਂ ਕਿ ਮੈਂ ਕੀ ਕਰਨਾ ਹੈ,” ਹਾਂ, ਸ਼੍ਰੀਮਾਨ। ਉਸਨੇ ਗੋਪੀਆ ਫੜ ਲਿਆ।

130 ਅਤੇ ਉਨ੍ਹਾਂ ਨੇ ਦਾਊਦ ਨੂੰ ਪਾਗਲ ਬਣਾ ਦਿੱਤਾ ਕਿਉਂਕਿ ਧੀਆਂ, ਕਲੀਸਿਯਾ, ਕਲੀਸਿਯਾਂ ਗਾ ਰਹੀਆਂ ਸਨ, "ਸ਼ਾਊਲ ਨੇ, ਸ਼ਾਇਦ ਹਜ਼ਾਰਾਂ ਨੂੰ ਮਾਰਿਆ, ਪਰ ਦਾਊਦ ਨੇ ਦੱਸ ਹਜ਼ਾਰਾਂ ਨੂੰ ਮਾਰਿਆ।"

131 ਫਿਰ ਉਸਨੂੰ ਈਰਖਾ ਹੋ ਗਈ, "ਇਹ ਉਹ ਪੁਰਾਣਾ ਯਿਸੂ ਦਾ ਨਾਮ ਹੈ, ਇਸ ਵਿਚ ਕੁਝ ਵੀ ਨਹੀਂ ਹੈ।" ਇਹ ਸਹੀ ਹੈ। ਅਤੇ ਪਰਮੇਸ਼ੁਰ ਨੇ ਉਸ ਨਾਲ ਕੀ ਕੀਤਾ? ਪਰਮੇਸ਼ੁਰ ਨੇ ਉਸ ਉੱਤੇ ਇੱਕ ਦੁਸ਼ਟ ਆਤਮਾ ਭੇਜੀ, ਤਾਂ ਜੋ ਉਹ ਦਾਊਦ ਨੂੰ ਨਫ਼ਰਤ ਕਰੇ, ਅਤੇ ਉਸਨੇ ਬਿਨਾ ਕਿਸੇ ਕਾਰਨ ਦਾਊਦ ਨਾਲ ਨਫ਼ਰਤ ਕੀਤੀ।

132 ਦਾਊਦ ਕਈ ਵਾਰ ਉਸਦੀ ਗਰਦਨ ਨੂੰ ਮਰੋੜ ਸਕਦਾ ਸੀ। ਉਹ ਕਰ ਸਕਦਾ ਸੀ, ਪਰ ਉਸਨੇ ਬੱਸ ਇਸ ਨੂੰ ਛੱਡ ਦਿੱਤਾ। ਉਸਨੇ ਕਦੇ ਕੁਝ ਨਹੀਂ ਕਿਹਾ। ਉਹ ਯਕੀਨਨ ਇਹ ਕਰ ਸਕਦਾ ਸੀ। ਉਸਨੇ ਇਕ ਰਾਤ ਉਥੇ ਜਾਕੇ ਉਸਦੇ ਚੋਗੇ ਦੀ ਲੀਰ ਲਾਹ ਲਈ, ਵਾਪਸ ਆਇਆ, ਉਸਨੇ ਕਿਹਾ, "ਇਥੇ ਦੇਖੋ, ਤੁਸੀਂ ਦੇਖੋ!" ਹਾਂ, ਸ਼੍ਰੀ ਮਾਨ, ਉਹ ਇਹ ਕਰ ਸਕਦਾ ਸੀ, ਪਰ ਉਸਨੇ ਉਸਨੂੰ ਇਕੱਲਾ ਛੱਡ ਦਿੱਤਾ। ਉਹ ਉਸਦੀ ਕਲੀਸਿਯਾ ਨੂੰ ਤੋੜ ਸਕਦਾ ਸੀ ਅਤੇ ਉਨ੍ਹਾਂ ਨੂੰ ਖਿੰਡਾ ਸਕਦਾ ਸੀ, ਅਤੇ ਜੇ ਉਹ ਚਾਹੁੰਦਾ ਤਾਂ ਆਪਣਾ ਸੰਗਠਨ ਸ਼ੁਰੂ ਕਰ ਸਕਦਾ ਸੀ। ਪਰ ਉਸਨੇ ਅਜਿਹਾ ਨਹੀਂ ਕੀਤਾ, ਉਸਨੇ ਸ਼ਾਊਲ ਨੂੰ ਜਾਣ ਦਿੱਤਾ। ਪਰਮੇਸ਼ੁਰ ਨੂੰ ਲੜਨ ਦਿਓ। ਹਾਂ, ਸ਼੍ਰੀਮਾਨ।

133 ਇਸ ਲਈ ਜਦੋਂ ਉਹ ਚਲਦਾ ਰਿਹਾ ਅਤੇ ਮੁਹਿੰਮ ਖ਼ਤਮ ਹੋਈ, ਅਤੇ ਆ ਗਿਆ, ਉਹ ਦੁਸ਼ਟ ਆਤਮਾ ਆਇਆ ਤਾਂ ਜੋ ਸ਼ਾਊਲ ਨੂੰ ਪਰਮੇਸ਼ੁਰ ਤੋਂ ਕੋਈ ਜਵਾਬ ਨਾ ਮਿਲ ਸਕੇ। ਥੋੜੇ ਚਿਰ ਬਾਅਦ ਉਹ...ਯਹੋਵਾਹ ਦਾ ਆਤਮਾ ਉਸ ਤੋਂ ਵਿਦਾ ਹੋ ਗਿਆ। ਅਤੇ ਬੁੱਢਾ ਸਮੂਏਲ, ਜਿਸਦਾ ਇਨਕਾਰ ਕਰ ਦਿੱਤਾ ਗਿਆ ਸੀ, ਉਹ ਜੋ ਅਸਲ ਵਿੱਚ ਉਨ੍ਹਾਂ ਲਈ ਪਰਮੇਸ਼ੁਰ ਦੀ ਆਵਾਜ਼ ਸੀ, ਉਹ ਜਿਸਨੇ ਉਹਨਾਂ ਨੂੰ ਕਿਹਾ ਇਸ ਤੋਂ ਵੀ ਪਹਿਲਾਂ ਕਿ ਜੱਦ ਉਹ ਦੁਨੀਆਂ ਵਾਂਗ ਕੰਮ ਕਰਨਾ ਚਾਹੁੰਦੇ ਸਨ...

134 ਕਲੀਸਿਯਾ ਕਿਵੇਂ ਦੁਨੀਆਂ ਵਾਂਗ ਕੰਮ ਕਰਨਾ ਚਾਹੁੰਦੀ ਹੈ? ਕਿਉਂ ਪੰਤੇਕੁਸਤਲ, ਬੈਪਟਿਸਟ, ਪਵਿੱਤਰ ਆਤਮਾ ਅਨੁਭਵ ਕਰਨ ਵਾਲੇ ਮੈਥੋਡਿਸਟ, ਅਤੇ ਬੈਪਟਿਸਟ, ਅਤੇ ਪ੍ਰੈਸਬੀਟੇਰੀਅਨ ਦੁਨੀਆਂ ਵਾਂਗ ਕੰਮ ਕਰਨਾ ਚਾਹੁੰਦੇ ਹਨ? ਉਹ ਅਜਿਹਾ ਕਿਉਂ ਕਰਦੇ ਹਨ? ਮੈਂ ਨਹੀਂ ਜਾਣਦਾ। ਮੈਂਨੂੰ—ਮੈਂਨੂੰ ਤਾਂ ਇਹ ਬੱਸ ਸਮਝ ਨਹੀਂ ਆਉਂਦਾ। ਤੁਸੀਂ ਕਹਿੰਦੇ ਹੋ, "ਖੈਰ, ਜੂਆ ਖੇਡਣਾ ਬਹੁਤ ਮਜ਼ੇਦਾਰ ਹੈ, ਮਨੋਰੰਜਨ ਲਈ ਥੋੜਾ ਜਿਹਾ, ਬੱਸ ਥੋੜਾ ਜਿਹੇ ਪੈਸੇ ਦੇ ਲਈ," ਤੁਸੀਂ ਇਸ ਨੂੰ ਜੋ ਵੀ ਕਹਿੰਦੇ ਹੋ। ਇਹ ਇੱਕ ਪਾਪ ਹੈ।

ਇਹ ਚੀਜ਼ਾਂ ਤੁਹਾਡੇ ਘਰ ਵਿੱਚ ਨਹੀਂ ਹੋਣੀਆਂ ਚਾਹੀਦੀਆਂ। "ਕਿਉਂ, ਥੋੜੀ ਜਿਹੀ ਲੈਣ ਦਾ ਕੋਈ ਨੁਕਸਾਨ ਨਹੀਂ ਹੈ, ਬੀਅਰ ਦਾ ਛੋਟਾ ਜਿਹਾ ਗਲਾਸ। ਅਸੀਂ ਹੁਣੇ ਕੁਝ ਲਏ ਹਨ। ਮੈਂ ਅਤੇ ਮੇਰੀ ਪਤਨੀ ਦੁਪਹਿਰ ਵਿਚ ਕੁਝ ਲੈਂਦੇ ਹਾਂ।" ਅਤੇ ਤੁਸੀਂ ਜਾਣਦੇ ਹੋ ਸਭ ਤੋਂ ਪਹਿਲਾਂ, ਤੁਹਾਡੇ ਬੱਚੇ ਕੁਝ ਪੀ ਲੈਣਗੇ। ਯਕੀਨਨ ਇਹ ਹੈ।

135 ਅਤੇ ਤੁਸੀਂ ਔਰਤਾਂ, ਹੂੰ, ਸ਼ੈਤਾਨ ਨੇ ਹੁਣੇ ਇੱਕ ਬਣਾਇਆ...ਇਹ ਉਹੀ ਹੈ ਜੋ ਉਸਨੇ ਸ਼ੁਰੂਆਤ ਵਿੱਚ ਕੀਤਾ ਸੀ, ਅਤੇ ਉਸਨੇ ਯਕੀਨਨ ਤੁਹਾਨੂੰ ਭੈਣਾਂ ਨੂੰ ਇੱਕ ਨਿਸ਼ਾਨਾ ਬਣਾਇਆ ਹੈ। ਉਹ ਬੱਸ ਅਜਿਹਾ ਕਰਦਾ ਹੈ...ਕਿਉਂਕਿ ਉਹ ਜਾਣਦਾ ਹੈ ਕਿ ਉਹ ਕੀ ਕਰ ਸਕਦਾ ਹੈ। ਉਹ ਆਦਮੀ ਨਾਲੋਂ ਹਜ਼ਾਰ ਗੁਣਾ ਜਲਦੀ ਔਰਤਾਂ ਨੂੰ ਧੋਖਾ ਦੇ ਸਕਦਾ ਹੈ। ਮੈਂ ਜਾਣਦਾ ਹਾਂ ਇਹ ਤੁਹਾਡੀਆਂ ਭਾਵਨਾਵਾਂ ਨੂੰ ਠੇਸ ਪਹੁੰਚਾ ਰਿਹਾ ਹੈ, ਪਰ ਇਹ ਸੱਚਾਈ ਹੈ। ਇਹ ਬਿਲਕੁਲ ਹੈ। ਅਦਨ ਦੇ ਬਾਗ਼ ਵਿੱਚ ਉਸਨੇ ਅਜਿਹਾ ਹੀ ਕੀਤਾ ਸੀ। ਉਹ ਕਰ ਸਕਦਾ ਹੈ...ਹੁਣ, ਉਹ ਇਮਾਨਦਾਰ ਸੀ, ਉਹ ਵਫ਼ਾਦਾਰ ਸੀ, ਪਰ ਉਸ ਨੂੰ ਧੋਖਾ ਦਿੱਤਾ ਗਿਆ ਸੀ। ਬਾਈਬਲ ਕਹਿੰਦੀ ਹੈ ਕਿ "ਆਦਮ ਨੂੰ ਧੋਖਾ ਨਹੀਂ ਦਿੱਤਾ ਗਿਆ ਸੀ।" ਉਸ ਨੂੰ ਧੋਖਾ ਨਹੀਂ ਦਿੱਤਾ ਗਿਆ ਸੀ, ਪਰ ਉਹ ਧੋਖਾ ਖਾ ਗਈ ਸੀ। ਇਸ ਲਈ ਉਹ ਉਸਨੂੰ ਧੋਖਾ ਦੇ ਸਕਦਾ ਹੈ। ਅਤੇ ਫੇਰ ਵੀ ਪਾਦਰੀ ਬਾਹਰ ਜਾਣਗੇ ਅਤੇ ਔਰਤਾਂ ਨੂੰ ਪ੍ਰਚਾਰਕ ਨਿਯੁਕਤ ਕਰਨਗੇ, ਉਨ੍ਹਾਂ ਨੂੰ ਇਸ ਤਰਾਂ ਦੀਆਂ ਕਲੀਸਿਯਾਵਾਂ ਦੇ ਉੱਪਰ ਰੱਖ ਦੇਣਗੇ, ਜਦਕਿ ਇਹ ਬਾਈਬਲ ਉਤਪਤ ਤੋਂ ਲੈ ਕੇ ਪਰਕਾਸ਼ ਦੀ ਪੋਥੀ ਤੱਕ ਇਸਦੀ ਨਿੰਦਾ ਕਰਦੀ ਹੈ। ਤੁਸੀਂ ਕਹਿੰਦੇ ਹੋ, "ਠੀਕ ਹੈ, ਇਹ ਸਭ ਠੀਕ ਹੈ। ਸਭ ਠੀਕ ਹੈ। ਉਨ੍ਹਾਂ ਕੋਲ ਹਨ...ਉਹ ਉਸੇ ਤਰ੍ਹਾਂ ਪ੍ਰਚਾਰ ਕਰ ਸਕਦੇ ਹਨ।" ਮੈਂ ਜਾਣਦਾ ਹਾਂ ਕਿ ਇਹ ਸਹੀ ਹੈ।

136 ਜਿਵੇਂ ਕਿਸੇ ਨੇ ਇਕ ਵਾਰ ਵੱਖੋ ਵੱਖਰੀਆਂ ਭਾਸ਼ਾਵਾਂ ਵਿਚ ਬੋਲਣਾ ਸ਼ੁਰੂ ਕਰ ਦਿੱਤਾ, ਮੈਂ ਬੱਸ ਪ੍ਰਚਾਰ ਕਰਦਾ ਰਿਹਾ, ਅਤੇ ਜਦੋਂ ਮੈਂ ਬਾਹਰ ਆਇਆ...

ਇਕ ਔਰਤ ਨੇ ਮੇਰੇ ਪੁੱਤਰ ਨੂੰ ਕਿਹਾ, "ਮੇਰੇ ਕੋਲ ਕੱਲ੍ਹ ਰਾਤ ਦੇ ਲਈ ਇੱਕ ਸੰਦੇਸ਼ ਹੈ," ਕਿਹਾ, "ਜਦੋਂ ਤੇਰਾ ਡੈਡੀ ਮੰਚ ਤੇ ਆਵੇ।"

ਕਿਹਾ, "ਅੱਛਾ, ਸ੍ਰੀਮਤੀ, ਤੁਹਾਡਾ ਕੀ ਮਤਲਬ ਹੈ?"

137 ਅਤੇ ਉਸ ਰਾਤ ਜਦੋਂ ਇਹ ਤਿਆਰ ਹੋਇਆ, ਜਦੋਂ ਮੈਂ ਜਗਵੇਦੀ ਦੀ ਪੁਕਾਰ ਲਈ ਤਿਆਰ ਹੋ ਰਿਹਾ ਸੀ, ਉਸਨੇ ਆਪਣੇ ਵਾਲਾਂ ਨੂੰ ਠੀਕ ਕੀਤਾ ਅਤੇ ਆਪਣੀਆਂ ਜੁਰਾਬਾਂ ਅਤੇ ਸਭ ਕੁਝ ਕੱਸ ਲਿਆ, ਤਿਆਰ ਹੋ ਗਈ। ਫਰਸ਼ ਦੇ ਵਿਚਕਾਰ ਛਾਲ ਮਾਰੀ ਅਤੇ ਹੇਠਾਂ-ਉੱਪਰ ਛਾਲਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ, ਵੱਖੋ ਵੱਖਰੀਆਂ ਭਾਸ਼ਾਵਾਂ ਵਿੱਚ ਬੋਲੀ ਅਤੇ ਅਗੰਮ ਵਾਕ

ਕੀਤਾ। ਮੈਂ ਬੱਸ ਪ੍ਰਚਾਰ ਕਰਦਾ ਰਿਹਾ, ਆਪਣੀ ਵੇਦੀ ਦੀ ਪੁਕਾਰ ਕਰਦਾ ਰਿਹਾ। ਮੈਂ ਇਸ ਦਾ ਕਦੇ ਵੀ ਆਦਰ ਨਹੀਂ ਕਰਦਾ, ਇਹ ਸਹੀ ਨਹੀਂ ਸੀ। ਤਾਂ ਫਿਰ, ਠੀਕ ਹੈ, ਬਾਈਬਲ ਨੇ ਇਹ ਨਹੀਂ ਕਿਹਾ, ਕਿ, "ਨਬੀਆਂ ਦੇ—ਦੇ ਆਤਮੇ ਨਬੀਆਂ ਦੇ ਵੱਸ ਵਿੱਚ ਹਨ।" ਪਰਮੇਸ਼ੁਰ...ਪਰਮੇਸ਼ੁਰ ਮੰਚ ਤੇ ਬੋਲ ਰਿਹਾ ਹੈ, ਉਸਨੂੰ ਬੋਲਣ ਦਿਓ। ਪੌਲੁਸ ਨੇ ਕਿਹਾ, "ਜੇ ਕਿਸੇ ਨੂੰ ਕਿਸੇ ਗੱਲ ਦਾ ਪਰਕਾਸ਼ ਹੋਇਆ ਹੋਵੇ ਤਾਂ ਪਹਿਲਾ ਚੁੱਪ ਹੋ ਰਹੇ ਜਦ ਤਕ ਦੂਜਾ ਪੂਰਾ ਨਹੀਂ ਕਰ ਲੈਂਦਾ।" ਇਹ ਠੀਕ ਹੈ।

138 ਹੁਣ, ਫਿਰ ਜਦੋਂ ਮੈਂ ਬਾਹਰ ਆਇਆ, ਇਨ੍ਹਾਂ ਲੋਕਾਂ ਨੇ ਕਿਹਾ, ਲੋਕਾਂ ਦੇ ਇੱਕ ਵੱਡੇ ਸਮੂਹ ਨੇ ਕਿਹਾ, "ਤੁਸੀਂ ਅੱਜ ਰਾਤ ਨੂੰ ਪਵਿੱਤਰ ਆਤਮਾ ਨੂੰ ਉਦਾਸ ਕੀਤਾ ਹੈ।"

ਮੈਂ ਕਿਹਾ, "ਕਿਸ ਕਰਕੇ? ਮੈਂ ਕੀ ਕੀਤਾ?"

139 ਕਿਹਾ, "ਅੱਛਾ, ਜਦੋਂ ਉਸ ਭੈਣ ਨੇ ਉਹ ਸੰਦੇਸ਼ ਦਿੱਤਾ, ਹਲਲੂਯਾਹ, ਕਿਹਾ।"

"ਕਿਉਂ," ਮੈਂ ਕਿਹਾ, "ਮੈਂ ਪ੍ਰਚਾਰ ਕਰ ਰਿਹਾ ਸੀ। ਉਹ ਵਿਵਸਥਾ ਤੋਂ ਬਾਹਰ ਸੀ।"

140 "ਔਹ," ਕਿਹਾ, "ਇਹ ਸਿੰਘਾਸਣ ਤੋਂ ਬਿਲਕੁਲ ਤਾਜ਼ਾ ਸੀ। ਇਹ ਉਸਤੋਂ ਤਾਜ਼ਾ ਹੈ ਜੋ ਤੁਸੀਂ ਪ੍ਰਚਾਰ ਕਰ ਰਹੇ ਸੀ।" ਔਹ!

141 ਹੁਣ, ਇਹ ਸਿਰਫ ਇਹ ਦਿਖਾਉਂਦਾ ਹੈ...ਜਾਂ ਇਹ ਦਿਖਾਉਂਦਾ ਹੈ, ਅਤੇ ਮੈਂ ਇਸਨੂੰ ਤੁਹਾਡੇ ਆਦਰ ਲਈ ਕਹਿੰਦਾ ਹਾਂ, ਜਾਂ ਤਾਂ ਪਾਗਲਪਨ ਹੈ, ਜਾਂ ਤੇ ਅਨਾਦਰ, ਜਾਂ ਅਨਪੜ੍ਹ ਸਿਖਿਆ ਜੋ ਪਰਮੇਸ਼ੁਰ ਬਾਰੇ ਉਨਾਂ ਹੀ ਜਾਣਦੇ ਹਨ ਜਿੰਨਾ ਕਿ ਇੱਕ ਖਰਗੋਸ਼ ਬਰਫ ਦੀਆਂ ਜੁੱਤੀਆਂ ਬਾਰੇ ਜਾਣਦਾ ਹੈ। ਹੁਣ, ਉਹ, ਮੈਂ ਇਹ ਮੂਰਖਤਾਪੂਰਣ ਟਿੱਪਣੀ ਕਰਨ ਲਈ—ਲਈ ਨਹੀਂ ਕਹਿ ਰਿਹਾ, ਕਿਉਂਕਿ ਇਹ ਕੋਈ ਮਜ਼ਾਕ ਦਾ ਸਥਾਨ ਨਹੀਂ ਹੈ। ਪਰ ਇਹ—ਇਹ ਬਿਲਕੁਲ ਸੱਚ ਹੈ। ਇੱਕ ਵਿਅਕਤੀ ਜੋ ਜਾਣਦਾ ਹੈ ਕਿ ਪਰਮੇਸ਼ੁਰ ਘਮਸਾਣ ਦਾ ਲੇਖਕ ਨਹੀਂ ਹੈ। ਉਹ ਸ਼ਾਂਤੀ ਦਾ ਹੈ। ਉਹ ਬਾਈਬਲ ਜੋ ਉਹ ਨਹੀਂ ਜਾਣਦੇ। ਉਹ ਸਭ ਜੋ ਉਹ ਜਾਣਦੇ ਸਨ ਉਹ ਹੈ ਕਿ ਕਿਵੇਂ ਹੇਠਾਂ-ਅਤੇ-ਉੱਪਰ ਛਾਲਾਂ ਮਾਰਨੀਆਂ ਹਨ, ਵੱਖੋ ਵੱਖਰੀਆਂ ਭਾਸ਼ਾਵਾਂ ਵਿੱਚ ਬੋਲਣਾ ਹੈ, ਕਹਿਣਾ, "ਮੈਨੂੰ ਪਵਿੱਤਰ ਆਤਮਾ ਮਿਲਿਆ ਹੈ। ਹਲਲੂਯਾਹ!"

142 ਮੈਂ ਅਫਰੀਕਾ ਵਿਚ ਖੜ੍ਹਾ ਸੀ, ਅਤੇ ਵੇਖਿਆ ਹੈ, ਜਾਦੂ ਦੇ ਡਾਕਟਰ ਅਤੇ ਬੋਲਦੀਆਂ ਹੋਈਆਂ ਚੀਜ਼ਾਂ, ਇੱਕੋ ਸਮੇਂ ਤੇ ਪੰਜ ਹਜ਼ਾਰ; ਹੇਠਾਂ-ਉੱਪਰ ਛਾਲਾਂ ਮਾਰਦਿਆਂ, ਉਨ੍ਹਾਂ ਦੇ ਲਹੂ ਨਾਲ ਭਰੇ ਹੋਏ ਚਿਹਰੇ, ਬੋਲੀਆਂ ਬੋਲਦੇ ਹੋਏ, ਅਤੇ

ਮਨੁੱਖੀ ਖੋਪੜੀ ਵਿੱਚੋਂ ਲਹੂ ਪੀਂਦੇ ਹੋਏ; ਸ਼ੈਤਾਨ ਨੂੰ ਬੁਲਾਉਂਦੇ, ਅਤੇ ਬੋਲੀਆਂ ਬੋਲਦੇ ਹੋਏ।

143 ਅਤੇ ਹਾਲੇ ਵੀ ਭਾਸ਼ਾਵਾਂ ਵਿੱਚ ਬੋਲਣਾ ਪਰਮੇਸ਼ੁਰ ਦੀ ਦਾਤ ਹੈ, ਪਰ ਇਹ ਪਵਿੱਤਰ ਆਤਮਾ ਦਾ ਪੱਕਾ ਸਬੂਤ ਨਹੀਂ ਹੈ। ਮੈਂ ਹੁਣ ਤੁਹਾਨੂੰ ਦੱਸ ਦੇਵਾਂ। ਮੇਰਾ ਵਿਸ਼ਵਾਸ ਹੈ ਕਿ ਸਾਰੇ ਪ੍ਰੇਰਿਤ ਸੰਤ ਵੱਖੋ ਵੱਖਰੀਆਂ ਭਾਸ਼ਾਵਾਂ ਨਾਲ ਬੋਲਦੇ ਹਨ। ਮੈਂ ਕਿਸੇ ਆਦਮੀ ਤੇ ਵਿਸ਼ਵਾਸ ਕਰਦਾ ਹਾਂ ਜਦੋਂ ਤੁਸੀਂ ਪਰਮੇਸ਼ੁਰ ਤੋਂ ਇੰਨਾ ਪ੍ਰੇਰਿਤ ਹੁੰਦੇ ਹੋ ਜਦੋਂ ਤੱਕ ਤੁਸੀਂ ਵੱਖੋ ਵੱਖਰੀਆਂ ਭਾਸ਼ਾਵਾਂ ਨਾਲ ਗੱਲ ਨਹੀਂ ਕਰਨ ਲਗ ਜਾਂਦੇ। ਮੈ ਇਹ ਮੰਨਦਾ ਹਾਂ। ਪਰ ਮੈਂ ਨਹੀਂ ਮੰਨਦਾ ਕਿ ਇਹ ਤੁਹਾਡੇ ਪਵਿੱਤਰ ਆਤਮਾ ਪਾਏ ਹੋਣ ਦਾ ਕੋਈ ਨਿਸ਼ਾਨ ਹੈ। ਹਾਂ, ਸ਼੍ਰੀ ਮਾਨ। ਮੈਂ ਮੰਨਦਾ ਹਾਂ ਕਿ ਕਈ ਵਾਰ ਜਦੋਂ ਤੁਹਾਨੂੰ ਵਿਸ਼ਵਾਸ ਹੁੰਦਾ ਹੈ, ਵਿਅਕਤੀ, ਜਦੋਂ ਤੁਸੀਂ ਬਾਹਰ ਆ ਜਾਓਗੇ ਅਤੇ ਇਕ ਛੋਟੇ ਜਿਹੇ ਬੱਚੇ ਤੇ ਹੱਥ ਰੱਖੋ ਜਿਸ ਨੂੰ ਕੈਂਸਰ ਹੈ, ਜਦਕਿ ਪੰਜਾਹ ਪ੍ਰਚਾਰਕਾਂ ਨੇ ਇਸ ਲਈ ਪ੍ਰਾਰਥਨਾ ਕੀਤੀ ਸੀ, ਅਤੇ ਇਹ ਚੰਗਾ ਹੋ ਜਾਵੇਗਾ ਕਿਉਂਕਿ ਉਸ ਮਾਂ ਨੂੰ ਉਸ ਬੱਚੇ ਲਈ ਵਿਸ਼ਵਾਸ ਹੈ। ਪਰਮੇਸ਼ੁਰ ਨੇ ਉਸ ਨੂੰ ਇਹ ਦਿੱਤਾ ਹੈ, ਉਹ ਮਸੀਹ ਦੀ ਦੇਹ ਦੀ ਇਕ ਅੰਗ ਹੈ। ਹਾਂ, ਸ਼੍ਰੀਮਾਨ। ਮੈਂ ਇਸ ਤੇ ਵਿਸ਼ਵਾਸ ਕਰਦਾ ਹਾਂ। ਮੈਂ ਇਹ ਹੁੰਦਾ ਹੋਇਆ ਵੇਖਿਆ ਹੈ ਅਤੇ ਮੈਂ ਜਾਣਦਾ ਹਾਂ ਕਿ ਇਹ ਸੱਚ ਹੈ। ਪਰ ਇਹ ਕੀ ਹੈ, ਕਲੀਸਿਯਾ ਨੂੰ ਵਿਵਸਥਾ ਵਿੱਚ ਲਿਆਉਣਾ ਹੈ, ਵਿਵਸਥਾ ਵਿੱਚ ਰੱਖਣਾ ਹੈ ਤਾਂ ਜੋ ਅਸੀਂ ਕੰਮ ਕਰ ਸਕੀਏ।

144 ਆਓ ਅਸੀਂ ਜਾਣ ਤੋਂ ਪਹਿਲਾਂ ਇਸ ਆਇਤ ਦੇ ਬਾਕੀ ਹਿੱਸੇ ਨੂੰ ਪੂਰਾ ਕਰੀਏ।

> *...ਉਸ ਵਿੱਚ ਨਿਹਚਾ ਵੀ ਕੀਤੀ, ਤਾਂ ਵਾਇਦੇ ਦੇ ਪਵਿੱਤਰ ਆਤਮਾ ਨਾਲ ਤੁਹਾਡੇ ਉੱਤੇ ਵੀ ਮੋਹਰ ਲੱਗੀ।*

145 "ਮੋਹਰ!" ਮੋਹਰ ਕੀ ਹੈ? ਮੋਹਰ ਕੀ ਹੈ? ਇਕ ਮੋਹਰ ਹੈ, ਸਭ ਤੋਂ ਪਹਿਲਾਂ ਜੋ ਇਹ ਦਰਸਾਉਂਦੀ ਹੈ ਉਹ ਇਕ ਕੰਮ ਹੈ ਜੋ ਪੂਰਾ ਹੋ ਗਿਆ ਹੈ, ਇਕ ਪੂਰਾ ਕੰਮ। ਅਗਲੀ ਚੀਜ ਜੋ ਇਹ ਦਰਸਾਉਂਦੀ ਹੈ ਉਹ ਹੈ ਮਾਲਕੀਅਤ। ਅਤੇ ਅਗਲੀ ਚੀਜ ਜੋ ਇਹ ਦਰਸਾਉਂਦੀ ਹੈ ਉਹ ਹੈ ਸੁਰੱਖਿਆ, ਇਸ ਨੂੰ ਰੱਖਣਾ।

146 ਜਿਵੇਂ, ਉਦਾਹਰਣ ਵਜੋਂ, ਮੈਂ ਪੈਨਸਿਲਵੇਨੀਆ ਰੇਲਮਾਰਗ ਲਈ ਕੰਮ ਕਰਦਾ ਸੀ, ਮੈਂ ਆਪਣੇ ਪਿਤਾ ਨਾਲ ਰੇਲਮਾਰਗ ਤੇ ਕੰਮ ਕਰਦਾ ਹੁੰਦਾ ਸੀ। ਅਸੀਂ ਗੱਡੀਆਂ ਲੋਡ ਕਰਦੇ ਹੁੰਦੇ ਸੀ। ਅਤੇ ਅਸੀਂ ਇੱਥੇ ਇਸ ਨੂੰ ਪੈਕਿੰਗ ਕੰਪਨੀ ਵਿਚ, ਅਸੀਂ ਇਸ ਨੂੰ ਟੀਨ ਦੇ ਡੱਬਿਆ ਵਿੱਚ ਪਾਂਦੇ ਸੀ, ਅਤੇ ਅਸੀਂ *ਇੱਥੇ* ਕੁਝ ਰੱਖਦੇ ਸੀ ਅਤੇ ਕੁਝ *ਇਥੇ* ਹੇਠਾਂ, ਅਤੇ ਕੁਝ *ਇਸ* ਤਰੀਕੇ ਨਾਲ।

ਪਰ ਇਸ ਤੋਂ ਪਹਿਲਾਂ ਕਿ ਉਸ ਗੱਡੀ ਨੂੰ ਮੋਹਰ ਕੀਤਾ ਜਾਂਦਾ, ਇੰਸਪੈਕਟਰ ਉਥੇ ਆਉਂਦਾ, ਅਤੇ ਉਹ ਇਸ ਨੂੰ ਧੱਕਾ ਮਾਰਦਾ, *ਇਸ* ਨੂੰ ਪਾਸੇ ਹਟਾਉਂਦਾ, *ਉਸਨੂੰ* ਹਿਲਾ ਦਿੰਦਾ। "ਆਹ! ਇਸ ਨੂੰ ਰੱਦ ਕਰੋ! ਉਥੇ ਪਹੁੰਚਣ ਤੋਂ ਪਹਿਲਾਂ ਉਨ੍ਹਾਂ ਦੇ ਟੋਟੇ ਹੋ ਜਾਣਗੇ। ਇਸ ਨੂੰ ਰੱਦ ਕਰੋ! ਉਨ੍ਹਾਂ ਨੂੰ ਬਾਹਰ ਕੱਢੋ। ਇਸ ਨੂੰ ਦੁਬਾਰਾ ਕਰੋ।" ਇੰਸਪੈਕਟਰ ਨੇ ਗੱਡੀ ਰੱਦ ਕਰ ਦਿੱਤੀ।

147 ਪਵਿੱਤਰ ਆਤਮਾ ਇੰਸਪੈਕਟਰ ਹੈ। ਉਹ ਤੁਹਾਨੂੰ ਥੋੜਾ ਜਿਹਾ ਹਿਲਾਉਂਦਾ ਹੈ, ਅਤੇ ਤੁਸੀਂ ਖੜਖੜ ਕਰਦੇ ਹੋ। ਕੀ ਤੁਸੀਂ ਪਰਮੇਸ਼ੁਰ ਦੇ ਸਾਰੇ ਵਚਨ ਤੇ ਵਿਸ਼ਵਾਸ ਕਰਦੇ ਹੋ?

"ਮੈਂ ਉਸ ਪੁਰਾਣੇ ਯਿਸੂ ਨਾਮ ਨੂੰ ਨਹੀਂ ਮੰਨਦਾ।"

ਇਸ ਨੂੰ ਰੱਦ ਕਰਦੇ ਹੋ। ਤੁਸੀਂ ਖੜਖੜ ਕਰਦੇ ਹੋ, ਵੇਖਿਆ।

"ਮੈਂ ਦੈਵਿਕ ਚੰਗਾਈ ਨੂੰ ਨਹੀਂ ਮੰਨਦਾ ਜਾਂ ਅਜਿਹੀ ਕੋਈ ਚੀਜ਼ ਨਹੀਂ।"

"ਅਜੇ ਵੀ ਗੜਬੜ ਹੈ। ਉਨ੍ਹਾਂ ਨੂੰ ਬਾਹਰ ਲੈ ਜਾਓ।"

"ਕੀ ਤੁਹਾਨੂੰ ਵਿਸ਼ਵਾਸ ਹੈ ਕਿ ਯਿਸੂ ਮਸੀਹ, ਕੱਲ੍ਹ ਵੀ ਇੱਕੋ ਜਿਹਾ ਸੀ…?"

"ਠੀਕ ਹੈ, ਕਿਸੇ ਹੋਰ ਤਰ੍ਹਾਂ।"

"ਤੁਸੀਂ ਗੜਬੜ ਕਰਦੇ ਹੋ। ਇਸਨੂੰ ਬਾਹਰ ਰੱਖੋ, ਦੇਖੋ, ਇਹ ਅਜੇ ਤਿਆਰ ਨਹੀਂ ਹੈ।" ਹਾਂ, ਸ਼੍ਰੀਮਾਨ।

148 ਭਾਈ, ਜਦੋਂ ਇਹ "ਆਮੀਨ" ਕਹਿਣ ਲਈ ਤਿਆਰ ਹੋਵੇ!

ਕੀ ਤੁਹਾਨੂੰ ਪਵਿੱਤਰ ਆਤਮਾ ਮਿਲਿਆ?

"ਆਮੀਨ!"

"ਕੀ ਸਭ ਕੁਝ ਪੂਰਾ ਹੋ ਗਿਆ ਹੈ?"

"ਆਮੀਨ।" ਫਿਰ ਇੰਸਪੈਕਟਰ ਕੀ ਕਰਦਾ ਹੈ? ਸਭ ਕੁਝ ਚੰਗੀ ਤਰ੍ਹਾਂ ਅਤੇ ਮਜਬੂਤੀ ਨਾਲ ਬਨ੍ਹ ਦਿੱਤਾ ਗਿਆ ਹੈ, ਇੰਜੀਲ ਨਾਲ ਭਰਿਆ ਹੋਇਆ। ਔਹ, ਪਰਮੇਸ਼ੁਰ ਦਾ ਹਰੇਕ ਵਚਨ ਭਲਾ ਹੈ। ਸਭ ਕੁਝ ਸੰਪੂਰਨ ਹੈ। "ਮੈਂ ਹਰ ਵਚਨ ਨੂੰ ਮੰਨਦਾ ਹਾਂ। ਆਮੀਨ! ਆਮੀਨ! ਆਮੀਨ!"

"ਕੀ ਤੁਹਾਨੂੰ ਵਿਸ਼ਵਾਸ ਹੈ ਕਿ ਪਰਮੇਸ਼ੁਰ ਅਜੇ ਵੀ ਚੰਗਾ ਕਰਦਾ ਹੈ?"

"ਆਮੀਨ।"

"ਕੀ ਤੁਹਾਨੂੰ ਵਿਸ਼ਵਾਸ ਹੈ ਕਿ ਯਿਸੂ ਕੱਲ੍ਹ ਅਤੇ ਸਦਾ ਲਈ ਇਕੋ ਜਿਹਾ ਹੈ?"

"ਆਮੀਨ।"

"ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਵਿੱਤਰ ਆਤਮਾ ਉਨਾ ਹੀ ਅਸਲ ਹੈ ਜਿੰਨਾ ਇਹ ਹਮੇਸ਼ਾ ਸੀ?"

"ਆਮੀਨ।"

"ਕੀ ਤੁਹਾਨੂੰ ਵਿਸ਼ਵਾਸ ਹੈ ਕਿ ਉਹੀ ਆਤਮਾ ਪੌਲੁਸ ਉੱਤੇ ਆਇਆ ਜੋ ਸਾਡੇ ਉੱਤੇ ਆਇਆ ਹੈ?"

"ਆਮੀਨ।"

"ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਇਹ ਸਾਡੇ ਉੱਤੇ ਉਹੀ ਕੰਮ ਕਰਦਾ ਹੈ ਜੋ ਉਸਨੇ ਉਨ੍ਹਾਂ ਤੇ ਕੀਤੇ ਸਨ?"

"ਆਮੀਨ।" ਔਹ, ਔਹ, ਹੁਣ ਉਹ ਭਰ ਰਹੀ ਹੈ। ਵੇਖੋ, ਹੁਣ ਉਹ ਭਰ ਰਹੀ ਹੈ, ਅਸੀਂ ਦਰਵਾਜ਼ਾ ਬੰਦ ਕਰਨ ਲਈ ਤਿਆਰ ਹਾਂ। ਠੀਕ ਹੈ।

149 ਫਿਰ ਇੰਸਪੈਕਟਰ ਦਰਵਾਜ਼ਾ ਬੰਦ ਕਰ ਦਿੰਦਾ ਹੈ। ਉਹ ਕੀ ਕਰਦਾ ਹੈ? ਉਹ ਇਸ ਉੱਤੇ ਮੋਹਰ ਲਾਉਂਦਾ ਹੈ। ਫਿਰ ਉਹ ਇੱਥੇ ਹੇਠਾਂ ਆ ਜਾਂਦਾ ਹੈ ਅਤੇ ਕਿਸੇ ਚਿਮਟੇ ਜਿਹੀ ਚੀਜ ਨੂੰ ਫੜ ਲੈਂਦਾ ਹੈ, ਉਥੇ ਇਸ ਛੋਟੀ ਜਿਹੀ ਚੀਜ਼ ਤੇ ਪਹੁੰਚ ਜਾਂਦਾ ਹੈ ਅਤੇ ਉਸ ਨੂੰ ਮੋਹਰ ਕਰ ਦਿੰਦਾ ਹੈ। ਬਿਹਤਰ ਹੋਵੇਗਾ ਕਿ ਤੁਸੀਂ ਇਸ ਨੂੰ ਨਾ ਤੋੜੋ। ਜੇ ਉਹ, ਉਸ ਗੱਡੀ, ਇਸਦੀ ਮੰਜ਼ਿਲ ਬੋਸਟਨ ਹੈ, ਇਸ ਨੂੰ ਤੋੜਿਆ ਨਹੀਂ ਜਾ ਸਕਦਾ। ਉਸ ਮੋਹਰ ਨੂੰ ਤੋੜਨਾ ਉਦੋਂ ਤਕ ਇੱਕ ਸਜਾ ਯੋਗ ਅਪਰਾਧ ਹੋਵੇਗਾ ਜਦੋਂ ਤਕ ਇਹ ਬੋਸਟਨ ਨੂੰ ਨਹੀਂ ਪਹੁੰਚ ਜਾਂਦੀ। ਅਤੇ ਜਿਸ ਵਿਅਕਤੀ ਕੋਲ ਅਧਿਕਾਰ ਹੈ ਉਹ ਉਸ ਮੋਹਰ ਨੂੰ ਖੋਲ੍ਹ ਸਕਦਾ ਹੈ, ਅਤੇ ਕੇਵਲ ਉਹ ਹੀ। ਇਹ ਠੀਕ ਹੈ। ਇਹ ਇਕ *ਫਲਾਣੀ-ਫਲਾਣੀ* ਰੇਲਰੋਡ ਕੰਪਨੀ ਦੀ ਮਲਕੀਅਤ ਹੈ। ਇਹ ਉਨ੍ਹਾਂ ਦੀ ਮੋਹਰ ਹੈ। ਇਹ ਉਨ੍ਹਾਂ ਦਾ ਵਾਅਦਾ ਹੈ ਕਿ ਇਹ ਗੱਡੀ ਪੈਕ ਕੀਤੀ ਗਈ ਹੈ, ਇਹ ਗੱਡੀ ਤਿਆਰ ਹੈ। ਇਹ ਉਨ੍ਹਾਂ ਦਾ ਹੈ। ਉਹ "ਪੈਨਸਿਲਵੇਨੀਆ" ਦੀ ਥਾਂ ਤੇ "ਬੀ ਐਂਡ ਓ" ਨਹੀਂ ਲਗਾ ਸਕਦੇ। ਤੁਹਾਡੇ ਤੇ ਮੋਹਰ ਲੱਗਣੀ ਹੀ ਹੈ, ਅਤੇ ਜਦੋਂ ਇਹ ਮੋਹਰ ਲਗ ਜਾਂਦੀ ਹੈ।

150 ਅਤੇ ਜਦੋਂ ਮਸੀਹੀ ਇੰਜੀਲ ਨਾਲ ਭਰ ਜਾਂਦਾ ਹੈ, ਪਰਮੇਸ਼ੁਰ ਦੀ ਭਲਿਆਈ ਨਾਲ ਭਰ ਜਾਂਦਾ ਹੈ, ਪਰਮੇਸ਼ੁਰ ਦੀਆਂ ਸਾਰੀਆਂ ਚੰਗੀਆਂ ਚੀਜ਼ਾਂ ਉਸ ਵਿੱਚ ਰਹਿੰਦੀਆਂ ਹਨ, ਖੁਲ੍ਹੇ ਦਿਲ ਨਾਲ, ਕੰਮ ਕਰਨ ਲਈ ਤਿਆਰ, ਅਹੁਦੇ ਤੇ ਜਾਣ ਲਈ ਤਿਆਰ, ਕੁਝ ਵੀ ਕਰੇਗਾ ਜੋ ਪਵਿੱਤਰ ਆਤਮਾ ਉਸਨੂੰ ਕਰਨ ਲਈ ਕਹਿੰਦਾ ਹੈ, ਮੌਤ ਨੂੰ ਪਾਰ ਕਰਕੇ ਜੀਵਨ ਵਿਚ ਆ ਗਿਆ ਹੈ, ਸੰਸਾਰ ਦੀਆਂ

ਸਾਰੀਆਂ ਚੀਜ਼ਾਂ ਤੋਂ ਪਵਿੱਤਰ ਹੈ, ਉਜਾਲੇ ਵਿੱਚ ਚਲ ਰਿਹਾ ਹੈ ਜਿਵੇਂ ਉਜਾਲਾ ਉਸ ਕੋਲ ਆਉਂਦਾ ਹੈ, ਅੱਗੇ ਵੱਧਦਾ ਹੈ, ਉਹ ਤਿਆਰ ਹੈ। ਫਿਰ ਪਰਮੇਸ਼ੁਰ ਸੰਸਾਰ ਦੇ ਦਰਵਾਜ਼ੇ ਨੂੰ ਉਸਦੇ ਪਿੱਛੇ ਬੰਦ ਕਰ ਦਿੰਦਾ ਹੈ, ਅਤੇ ਇਸ ਨੂੰ ਇਸ ਤਰ੍ਹਾਂ ਠੋਕਰ ਮਾਰਦਾ ਹੈ, ਅਤੇ ਉਸਨੂੰ ਵਾਅਦੇ ਦੇ ਪਵਿੱਤਰ ਆਤਮਾ ਨਾਲ ਮੋਹਰ ਲਗਾਉਂਦਾ ਹੈ। ਹਲਲੂਯਾਹ! ਕਦੋਂ ਤੱਕ? ਮੰਜ਼ਿਲ ਤੱਕ। ਉਸਨੂੰ ਰੇਲਰੋਡ ਪਟਰੀ ਤੇ ਇੱਥੇ ਬਾਹਰ ਨਾ ਕੱਢੋ ਅਤੇ ਇਸਨੂੰ ਦੁਬਾਰਾ ਖੋਲ੍ਹ ਕੇ ਇਹ ਨਾ ਵੇਖੋ ਕਿ ਕੀ ਸਭ ਕੁਝ ਠੀਕ ਹੈ। ਇਹ ਸਭ ਠੀਕ ਹੈ, ਬੱਸ ਇਸਨੂੰ ਇਕੱਲਾ ਛੱਡ ਦਿਓ। ਇੰਸਪੈਕਟਰ ਨੇ ਇਸ ਦਾ ਨਿਰੀਖਣ ਕੀਤਾ ਹੈ। ਤੁਸੀਂ ਕੱਦ ਤੱਕ ਮੋਹਰ ਕੀਤੇ ਗਏ ਹੋ? ਤੁਹਾਡੇ ਛੁਟਕਾਰੇ ਤੱਕ। ਇੰਨੇ ਚਿਰ ਤੱਕ ਤੁਸੀਂ ਮੋਹਰ ਕੀਤੇ ਗਏ ਹੋ।

151 "ਅੱਛਾ, ਜਦੋਂ ਤੁਸੀਂ ਮਰ ਜਾਉਗੇ, ਤਾਂ, ਭਾਈ ਬ੍ਰਨਹਾਮ, ਤੁਹਾਡੇ ਮਰਨ ਤੋਂ ਬਾਅਦ ਕੀ ਹੋਵੇਗਾ, ਤੁਸੀਂ ਕਹਿੰਦੇ ਹੋ ਕਿ ਇਹ ਤੁਹਾਡੇ ਕੋਲ ਫਿਰ ਵੀ ਹੋਵੇਗੀ?" ਤੁਹਾਡੇ ਕੋਲ ਇਹ ਹਮੇਸ਼ਾ ਲਈ ਹੈ। ਜ਼ਿੰਦਗੀ ਕਿੱਥੇ ਸ਼ੁਰੂ ਹੁੰਦੀ ਹੈ? ਜਗਵੇਦੀ ਤੇ। ਠੀਕ ਉਥੇ ਤੁਸੀਂ ਥੋੜ੍ਹਾ ਜਿਹਾ ਪਰਛਾਵਾਂ ਵੇਖ ਰਹੇ ਹੋ। ਇਹ ਪਰਛਾਵਾਂ ਹੈ, ਪਵਿੱਤਰ ਆਤਮਾ ਦੀ ਮੋਹਰ। ਫਿਰ ਇਹ ਪਰਛਾਵਿਆਂ ਦੇ ਪਰਛਾਵੇਂ ਦਾ ਪਰਛਾਵਾਂ ਹੈ, ਜਿਵੇਂ ਮੈਂ ਇੱਕ ਦਿਨ ਕਿਹਾ ਸੀ। ਪਰ ਜਦੋਂ ਤੁਸੀਂ ਮਰ ਜਾਂਦੇ ਹੋ, ਤੁਸੀਂ ਉਨ੍ਹਾਂ ਪਰਛਾਵਿਆਂ ਵਿਚੋਂ ਲੰਘਦੇ ਰਹਿੰਦੇ ਹੋ ਜਦ ਤਕ ਤੁਸੀਂ ਨਮੀ ਵਿਚ ਨਹੀਂ ਆਉਂਦੇ, ਨਮੀ ਤੋਂ ਛੋਟੇ ਛਲਕਦੇ ਸੋਤੇ ਤੱਕ, ਇੱਕ ਸੋਤੇ ਤੋਂ ਇੱਕ ਨਾਲੇ ਤੱਕ, ਇੱਕ ਨਾਲੇ ਤੋਂ ਇੱਕ ਨਦੀ ਤੱਕ, ਨਦੀ ਤੋਂ ਸਮੁੰਦਰ ਤੱਕ, ਵੇਖੋ, ਪਰਮੇਸ਼ੁਰ ਦੇ ਪਿਆਰ ਦਾ। ਤੁਸੀਂ ਬੱਸ ਉਹੀ ਵਿਅਕਤੀ ਹੋ।

152 ਇੱਥੇ ਵੇਖੋ। ਬੁੱਢਾ ਸ਼ਾਊਲ, ਪੁਰਾਣਾ ਪਿਛੇ ਹੱਟਣ ਵਾਲਾ, ਉਹ ਪਰਮੇਸ਼ੁਰ ਤੱਕ ਨਹੀਂ ਪਹੁੰਚ ਸਕਿਆ, ਪਰ ਫਿਰ ਵੀ ਉਹ ਨਾਸ਼ ਨਹੀਂ ਹੋਇਆ ਸੀ। ਉਹ ਜ਼ਰੂਰ ਨਹੀਂ ਸੀ। ਉਹ ਇੱਕ ਨਬੀ ਸੀ, ਪਰ ਉਹ ਕੇਵਲ ਪਰਮੇਸ਼ੁਰ ਤੋਂ ਬਾਹਰ ਹੋ ਗਿਆ। ਇਹੀ ਕਾਰਨ ਹੈ, ਭਰਾਵੋ, ਮੈਂ ਕਿਹਾ, "ਤੁਸੀਂ ਨਾਸ਼ ਨਹੀਂ ਹੋਏ ਹੋ।" ਇਸ ਲਈ ਯਾਦ ਰੱਖੋ, ਕਿ ਉਹ ਕੇਵਲ ਪਰਮੇਸ਼ੁਰ ਦੀ ਇੱਛਾ ਤੋਂ ਬਾਹਰ ਚਲਾ ਗਿਆ ਸੀ, ਇਸ ਲਈ ਫਿਰ ਸਭ ਤੋਂ ਪਹਿਲਾਂ ਜੋ ਤੁਸੀਂ ਜਾਣਦੇ ਹੋ, ਉਹ—ਉਹ ਸਹਿਮਤ ਨਹੀਂ ਹੁੰਦਾ ਸੀ। ਹੁਣ, ਸ਼ਾਇਦ ਮੈਨੂੰ ਇਹ ਨਹੀਂ ਕਹਿਣਾ ਚਾਹੀਦਾ ਸੀ। ਠੀਕ ਹੈ, ਮੈਂ ਅੱਜ ਰਾਤ ਇਕ ਖੁਸ਼ਹਾਲ ਸਭਾ ਲਈ ਜਾ ਰਿਹਾ ਹਾਂ। ਤਾਂ ਫਿਰ, ਤੁਸੀਂ ਜਾਣਦੇ ਹੋ, ਅਤੇ ਸਭ ਤੋਂ ਪਹਿਲਾਂ ਜੋ ਤੁਸੀਂ ਜਾਣਦੇ ਹੋ, ਔਹ, ਮੇਰੇ, ਫਿਰ…ਉਹ ਗਿਆ—ਊਰੀਮ ਤੁੰਮੀਮ ਕੋਲ ਗਿਆ।

153 ਤੁਸੀਂ ਜਾਣਦੇ ਹੋ ਕਿ ਊਰੀਮ ਅਤੇ ਤੁੰਮੀਮ ਕੀ ਸੀ, ਇਹ ਛਾਤੀ ਦੀ ਢਾਲ

ਸੀ, ਉਹ ਏਫ਼ੋਦ ਜਿਸ ਨੂੰ—ਹਾਰੂਨ ਪਹਿਣਦਾ ਹੁੰਦਾ ਸੀ। ਅਤੇ ਇਹ ਹਮੇਸ਼ਾਂ ਤੋਂ ਹੈ, ਪਰਮੇਸ਼ੁਰ ਹਮੇਸ਼ਾਂ ਅਲੌਕਿਕ ਪਰਮੇਸ਼ੁਰ ਹੈ ਜੋ ਅਲੌਕਿਕ ਤਰੀਕਿਆਂ ਨਾਲ ਜਵਾਬ ਦਿੰਦਾ ਹੈ। ਅਤੇ ਜਦੋਂ ਇੱਕ ਨਬੀ ਭਵਿੱਖਬਾਣੀ ਕਰਦਾ ਸੀ, ਅਤੇ ਉਹ ਰਹੱਸਮਈ ਰੌਸ਼ਨੀ ਉਸ ਊਰੀਮ ਤੁੰਮੀਮ ਤੋਂ ਨਹੀਂ ਆਉਂਦੀ ਸੀ, ਤਾਂ ਉਹ ਗਲਤ ਸੀ। ਜਦੋਂ ਇੱਕ ਸੁਪਨਾ ਦੇਖਣ ਵਾਲਾ ਇੱਕ ਸੁਪਨਾ ਦੱਸਦਾ ਸੀ ਅਤੇ ਇਹ ਉਸ ਊਰੀਮ ਤੁੰਮੀਮ ਤੇ ਨਹੀਂ ਚਮਕਦਾ ਸੀ, ਮੈਨੂੰ ਪਰਵਾਹ ਨਹੀਂ ਕਿ ਇਹ ਕਿੰਨਾ ਚੰਗਾ ਲਗਦਾ ਹੈ, ਇਹ ਗਲਤ ਸੀ। ਇਹ ਠੀਕ ਹੈ।

154 ਅਤੇ ਮੈਨੂੰ ਇਸ ਗੱਲ ਦੀ ਪਰਵਾਹ ਨਹੀਂ ਹੈ ਕਿ ਤੁਸੀਂ ਕਿੰਨੀਆਂ ਡਾਕਟਰੀ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ ਹਨ ਅਤੇ ਤੁਹਾਡਾ ਸੰਗਠਨ ਕਿੰਨਾ ਵੱਡਾ ਹੈ, ਜਦੋਂ ਤੁਸੀਂ ਅਗੰਮ ਵਾਕ ਕਰਦੇ ਹੋ ਜਾਂ ਪਰਚਾਰ ਕਰਦੇ ਹੋ, ਜੇ ਇਹ ਇਸ ਵਚਨ ਦੇ ਅਨੁਸਾਰ ਨਹੀਂ ਹੈ, ਤੁਸੀਂ ਗਲਤ ਹੋ, ਭਾਈ। ਤੁਸੀਂ...ਇਹ ਪਰਮੇਸ਼ੁਰ ਦਾ ਊਰੀਮ ਤੁੰਮੀਮ ਹੈ। ਜਦੋਂ ਤੁਸੀਂ ਕਹਿੰਦੇ ਹੋ ਕਿ ਜਗਤ ਦੀ ਨੀਂਹ ਤੋਂ ਪਹਿਲਾਂ ਤੁਸੀਂ ਠਹਿਰਾਏ ਨਹੀਂ ਗਏ ਸੀ, ਉਹ ਨਹੀਂ ਚਮਕੇਗੀ, ਕਿਉਂਕਿ ਬਾਈਬਲ ਨੇ ਕਿਹਾ ਸੀ ਕਿ ਤੁਸੀਂ ਸੀ। ਜਦੋਂ ਤੁਸੀਂ ਕਹਿੰਦੇ ਹੋ ਕਿ ਤੁਹਾਨੂੰ "ਪਿਤਾ, ਪੁੱਤਰ, ਪਵਿੱਤਰ ਆਤਮਾ" ਦੇ ਨਾਮ ਤੇ ਬਪਤਿਸਮਾ ਲੈਣਾ ਚਾਹੀਦਾ ਹੈ, ਤਾਂ ਇਹ ਨਹੀਂ ਚਮਕਦੀ, ਕਿਉਂਕਿ ਬਾਈਬਲ ਵਿਚ ਕਿਸੇ ਨੇ ਵੀ ਇਸ ਤਰ੍ਹਾਂ ਬਪਤਿਸਮਾ ਨਹੀਂ ਲਿਆ। ਕੇਵਲ ਪ੍ਰਭੂ ਯਿਸੂ ਦੇ ਨਾਮ ਵਿੱਚ। ਇਹ ਨਹੀਂ ਚਮਕਦੀ, ਇਸ ਲਈ ਜੋ ਕਿਤੇ ਕੁਝ ਗਲਤ ਹੈ।

155 ਤਾਂ ਊਰੀਮ ਤੁੰਮੀਮ ਬੁੱਢੇ ਸ਼ਾਊਲ ਨੂੰ ਜਵਾਬ ਨਹੀਂ ਦੇਵੇਗਾ, ਅਤੇ ਉਹ ਇਕ ਸੁਪਨਾ ਵੀ ਨਹੀਂ ਵੇਖ ਸਕਦਾ। ਉਹ ਇੰਨਾ ਦੂਰ ਚਲਾ ਗਿਆ ਕਿ ਉਹ ਇਕ ਸੁਪਨਾ ਵੀ ਨਹੀਂ ਵੇਖ ਸਕਦਾ ਸੀ। ਤਾਂ ਤੁਸੀਂ ਜਾਣਦੇ ਹੋ ਕਿ ਉਸਨੇ ਕੀ ਕੀਤਾ? ਉਹ ਜਾਦੂਗਰਨੀ ਕੋਲ ਚਲਾ ਗਿਆ, ਅਤੇ ਇਹ ਬੁੱਢੀ ਜਾਦੂਗਰਨੀ, ਉਥੇ ਦਾ ਪੁਰਾਣਾ ਸ਼ੈਤਾਨ ਡਾਕਟਰ, ਜਾਦੂਗਰ ਡਾਕਟਰ। ਅਤੇ ਉਸਨੇ ਕਿਹਾ, "ਕੀ ਤੂੰ ਭੂਤਾਂ ਤੋਂ ਪੁੱਛ ਸਕਦੀ ਹੈਂ?"

156 ਉਸ ਨੇ ਕਿਹਾ, "ਹਾਂ, ਪਰ ਸ਼ਾਊਲ ਨੇ ਕਿਹਾ ਹੈ ਕਿ ਉਹ ਉਸ ਹਰੇਕ ਨੂੰ ਮਾਰ ਦੇਵੇਗਾ ਜਿਹੜਾ ਭੂਤਾਂ ਤੋਂ ਪੁਛ ਲੈਂਦਾ ਹੈ।"

157 ਉਸਨੇ ਕਿਹਾ, "ਮੈਂ ਤੇਰੀ ਰੱਖਿਆ ਕਰਾਂਗਾ," ਇੱਕ ਟਹਿਲੂਏ ਜਿਹੇ ਕਪੜੇ ਪਹਿਨੇ ਹੋਏ। ਉਸ ਨੇ ਕਿਹਾ, "ਮੇਰੇ ਲਈ ਭੂਤ ਮਿੱਤ੍ਰ ਕੋਲੋਂ ਸਲਾਹ ਪੁੱਛ ਅਤੇ ਮੇਰੇ ਲਈ ਮੁਰਦਿਆਂ ਦੀ ਦੁਨੀਆਂ ਤੋਂ ਉਸ ਨੂੰ ਮੰਗਵਾ ਜੋ ਇਥੋਂ ਚਲਾ ਗਿਆ ਹੈ।" ਹੁਣ ਇਹ ਸੁਣੋ। "ਮੇਰੇ ਲਈ ਸਮੂਏਲ ਨਬੀ ਦੀ ਆਤਮਾ ਨੂੰ ਮੰਗਵਾ।"

158 ਅਤੇ ਉਹ ਭੂਤ ਮਿਤ੍ਰ ਨਾਲ—ਨਾਲ ਸੰਪਰਕ ਕਰਨ ਲਗੀ। ਅਤੇ, ਜਦੋਂ ਉਸਨੇ ਕੀਤਾ, ਉਹ ਆਪਣੇ ਮੂੰਹ ਭਾਰ ਡਿੱਗ ਪਈ, ਉਸਨੇ ਕਿਹਾ, "ਮੈਂ ਦੇਵਤਿਆਂ ਨੂੰ ਧਰਤੀ ਉੱਪਰ ਆਉਂਦੇ ਹੋਏ ਵੇਖਦੀ ਹਾਂ।" ਵੇਖੋ, ਉਹ ਇਕ ਅਧਰਮੀ ਸੀ, "ਦੇਵਤੇ", ਉਨ੍ਹਾਂ ਵਿਚੋਂ ਦੋ ਜਾਂ ਤਿੰਨ, ਜਿਵੇਂ ਪਿਤਾ, ਪੁੱਤਰ, ਪਵਿੱਤਰ ਆਤਮਾ, ਜਾਂ ਕੁਝ ਅਜਿਹਾ, ਤੁਸੀਂ ਜਾਣਦੇ ਹੋ। ਉਸਨੇ ਕਿਹਾ, ਉਸਨੇ ਕਿਹਾ, "ਮੈਂ ਦੇਵਤਿਆਂ ਨੂੰ ਧਰਤੀ ਉੱਪਰ ਆਉਂਦੇ ਹੋਏ ਵੇਖਦੀ ਹਾਂ।"

159 ਕਿਹਾ, "ਉਸਦੀ ਪਛਾਣ ਦੱਸ। ਉਹ ਕਿਹੋ ਜਿਹਾ ਦਿਸਦਾ ਹੈ? ਉਹ ਕਿਹੋ ਜਿਹਾ ਲੱਗਦਾ ਹੈ?"

160 ਕਿਹਾ, "ਉਹ ਪਤਲਾ ਹੈ ਅਤੇ ਉਸਦੇ ਮੋਢਿਆਂ ਤੇ ਚਾਦਰ ਹੈ।" ਉਹ ਨਹੀਂ ਬਦਲਿਆ ਸੀ, ਥੋੜਾ ਜਿਹਾ ਵੀ ਨਹੀਂ।

161 ਉਸਨੇ ਕਿਹਾ, "ਇਹ ਸਮੂਏਲ ਹੈ। ਉਸ ਨੂੰ ਇਸ ਕਮਰੇ ਵਿਚ ਲਿਆਓ, ਉਸਨੂੰ ਮੇਰੇ ਸਾਹਮਣੇ ਲਿਆਓ।"

162 ਅਤੇ ਦੇਖੋ ਜਦੋਂ ਸਮੂਏਲ ਸ਼ਾਊਲ ਦੇ ਅੱਗੇ ਆਇਆ, ਉਸਨੇ ਕਿਹਾ, "ਤੂੰ ਮੈਨੂੰ ਕਿਉਂ ਬੁਲਾਇਆ, ਜਦਕਿ ਤੂੰ ਪਰਮੇਸ਼ੁਰ ਦਾ ਦੁਸ਼ਮਣ ਬਣ ਗਿਆ ਹੈਂ?" ਅਤੇ ਵੇਖੋ। ਨਾ ਸਿਰਫ ਉਹ ਅਜੇ ਵੀ ਸਮੂਏਲ ਸੀ, ਉਸ ਕੋਲ ਅਜੇ ਵੀ ਭਵਿੱਖਬਾਣੀ ਦੀ ਆਤਮਾ ਸੀ। ਕਹੋ ਕਿ ਇਹ ਗਲਤ ਹੈ, ਕੋਈ ਆਖੇ ਕਿ ਕਿ ਇਹ ਗਲਤ ਹੈ। ਇਹ ਸੱਚਾਈ ਹੈ! ਉਹ ਹਾਲੇ ਵੀ ਇੱਕ ਨਬੀ ਸੀ। ਕਿਉਂਕਿ ਉਸਨੇ ਕਿਹਾ, ਉਸਨੇ ਅਗੰਮ ਵਾਕ ਕੀਤਾ ਅਤੇ ਕਿਹਾ, "ਭਲਕੇ ਲੜਾਈ ਤੁਹਾਡੇ ਖਿਲਾਫ਼ ਜਾਵੇਗੀ, ਅਤੇ ਤੂੰ ਅਤੇ ਤੇਰੇ ਪੁੱਤ੍ਰ ਕਲ੍ਹ ਲੜ੍ਹਾਈ ਵਿੱਚ ਮਾਰੇ ਜਾਵੋਗੇ, ਅਤੇ ਕਲ੍ਹ ਇਸ ਵੇਲੇ ਤੀਕ ਤੂੰ ਅਤੇ ਤੇਰੇ ਪੁੱਤ੍ਰ ਮੇਰੇ ਨਾਲ ਹੋਵੋਗੇ।" ਕੀ ਇਹ ਸਹੀ ਹੈ? ਉਹ ਅਜੇ ਵੀ ਇੱਕ ਨਬੀ ਸੀ!

ਹੁਣ ਤੁਸੀਂ ਕਹਿੰਦੇ ਹੋ, "ਔਹ, ਪਰ ਇਹ ਇੱਕ ਜਾਦੂਗਰਨੀ ਨੇ ਕੀਤਾ ਸੀ।"

163 ਠੀਕ ਹੈ, ਮੈਂ ਤੁਹਾਨੂੰ ਦੱਸਾਂਗਾ ਜੋ ਇਹ ਜਾਦੂਗਰਨੀ ਨੇ ਨਹੀਂ ਕੀਤਾ ਸੀ। ਯਿਸੂ ਨੇ ਪਤਰਸ, ਯਾਕੂਬ, ਅਤੇ ਯੂਹੰਨਾ ਨੂੰ ਲਿਆ, ਅਤੇ ਇੱਕ ਵਾਰ ਰੂਪਾਂਤਰਣ ਦੇ ਪਹਾੜ ਉੱਤੇ ਚਲਾ ਗਿਆ, ਅਤੇ ਪਹਾੜ ਦੀ ਚੋਟੀ ਤੇ ਖੜਾ ਸੀ। ਅਤੇ, ਯਿਸੂ, ਪਰਮੇਸ਼ੁਰ ਆਪਣੇ ਪੁੱਤਰ ਨੂੰ ਅਹੁਦੇ ਤੇ ਰੱਖ ਰਿਹਾ ਸੀ; ਜਿਵੇਂ ਮੈਂ ਇਹ ਕੋਸ਼ਿਸ਼ ਕਰ ਰਿਹਾ ਹਾਂ...ਕਿਸੇ ਹੋਰ ਰਾਤ, ਪੁੱਤਰ ਨੂੰ ਰੱਖਣਾ। ਅਤੇ ਜਦੋਂ ਉਨ੍ਹਾਂ ਨੇ ਕੀਤਾ, ਉਨ੍ਹਾਂ ਨੇ ਆਸੇ ਪਾਸੇ ਵੇਖਿਆ ਅਤੇ ਪਾਇਆ ਕਿ ਮੂਸਾ ਅਤੇ ਏਲੀਯਾਹ ਉਥੇ ਖੜ੍ਹੇ ਹਨ। ਉਹ ਬੋਲ ਰਹੇ ਸਨ, ਗਲਬਾਤ ਕਰ ਰਹੇ ਸਨ। ਨਾ ਕਿ ਆਲੇ ਦੁਆਲੇ ਹਵਾ ਵਿਚ ਤੈਰਦੇ ਛੋਟੇ ਚਿੱਟੇ ਝੰਡੇ, ਜਾਂ ਥੋੜੇ ਚਿੱਟੇ

ਬੱਦਲ, ਨਾ ਕਿ, ਇਧਰ-ਉਧਰ ਤੈਰਦੇ ਹੋਏ। ਪਰ ਉਹ ਮਨੁੱਖ ਸਨ, ਗੱਲਾਂ ਕਰ ਰਹੇ ਸਨ। ਮੂਸਾ ਨੂੰ ਅੱਠ ਸੌ ਸਾਲਾਂ ਤੋਂ ਇਕ ਨਿਸ਼ਾਨ ਰਹਿਤ ਕਬਰ ਵਿਚ ਦਫ਼ਨਾਇਆ ਗਿਆ ਸੀ। ਅਤੇ ਏਲੀਯਾਹ ਇੱਕ ਰੱਥ ਵਿੱਚ ਘਰ ਚਲਾ ਗਿਆ ਸੀ, ਪੰਜ ਸੋ ਸਾਲ। ਅਤੇ ਇੱਥੇ ਉਹ ਦੋਵੇਂ ਸਨ, ਅਜੇ ਵੀ ਉੰਨੇ ਹੀ ਜਿਉਂਦੇ ਸਨ ਜਿੰਨੇ ਉਹ ਹਮੇਸ਼ਾ ਸੀ, ਕਲਵਰੀ ਜਾਣ ਤੋਂ ਪਹਿਲਾਂ ਉਥੇ ਖੜ੍ਹੇ ਹੋ ਕੇ ਉਸ ਨਾਲ ਗੱਲ ਕੀਤੀ ਗਈ। ਹਲਲੂਯਾਹ! "ਸਾਡੀ ਮੁਕਤੀ ਦੇ ਦਿਨ ਤਕ ਮੋਹਰ ਲੱਗੀ ਹੋਈ ਹੈ!"

164 ਮੈਂ ਜਲਦੀ ਕਰਾਂਗਾ, ਅਤੇ ਫਿਰ ਅਸੀਂ ਸਮਾਪਤੀ ਕਰਾਂਗੇ ਕਿਉਂਕਿ ਦੇਰ ਹੋ ਗਈ ਹੈ, ਅਤੇ ਅਸੀਂ ਬਿਮਾਰਾਂ ਲਈ ਪ੍ਰਾਰਥਨਾ ਕਰਾਂਗੇ, ਲਗਭਗ ਪੰਜ ਮਿੰਟ। 14ਵੀਂ ਆਇਤ, ਪੜ੍ਹੋ, ਮੈਨੂੰ 13ਵੀਂ ਪੜ੍ਹਣ ਦਿਓ, ਇਹਨੂੰ ਲਓ, ਪਿਛੋਕੜ ਦੇ ਲਈ।

> *ਉਸ ਵਿੱਚ ਜਿਸ...ਵੇਲੇ, ਤੁਸਾਂ ਸਚਿਆਈ ਦੇ ਬਚਨ, ਅਰਥਾਤ ਆਪਣੀ ਮੁਕਤੀ* ਦੀ *ਖੁਸ਼ ਖਬਰੀ ਸੁਣੀ:...*

165 ਹੁਣ ਯਾਦ ਰੱਖੋ, ਉਨ੍ਹਾਂ ਨੂੰ ਕਿਹੜੀ ਮੁਕਤੀ ਮਿਲੀ ਹੈ? ਇਹ ਸਨ—ਇਹ ਅਫ਼ਸੀਆਂ ਦੇ ਮਸੀਹੀ ਸਨ। ਉਹ, ਹੁਣ ਦੇਖੋ, ਕੀ ਤੁਸੀਂ ਕੁਰਿੰਥੀਆਂ ਤੇ ਧਿਆਨ ਦਿਤਾ? ਉਸ ਨੂੰ ਹਮੇਸ਼ਾਂ ਉਨ੍ਹਾਂ ਨੂੰ ਦੱਸਣਾ ਪੈਂਦਾ ਸੀ, "ਜਦੋਂ ਮੈਂ ਤੁਹਾਡੇ ਵਿਚਕਾਰ ਆਉਂਦਾ ਹਾਂ, ਇੱਕ ਕੋਲ ਇੱਕ ਪਰਾਈ ਭਾਸ਼ਾ ਹੈ, ਇੱਕ ਕੋਲ ਇੱਕ ਪਰਾਈ ਭਾਸ਼ਾ ਹੈ, ਇਕ ਕੋਲ ਜ਼ਬੂਰ ਹੁੰਦਾ ਹੈ, ਇਕ ਕੋਲ ਭਵਿੱਖਬਾਣੀ ਹੁੰਦੀ ਹੈ, ਇਕ ਕੋਲ..." ਵੇਖੋ, ਉਹ ਉਨ੍ਹਾਂ ਨੂੰ ਕੁਝ ਵੀ ਨਹੀਂ ਸਿਖਾ ਸਕਿਆ, ਕਿਉਂਕਿ ਉਹ ਹਮੇਸ਼ਾਂ *ਇਸ* ਦੀ, ਜਾਂ *ਕਿਸੇ ਹੋਰ* ਦੀ ਇੱਛਾ ਰੱਖਦੇ ਸਨ। ਇਨ੍ਹਾਂ ਲੋਕਾਂ ਕੋਲ ਇਕੋ ਚੀਜ਼ ਸੀ, ਪਰ ਉਨ੍ਹਾਂ ਕੋਲ ਇਹ ਵਿਵਸਥਾ ਵਿਚ ਸੀ। ਉਸਨੇ ਕਦੇ ਕੁਰਿੰਥੀਆਂ ਨੂੰ ਅਜਿਹਾ ਕੁਝ ਨਹੀਂ ਸਿਖਾਇਆ, ਉਹ ਨਹੀਂ ਕਰ ਸਕਦਾ ਸੀ, ਕਲੀਸਿਯਾ ਇਸ ਨੂੰ ਸਿਖਾਉਣ ਲਈ ਵਿਵਸਥਾ ਵਿੱਚ ਨਹੀਂ ਸੀ। ਹੁਣ, ਉਹ ਇਨ੍ਹਾਂ ਲੋਕਾਂ ਨੂੰ ਅਸਲ ਚੀਜ਼ ਸਿਖਾ ਸਕਦਾ ਸੀ।

> ...ਜੋ, *ਆਪਣੀ ਮੁਕਤੀ ਦੀ ਖੁਸ਼ ਖਬਰੀ ਸੁਣੀ: ਅਤੇ ਉਸ ਵਿੱਚ ਨਿਹਚਾ ਵੀ ਕੀਤੀ...ਤਾਂ ਵਾਇਦੇ ਦੇ ਪਵਿੱਤਰ ਆਤਮਾ ਨਾਲ ਤੁਹਾਡੇ ਉੱਤੇ ਵੀ ਮੋਹਰ ਲੱਗੀ,*
>
> *ਜੋ ਸਾਈ ਹੈ...*(ਔਹ, ਮੈਂ ਇਹ ਛੱਡ ਨਹੀਂ ਸਕਦਾ)...*ਨਿਸਤਾਰੇ ਦੇ ਲਈ ਸਾਡੇ ਅਧਕਾਰ ਦੀ ਸਾਈ ਹੈ...ਮੁੱਲ ਲਏ ਹੋਏ ਅਧਿਕਾਰ ਦਾ ਛੁਟਕਾਰਾ, ਕਿ ਉਹ ਦੀ ਮਹਿਮਾ ਦੀ ਉਸਤਤ ਹੋਵੇ।*

ਫਯੁ!

166 ਪਵਿੱਤਰ ਆਤਮਾ ਕੀ ਹੈ? ਹੁਣ, ਫਿਰ ਮੈਂ ਇਸ ਦੇ ਬਾਕੀ ਰਹਿੰਦੇ ਹਿੱਸੇ ਨੂੰ ਛੇਤੀ ਨਾਲ ਪੜ੍ਹਾਂਗਾ ਜੇ ਤੁਸੀਂ ਮੇਰੇ ਨਾਲ ਇਹ ਸਭ ਸਹਿਣ ਕਰੋਗੇ। ਭਾਈ ਮਾਈਕ, ਅਸੀਂ ਉਸ ਰਾਤ ਕਿੱਥੇ ਸੀ? ਜਿੱਥੇ ਉਹ ਸਾਰੇ ਖੁਸ਼ ਸਨ, ਔਹ, ਸਭ ਕੁਝ ਸ਼ਾਂਤੀ ਸੀ, ਇਹ ਸਿੱਧ ਪ੍ਰੇਮ ਸੀ। ਹੁਣ, ਹਰ ਵਾਰ ਜਦੋਂ ਤੁਸੀਂ *ਇਸ* ਪਾਸੇ ਆਉਂਦੇ ਹੋ ਤਾਂ ਤੁਸੀਂ ਥੋੜਾ ਜਿਹਾ ਘੱਟ ਹੁੰਦੇ ਹੋ, ਬੂੰਦ। ਹਰ ਵਾਰ ਜਦੋਂ ਤੁਸੀਂ ਕੋਈ ਕਦਮ ਚੁਕਦੇ ਹੋ, ਤੁਸੀਂ ਕੁਝ ਇੰਚ ਨੇੜੇ ਆਉਂਦੇ ਹੋ। ਜਦੋਂ ਇਹ ਧਰਤੀ ਤੇ ਹੇਠਾਂ ਉਤਰਦਾ ਹੈ, ਤੁਹਾਨੂੰ ਪਰਛਾਵਿਆਂ ਦੇ ਪਰਛਾਵੇਂ ਦਾ ਪਰਛਾਵਾਂ ਮਿਲਦਾ ਹੈ। ਹੁਣ, ਇੰਨਾ ਕੁ ਪਵਿੱਤਰ ਆਤਮਾ ਹੀ ਤੁਹਾਡੇ ਅੰਦਰ ਹੈ। ਉਹ ਪ੍ਰੇਮ ਹੈ। ਪਰ, ਔਹ, ਤੁਹਾਨੂੰ ਕਿਸੇ ਚੀਜ਼ ਦੀ ਪਿਆਸ ਹੈ।

167 ਔਹ, ਕੀ ਬੁੱਢੇ ਲੋਕ ਪਸੰਦ ਨਹੀਂ ਕਰਨਗੇ, ਬੁੱਢੇ ਲੋਕ…ਮੈਂ ਕਿਵੇਂ ਦੁਬਾਰਾ ਵਾਪਸ ਜਾਣਾ ਚਾਹੁੰਦਾ ਹਾਂ ਅਤੇ ਪੰਦਰਾਂ ਦਾ ਹੋਣਾ ਚਾਹੁੰਦਾ ਹਾਂ, ਵੀਹ! ਔਹ, ਮੈਂ ਕੁਝ ਵੀ ਦੇ ਦਿਆਂਗਾ। ਇਸ ਨਾਲ ਮੇਰਾ ਕੀ ਭਲਾ ਹੋਵੇਗਾ? ਮੈਂ ਸ਼ਾਇਦ ਪੰਦਰਾਂ ਸਾਲਾਂ ਦਾ ਹੋਵਾਂ ਅਤੇ ਫਿਰ ਵੀ ਅੱਜ ਰਾਤ ਮਰ ਜਾਵਾਂ। ਇਹ ਅਨਿਸ਼ਚਿਤ ਹੈ। ਕੀ ਹੁੰਦਾ ਜੇ ਤੁਸੀਂ ਅੱਜ ਰਾਤ ਪੰਦਰਾਂ ਦੇ ਹੁੰਦੇ, ਤੁਸੀਂ ਕਿਵੇਂ ਜਾਣਦੇ ਹੋ ਕਿ ਜਦੋਂ ਤੁਸੀਂ ਘਰ ਪਹੁੰਚੋਗੇ, ਤਾਂ ਮਾਂ ਜੀਉਂਦੀ ਹੋਵੇਗੀ, ਜਾਂ ਨਹੀਂ? ਤੁਸੀਂ ਕਿਵੇਂ ਜਾਣਦੇ ਹੋ ਕਿ ਤੁਸੀਂ ਘਰ ਪਹੁੰਚੋਗੇ? ਤੁਸੀਂ ਕਿਵੇਂ ਜਾਣਦੇ ਹੋ ਕਿ ਤੁਸੀਂ ਕੱਲ੍ਹ ਜੀਓਗੇ ਜੇ ਤੁਸੀਂ ਬਾਰ੍ਹਾਂ ਸਾਲਾਂ ਦੇ ਚੰਗੀ ਸਿਹਤ ਵਾਲੇ ਹੋ? ਹੋ ਸਕਦਾ ਹੈ ਤੁਸੀਂ ਕਿਸੇ ਦੁਰਘਟਨਾ ਵਿੱਚ ਮਾਰੇ ਜਾਵੋ, ਮਰ ਜਾਵੋ, ਤੁਹਾਡੇ ਨਾਲ ਕੁਝ ਵੀ ਹੋ ਸਕਦਾ ਹੈ। ਅਨਿਸ਼ਚਿਤ, ਵੇਖਿਆ। ਇੱਥੇ ਕੁਝ ਨਿਸ਼ਚਤ ਨਹੀਂ ਹੈ। ਪਰ ਤੁਸੀਂ ਉਸ ਲਈ ਤਰਸਦੇ ਹੋ। ਇਹ ਕੀ ਹੈ? ਇਹ ਉਹੀ ਹੈ ਜੋ ਤੁਹਾਨੂੰ ਇਸ ਲਈ ਤਰਸਾਉਂਦਾ ਹੈ।

168 ਹੁਣ, ਤੁਸੀਂ ਇਸ ਵਿਚ ਪ੍ਰਵੇਸ਼ ਕਰਦੇ ਹੋ, ਫਿਰ ਤੁਹਾਡੇ ਕੋਲ ਅਨੰਤ ਜੀਵਨ ਹੈ। ਹੁਣ ਇਸ ਨਾਲ ਕੀ ਹੁੰਦਾ ਹੈ? ਇਹ "ਸਾਈ" ਹੈ।

169 ਕਿਸੇ ਵੀ ਚੀਜ਼ ਦੀ ਸਾਈ ਕੀ ਹੁੰਦੀ ਹੈ? ਜੇ ਮੈਂ ਤੁਹਾਡੇ ਕੋਲ ਕਾਰ ਖਰੀਦਣ ਆਇਆ ਹਾਂ, ਮੈਂ ਕਹਾਂਗਾ, "ਉਹ ਕਾਰ ਕਿੰਨੇ ਦੀ ਹੈ?"

170 ਤੁਸੀਂ ਕਹਿੰਦੇ ਹੋ, "ਇਹ ਕਾਰ, ਭਾਈ ਬ੍ਰਨਹਾਮ, ਤੁਹਾਨੂੰ ਤਿੰਨ ਹਜ਼ਾਰ ਡਾਲਰ ਦੀ ਪਵੇਗੀ।"

"ਪੇਸ਼ਗੀ ਵਿੱਚ ਕੀ ਦੇਣਾ ਪਵੇਗਾ?"

"ਖੈਰ, ਮੈਂ ਤੁਹਾਨੂੰ ਇਹ ਪੰਜ ਸੌ ਡਾਲਰ ਵਿਚ ਦੇ ਦਿਆਂਗਾ।"

171 "ਠੀਕ ਹੈ, ਇਹ ਰਹੇ ਪੰਜ ਸੌ ਡਾਲਰ। ਮੈਂ ਕਰਾਂਗਾ—ਮੈਂ ਬਾਕੀ ਰਕਮ ਨੂੰ ਤੁਹਾਡੇ ਕੋਲ ਲਿਆਵਾਂਗਾ, ਮੈਂ ਜਿੰਨੀ ਜਲਦੀ ਕਰ ਸਕਾਂ। ਤੁਸੀਂ ਕਾਰ ਨੂੰ ਨਾ

ਵੇਚਣਾ।” ਮੈਂ ਤੁਹਾਨੂੰ ਪੰਜ ਸੌ ਡਾਲਰ ਦਿੰਦਾ ਹਾਂ, ਇਹ ਸਾਈ ਹੈ। ਕੀ ਇਹ ਸਹੀ ਹੈ?

172 ਹੁਣ, ਇਸ ਨੂੰ ਰਖੋ, ਇਹ “ਸਾਈ” ਹੈ, ਇਹ “ਪੇਸ਼ਗੀ” ਹੈ।

> ...ਤੇ ਉਸ ਵਿੱਚ *ਨਿਹਚਾ ਭੀ ਕੀਤੀ ਤਾਂ...ਵਾਇਦੇ ਦੇ ਪਵਿੱਤਰ ਆਤਮਾ ਨਾਲ,* ਉਹ...*ਵਾਇਦੇ ਦੇ ਆਤਮਾ ਨਾਲ,...*ਤੁਹਾਡੇ ਉੱਤੇ *ਵੀ ਮੋਹਰ ਲੱਗੀ...*
>
> *ਜੋ ਹੈ...*

ਕੀ, ਵਾਅਦੇ ਦੀ ਮੋਹਰ ਕੀ ਹੈ, ਪਵਿੱਤਰ ਆਤਮਾ ਦਾ ਵਾਅਦਾ?

> *ਨਿਸਤਾਰੇ ਦੇ ਲਈ ਸਾਡੇ ਅਧਕਾਰ ਦੀ ਸਾਈ ਹੈ...ਮੁੱਲ ਖਰੀਦੇ ਹੋਏ ਅਧਿਕਾਰ ਦੀ ਸਾਈ,...*

173 ਇਹ ਕੀ ਹੈ? ਇਹ ਪੇਸ਼ਗੀ ਹੈ। ਅਤੇ, ਭਾਈ, ਓਹ, ਔਹ, ਔਹ, ਔਹ, ਔਹ, ਔਹ, ਪ੍ਰਚਾਰਕੋ! ਜੇ ਇਹ ਸਾਈ ਹੈ, ਤਾਂ ਇਹ ਕੀ ਹੋਵੇਗਾ ਜਦੋਂ ਅਸੀਂ ਸਾਰੇ ਉੱਥੇ ਪਹੁੰਚਦੇ ਹਾਂ! ਇਹ ਕੀ ਹੋਣ ਜਾ ਰਿਹਾ ਹੈ? ਜੇ ਇਹ ਹੈ...ਜੇ ਅਸੀਂ ਹੁਣ ਇਸ ਦਾ ਆਨੰਦ ਲੈਂਦੇ ਹਾਂ, ਅਤੇ ਐਨੇ ਖੁਸ਼ ਹੁੰਦੇ ਹਾਂ ਕਿ...ਮੈਂ ਨੱਬੇ ਸਾਲਾਂ ਦੇ ਆਦਮੀਆਂ ਨੂੰ ਉਪਰ ਆਉਂਦੇ ਵੇਖਿਆ ਹੈ...

174 ਮੈਂ ਇੱਕ ਬੁਢਾ ਪ੍ਰਚਾਰਕ ਵੇਖਿਆ ਜੋ ਇੱਕ ਰਾਤ ਉੱਠਿਆ। ਉਹ ਬਾਹਰ ਆਇਆ, ਉਸਨੇ ਕਿਹਾ...ਇਸ ਤਰਾਂ, ਮੰਚ ਤੋਂ ਬਾਹਰ ਆਉਂਦੇ ਹੋਏ। ਅਤੇ ਮੈਂ ਕਿਹਾ, “ਉਹ ਬੁੱਢਾ ਆਦਮੀ ਪ੍ਰਚਾਰ ਕਰਨ ਜਾ ਰਿਹਾ ਹੈ?”

175 ਉਸਨੇ ਕਿਹਾ, “ਅੱਛਾ, ਪ੍ਰਭੂ ਮੁਬਾਰਕ ਹੋਵੇ।” ਇੱਕ ਬੁਢਾ ਕਾਲਾ ਸਾਥੀ, ਮਹਾਨ ਵੱਡੇ ਬੂਢ਼ੇ ਪ੍ਰਚਾਰਕ ਦਾ ਲੰਮਾ ਕੋਟ ਪਹਿਣੇ ਹੋਏ।

176 ਮੈਂ ਕਿਹਾ, “ਉਨ੍ਹਾਂ ਨੇ ਉਨ੍ਹਾਂ ਵਿੱਚੋਂ ਕੁਝ ਨੌਜਵਾਨ ਪ੍ਰਚਾਰਕਾਂ ਨੂੰ ਪ੍ਰਚਾਰ ਕਿਉਂ ਨਹੀਂ ਕਰਨ ਦਿੱਤਾ? ਉਹ ਬੁੱਢਾ ਆਦਮੀ, ਉਹ ਕਿਵੇਂ ਪ੍ਰਚਾਰ ਕਰ ਸਕਦਾ ਹੈ?”

177 ਉਸਨੇ ਕਿਹਾ, “ਅੱਛਾ,” ਉਸਨੇ ਕਿਹਾ, “ਭਰਾਵੋ,” ਉਸਨੇ ਕਿਹਾ, “ਅੱਜ ਮੈਂ ਭਰਾਵਾਂ ਨੂੰ ਸਾਰਾ ਦਿਨ ਪ੍ਰਚਾਰ ਕਰਦੇ ਸੁਣਦਾ ਰਿਹਾ ਹਾਂ,” ਉਸ ਨੇ ਕਿਹਾ, “ਕਿ ਯਿਸੂ ਨੇ ਧਰਤੀ ਉੱਤੇ ਕੀ ਕੀਤਾ ਸੀ। ਮੈਂ ਇਹ ਦੱਸਣ ਜਾ ਰਿਹਾ ਹਾਂ ਕਿ ਉਸਨੇ ਸਵਰਗ ਵਿਚ ਕੀ ਕੀਤਾ।” ਉਸਨੇ ਕਿਹਾ, “ਮੈਂ ਅੱਜ ਰਾਤ ਆਪਣਾ ਵਿਸ਼ਾ ਅੱਯੂਬ 7:27, ਤੋਂ ਲਵਾਂਗਾ,” ਕਿਹਾ, “ਇਹ ਜਗਤ ਦੀ ਨੀਂਹ ਤੋਂ ਪਹਿਲਾਂ ਦੀ ਗਲ ਹੈ,” ਕਿਹਾ, “ਜਦ ਸਵੇਰੇ ਦੇ ਤਾਰੇ ਮਿਲ ਕੇ ਜੈਕਾਰੇ ਗਜਾਉਂਦੇ ਸਨ ਅਤੇ ਪਰਮੇਸ਼ੁਰ ਦੇ ਸਾਰੇ ਪੁੱਤ੍ਰ ਨਾਰੇ ਮਾਰਦੇ ਸਨ।” ਇਸ ਤਰਾਂ ਸ਼ੁਰੂ ਕੀਤਾ।

ਕਿਹਾ, "ਤੁਸੀਂ ਜਾਣਦੇ ਹੋ, ਉਥੇ ਕੁਝ ਵਾਪਰਿਆ ਸੀ।" ਉਸਨੇ ਕਿਹਾ, "ਤੁਸੀਂ ਜਾਣਦੇ ਹੋ..." ਅਤੇ ਸਵਰਗ ਵਿੱਚ ਜੋ ਵਾਪਰਿਆ ਸੀ ਉਸਨੇ ਉਸ ਬਾਰੇ ਦੱਸਣਾ ਸ਼ੁਰੂ ਕਰ ਦਿੱਤਾ। ਉਹ ਇਸ ਬਾਰੇ ਦੱਸਦਾ ਹੋਇਆ ਬਾਅਦ ਵਿੱਚ ਦੂਸਰੀ ਆਮਦ ਵਿਚ ਸਤਰੰਗੀ ਪੀਂਘ ਤਕ ਆ ਗਿਆ। ਲਗਭਗ ਉਸ ਸਮੇਂ, ਪਵਿੱਤਰ ਆਤਮਾ ਉਸ ਉੱਤੇ ਆ ਗਿਆ। ਹੁਣ, ਉਨ੍ਹਾਂ ਨੂੰ ਉਸ ਬੂੜ੍ਹੇ ਸਾਥੀ ਦੀ ਬਾਹਰ ਤੱਕ ਅਗਵਾਈ ਕਰਨੀ ਪਈ, ਉਹ ਲਗਭਗ ਪਚਾਨਵੇਂ ਸਾਲਾਂ ਦਾ ਸੀ। ਉਹ ਬਿਲਕੁਲ *ਇਸ* ਤਰਾਂ ਹੈ, ਸਾਰਾ ਝੁਕਿਆ ਹੋਇਆ, ਅਤੇ ਥੋੜੇ ਜਿਹੇ ਵਾਲ, ਤੁਸੀਂ ਜਾਣਦੇ ਹੋ, *ਇਸ* ਤਰਾਂ। ਉਥੇ ਬਾਹਰ ਆ ਗਿਆ ਅਤੇ ਉਸਨੇ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ, ਕਿਹਾ, "ਹੁਪੇ! ਹਲਲੂਯਾਹ! ਮਹਿਮਾ!" ਇਸ ਤਰ੍ਹਾਂ ਉਪਰ ਅਤੇ ਹੇਠਾਂ ਛਾਲਾਂ ਮਾਰਨ ਲਗਾ। ਕਿਹਾ, "ਔਹ, ਤੁਹਾਡੇ ਕੋਲ ਮੇਰੇ ਵਾਸਤੇ ਪ੍ਰਚਾਰ ਕਰਨ ਲਈ ਇਥੇ ਕਾਫ਼ੀ ਜਗ੍ਹਾ ਨਹੀਂ ਹੈ।" ਅਤੇ ਉਤਰਿਆ, ਉਸੇ ਤਰ੍ਹਾਂ ਫਰਸ਼ ਉਤੇ, ਜਿਨੇ ਜੋਰ ਨਾਲ ਉਹ ਜਾ ਸਕਦਾ ਸੀ। ਅਤੇ ਇਹ ਤਾਂ ਬਸ ਬਿਆਨਾ ਹੈ। ਔਹ!

178 ਪਵਿੱਤਰ ਆਤਮਾ ਕੀ ਕਰਦਾ ਹੈ? ਔਹ, ਇਥੇ ਇਕ ਵਧੀਆ ਜਗ੍ਹਾ ਹੈ, ਮੈਨੂੰ ਅਗਲੇ ਅਧਿਆਇ ਦੀ ਪਹਿਲੀ ਆਇਤ ਨੂੰ ਪੜ੍ਹਨ ਦਿਓ। ਕੀ ਮੈਂ ਕਰ ਸਕਦਾ ਹਾਂ? ਕੀ ਇਹ ਸਭ ਠੀਕ ਹੈ? ਕਹੋ, "ਆਮੀਨ।" [ਕਲੀਸਿਯਾ ਕਹਿੰਦੀ ਹੈ, "ਆਮੀਨ!"—ਸੰਪਾਦਕ।] ਠੀਕ ਹੈ, ਦੂਜੇ ਅਧਿਆਇ ਦੀ ਪਹਿਲੀ ਆਇਤ, ਜਲਦੀ। ਸੁਣੋ:

> ਤੁਸੀਂ ਜੋ ਸੀ...ਤੁਸੀਂ...*ਉਹ ਨੇ ਤੁਹਾਨੂੰ ਵੀ, ਜਾਂ ਤੁਸੀਂ ਆਪਣੇ ਅਪਰਾਧਾਂ ਅਤੇ ਪਾਪਾਂ ਦੇ ਕਾਰਨ...ਮੁਰਦੇ ਸਾਓ ਜਿਵਾਲਿਆ:*

179 "ਤੁਹਾਨੂੰ ਉਸ ਨੇ ਜਿਵਾਲਿਆ।" *ਜਿਵਾਲਿਆ* ਦਾ ਕੀ ਅਰਥ ਹੈ? "ਜਿੰਦਾ ਬਣਾ ਦਿੱਤਾ।" ਬੱਸ ਲਗਭਗ ਮਰ ਗਏ ਸੀ, ਪਰ ਉਸਨੇ ਤੁਹਾਨੂੰ ਸਿਰਫ ਬਿਆਨੇ ਦੀ ਰਕਮ ਨਾਲ ਜਿਵਾਲਿਆ। ਉਦੋਂ ਕੀ ਹੋਵੇਗਾ ਜਦੋਂ ਤੁਸੀਂ—ਜਦੋਂ ਤੁਸੀਂ ਸੱਚਮੁੱਚ ਸਾਰੇ ਭੁਗਤਾਨ ਦੇ ਸਾਰੇ ਲਾਭ ਨੂੰ ਪ੍ਰਾਪਤ ਕਰਦੇ ਹੋ? ਔਹ! ਕੋਈ ਹੈਰਾਨੀ ਨਹੀਂ ਕਿ ਪੌਲੁਸ, ਤੀਸਰੇ ਸਵਰਗ ਵਿੱਚ ਉਠਾਇਆ ਗਿਆ, ਅਤੇ ਕਿਹਾ, "ਜਿਹੜੀਆਂ ਵਸਤਾਂ ਅੱਖੀਂ ਨਾ ਵੇਖੀਆਂ; ਨਾ ਕੰਨੀਂ ਸੁਣੀਆਂ; ਨਾ ਆਈਆਂ, ਨਾ ਇਨਸਾਨ ਦੇ ਮਨ ਵਿੱਚ ਆਈਆਂ, ਜਿਹੜੀਆਂ ਵਸਤਾਂ ਪਰਮੇਸ਼ੁਰ ਨੇ ਆਪਣੇ ਪ੍ਰੇਮੀਆਂ ਲਈ (ਭੰਡਾਰ ਵਿਚ) ਤਿਆਰ ਕੀਤੀਆਂ।" ਉਹ ਕੀ ਹੋਵੇਗਾ! ਤੁਸੀਂ ਵਰਨਣ ਤੋਂ ਬਾਹਰ ਅਤੇ ਮਹਿਮਾ ਨਾਲ ਭਰਪੂਰ ਅਨੰਦ ਦੀ ਗੱਲ ਕਰਦੇ ਹੋ! ਫਯੂ! ਹੂੰ! ਉਹ ਨੇ ਤੁਹਾਨੂੰ ਵੀ ਜਾਂ ਤੁਸੀਂ ਆਪਣੇ ਅਪਰਾਧਾਂ ਅਤੇ ਪਾਪਾਂ ਦੇ ਕਾਰਨ ਮੁਰਦੇ ਸਾਓ ਇੱਕਠੇ ਜਿਵਾਲਿਆ ਪਰਛਾਵਿਆਂ ਦੇ

ਪਰਛਾਵੇਂ ਦੇ ਪਰਛਾਵੇਂ ਦੇ ਦੁਆਰਾ। ਇਹ ਕੀ ਹੋਵੇਗਾ ਜਦੋਂ ਤੁਸੀਂ ਪਰਛਾਵਿਆਂ ਦੇ ਪਰਛਾਵੇਂ ਦੇ ਪਰਛਾਵੇਂ ਵਿਚ ਆਉਂਦੇ ਹੋ, ਫਿਰ ਪਰਛਾਵਾਂ ਨਾਲੇ ਵਿੱਚ, ਨਾਲਾ ਨਦੀ ਵਿੱਚ, ਨਦੀ ਸਮੁੰਦਰ ਵਿੱਚ?

180 ਅਤੇ ਇਹ ਕੀ ਹੋਵੇਗਾ ਜਦੋਂ ਤੁਸੀਂ ਛੁਟਕਾਰਾ ਪਾ ਕੇ ਉਥੇ ਹੋਵੋਗੇ, ਬਿਲਕੁਲ ਨਵੇਂ ਸਰੀਰ ਨਾਲ, ਤੁਸੀਂ ਇਕ ਵਾਰ ਫਿਰ ਇਕ ਜਵਾਨ ਆਦਮੀ ਬਣ ਗਏ ਹੋ, ਜਾਂ ਇਕ ਜਵਾਨ ਔਰਤ, ਤੁਸੀਂ ਫਿਰ ਕਦੇ ਨਹੀਂ ਮਰੋਗੇ? ਅਤੇ ਤੁਸੀਂ ਹੇਠਾਂ ਧਰਤੀ ਨੂੰ ਵੇਖਦੇ ਹੋ, ਅਤੇ ਸੋਚਦੇ ਹੋ, "ਮੈਂ ਕੁਝ ਅੰਗੂਰ ਅਤੇ ਕੁਝ ਚੰਗੇ ਠੰਡੇ ਪਾਣੀ ਦਾ ਅਨੰਦ ਲੈ ਸਕਦਾ ਹਾਂ, ਪਰ, ਤੁਸੀਂ ਜਾਣਦੇ ਹੋ, ਮੈਨੂੰ ਇਥੇ ਇਸ ਦੀ ਜਰੂਰਤ ਨਹੀਂ ਹੈ। ਪਰ ਕਿਸੇ ਦਿਨ ਯਿਸੂ ਆ ਰਿਹਾ ਹੈ, ਅਤੇ ਇਹ ਸਵਰਗੀ ਸਰੀਰ, ਇਹ ਥੀਓਫਨੀ ਜਿਸ ਵਿੱਚ ਮੈਂ ਰਹਿ ਰਿਹਾ ਹਾਂ..." ਹੁਣ ਕਿਸੇ ਔਰਤ ਦੇ ਗਰਭ ਵਿਚੋਂ ਨਹੀਂ ਆਵੇਗਾ, ਇਹ ਹੁਣ ਸਰੀਰਕ ਇੱਛਾ ਦੁਆਰਾ ਨਹੀਂ ਆਵੇਗਾ; ਪਰ ਕਿਉਂਕਿ ਉਹ ਸਰੀਰਕ ਇੱਛਾ ਤੋਂ ਬਗੈਰ ਪੈਦਾ ਹੋਇਆ ਸੀ, ਮੈਂ ਇਸ ਤੋਂ ਬਿਨਾਂ ਜੀ ਉਠਾਂਗਾ, ਅਤੇ ਉਹ ਕਿਸੇ ਦਿਨ ਬੋਲੇਗਾ ਅਤੇ ਮਸੀਹ ਵਿੱਚ ਮੁਰਦੇ ਜੀ ਉੱਠਣਗੇ, ਅਤੇ ਉਹ ਸਰੀਰ ਜਿਸ ਵਿਚ ਮੈਂ ਇਕ ਵਾਰ ਰਹਿੰਦਾ ਸੀ ਇਕ ਮਹਿਮਾਮਈ ਸਰੀਰ ਵਿਚ ਜੀ ਉਠੇਗਾ, ਅਤੇ ਮੈਂ ਚੱਲਾਂਗਾ ਅਤੇ ਮੈਂ ਗੱਲ ਕਰਾਂਗਾ, ਅਤੇ ਮੈਂ ਜੀਵਾਂਗਾ ਅਤੇ ਮੈਂ ਅਨੰਦ ਲਵਾਂਗਾ (ਹਲਲੂਯਾਹ), ਮੈਂ ਅਨੰਤ ਯੁਗਾਂ ਵਿਚ ਜੀਵਾਂਗਾ, ਜੋ ਸਾਡੇ ਪ੍ਰਭੂ ਯਿਸੂ ਮਸੀਹ ਦੁਆਰਾ ਆਉਣ ਵਾਲੇ ਹਨ। ਫਯੂ! ਤੁਸੀਂ ਇੱਥੇ ਹੋ, ਭਾਈ, ਇਹੀ ਖੁਸ਼ਖਬਰੀ ਹੈ!

181 "ਇਸ ਕਾਰਨ ਮੈਂ ਵੀ," ਪੌਲੁਸ ਹੁਣੇ ਹੀ ਦੱਸਦਾ ਹੈ ਕਿ ਉਹ ਕੀ ਹੈ। ਮੈਂ ਇਹ ਬਾਕੀ ਪੜ੍ਹਾਂਗਾ ਅਤੇ ਫਿਰ ਅਸੀਂ ਬਿਮਾਰਾਂ ਲਈ ਪ੍ਰਾਰਥਨਾ ਕਰਾਂਗੇ। "ਅਧਕਾਰ ਤੱਕ, ਅਧਕਾਰ ਦੀ ਸਾਈ ਹੈ, ਕਿ ਉਹ ਦੀ ਮਹਿਮਾ ਦੀ ਉਸਤਤ ਹੋਵੇ।"

> *ਇਸ ਕਾਰਨ ਮੈਂ ਵੀ ਜਾਂ ਤੁਹਾਡੀ ਨਿਹਚਾ ਨੂੰ ਸੁਣਿਆ ਹੈ* (ਮੈਂ ਸੁਣਿਆ ਹੈ ਕਿ ਤੁਸੀਂ ਇਸ ਚੀਜ਼ ਨੂੰ ਮੰਨਦੇ ਹੋ, ਮੈਂ ਸੁਣਿਆ ਹੈ ਕਿ ਤੁਸੀਂ ਅਸਲ ਵਿੱਚ ਪਹਿਲਾਂ ਤੋ ਠਹਿਰਾਏ ਜਾਣ, ਅਨੰਤ ਜੀਵਨ, ਅਤੇ ਮੁਕਤੀ, ਅਤੇ ਅਜਿਹੀਆਂ ਚੀਜਾਂ ਵਿੱਚ ਵਿਸ਼ਵਾਸ ਕੀਤਾ ਹੈ) *ਜੋ ਪ੍ਰਭੁ ਯਿਸੂ ਦੇ ਉੱਤੇ ਹੈ, ਅਤੇ ਉਸ ਪ੍ਰੇਮ ਨੂੰ ਜੋ ਸਭਨਾਂ...ਸੰਤਾਂ ਦੇ ਲਈ ਹੈ,*
>
> *ਤਾਂ ਆਪਣੀਆਂ ਪ੍ਰਾਰਥਨਾਂ ਵਿੱਚ, ਤੁਹਾਨੂੰ ਚੇਤੇ ਕਰਦਿਆਂ ਤੁਹਾਡੇ ਲਈ ਧੰਨਵਾਦ ਕਰਨ ਤੋਂ ਨਹੀਂ ਹਟਦਾ;*

*ਭਈ ਸਾਡੇ ਪ੍ਰਭੁ ਯਿਸੂ ਮਸੀਹ ਦਾ ਪਰਮੇਸ਼ੁਰ, ਜਿਹੜਾ ਤੇਜ ਦਾ ਪਿਤਾ ਹੈ, ਆਪਣੀ ਪੂਰੀ ਪਛਾਣ ਵਿੱਚ ਗਿਆਨ ਅਤੇ ਪਰਕਾਸ਼... ਦਾ ਆਤਮਾ ਤੁਹਾਨੂੰ ਦਾਨ ਕਰੇ:* ਬੱਸ ਹਰ ਸਮੇਂ ਆਪਣੇ ਆਪ ਨੂੰ ਤੁਹਾਡੇ ਉੱਤੇ ਪ੍ਰਗਟ ਕਰਦਾ ਰਹਿੰਦਾ ਹੈ, ਕਿਰਪਾ ਤੋਂ ਕਿਰਪਾ ਤੱਕ ਵਧਦੇ ਜਾਓ, ਸ਼ਕਤੀ ਤੋਂ ਸ਼ਕਤੀ ਤੱਕ, ਮਹਿਮਾ ਤੋਂ ਮਹਿਮਾ। ਵਾਪਸ ਨਾ ਡਿੱਗੋ; ਅਤੇ, ਸਗੋਂ ਮਹਿਮਾ ਤੋਂ ਮਹਿਮਾ ਤੱਕ, ਅੱਗੇ ਵੱਧਦੇ ਰਹੋ। ਮੈਂ ਤੁਹਾਡੇ ਲਈ ਪ੍ਰਾਰਥਨਾ ਕਰਦਾ ਰਹਾਂਗਾ।

*ਕਿ ਅੱਖ—ਤੁਹਾਡੇ ਦਿਲ ਦੀਆਂ ਅੱਖਾਂ...*

182 ਹੂੰ! ਤੁਸੀਂ ਜਾਣਦੇ ਹੋ, ਬਾਈਬਲ ਵਿਚ ਕਿਹਾ ਗਿਆ ਹੈ ਕਿ ਤੁਸੀਂ ਅੰਨ੍ਹੇ ਸੀ ਅਤੇ ਇਹ ਨਹੀਂ ਜਾਣਦੇ ਸੀ। ਪਰ ਇਥੇ ਪੌਲੁਸ ਨੇ ਕਿਹਾ, "ਮੈਂ ਪ੍ਰਾਰਥਨਾ ਕਰਨ ਜਾ ਰਿਹਾ ਹਾਂ ਕਿ ਤੁਹਾਡੀਆਂ ਸਮਝ ਦੀਆਂ ਅੱਖਾਂ..." ਤੁਸੀਂ ਆਪਣੇ ਦਿਲ ਨਾਲ ਸਮਝਦੇ ਹੋ। ਇਹੀ ਉਹ ਗੱਲ ਕਰ ਰਿਹਾ ਹੈ। ਤੁਸੀਂ ਆਪਣੀ ਅੱਖ ਨਾਲ ਵੇਖਦੇ ਹੋ, ਪਰ ਤੁਸੀਂ ਆਪਣੇ ਦਿਲ ਨਾਲ ਸਮਝਦੇ ਹੋ। ਤੁਸੀਂ ਉਹ ਜਾਣਦੇ ਹੋ। ਠੀਕ ਹੈ। "ਜਿਹੜਾ ਤੇਜ ਦਾ ਪਿਤਾ ਹੈ..." ਆਓ ਵੇਖੀਏ, 18ਵੀਂ ਆਇਤ।

*ਕਿ ਤੁਹਾਡੇ ਦਿਲ ਦੀਆਂ ਅੱਖਾਂ ਨੂੰ ਚਾਨਣ ਹੋਵੋ ਤਾਂ ਜੋ ਤੁਸੀਂ ਜਾਣ ਲਵੋ ਭਈ ਉਹ ਦੇ ਸੱਦੇ ਤੋਂ ਕੀ ਆਸ ਹੁੰਦੀ ਹੈ, ਅਤੇ ਸੰਤਾਂ ਵਿੱਚ ਉਹ ਦੇ ਤੇਜਵਾਨ ਅਧਕਾਰ ਦਾ ਧਨ...ਕੀ ਹੈ,*

*ਅਤੇ ਉਹ ਦੀ ਸਮਰੱਥਾ ਦਾ ਅਤਯੰਤ ਵੱਡਾਪਣ... (ਫਯੂ! ਉਹ ਕਹਿੰਦੇ ਹਨ ਸ਼ਕਤੀ ਚਲੀ ਗਈ? ਸ਼ਕਤੀ ਤਾਂ ਹਾਲੇ ਤੱਕ ਆਈ ਹੀ ਨਹੀਂ)... ਅਸਾਂ ਨਿਹਚਾਵਾਨਾਂ ਵੱਲ, ਉਹ ਦੀ ਵੱਡੀ ਸ਼ਕਤੀ ਦੇ ਅਮਲ ਅਨੁਸਾਰ ਕੀ ਹੈ,* (ਤੁਸੀਂ ਜਿਹਨਾਂ ਉਸਦੀ ਸ਼ਕਤੀਸ਼ਾਲੀ ਸ਼ਕਤੀ ਦੇ ਕੰਮ ਵਿੱਚ ਵਿਸ਼ਵਾਸ ਕੀਤਾ ਹੈ, ਮੈਂ ਬਸ ਪ੍ਰਾਰਥਨਾ ਕਰਦਾ ਹਾਂ ਕਿ ਪਰਮੇਸ਼ੁਰ ਉਸਦੀ ਸ਼ਕਤੀ ਨੂੰ ਤੁਹਾਡੇ ਉੱਤੇ ਵਹਾ ਦੇਵੇ। ਸਮਝੇ?)

*ਜਿਹੜਾ ਉਹ ਨੇ ਮਸੀਹ ਵਿੱਚ ਕੀਤਾ, ਜਦ ਉਸ ਨੇ ਉਸ ਨੂੰ— ਉਸ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ, ਅਤੇ ਸੁਰਗੀ ਥਾਵਾਂ ਵਿੱਚ... ਆਪਣੇ ਸੱਜੇ ਹੱਥ ਬਹਾਲਿਆ,*

*ਉਹ ਹਰੇਕ...ਹਕੂਮਤ,...ਇਖ਼ਤਿਆਰ,...ਕੁਦਰਤ,...ਰਿਆਸਤ, ਅਤੇ ਹਰੇਕ ਨਾਉਂ ਦੇ ਉਤਾਹਾਂ ਹੈ,...*

183 ਓਹ, ਓਹ, ਓਹ! ਕਿਉਂਕਿ-...ਨਹੀਂ, ਚੰਗਾ ਹੋਵੇਗਾ ਜੇ ਮੈਂ ਨਾ ਲਵਾਂ। ਅਸੀਂ ਨਿਸ਼ਚਤ ਤੌਰ ਤੇ ਬਾਕੀ ਰਾਤ ਨੂੰ ਉਸ ਬਾਰੇ ਲੈ ਸਕਦੇ ਹਾਂ।

*...ਹਰੇਕ ਨਾਉਂ ਦੇ ਉਤਾਹਾਂ ਹੈ, ਜੋ ਨਾ ਕੇਵਲ ਇਸ ਜੁੱਗ ਵਿੱਚ, ਸਗੋਂ ਆਉਣ ਵਾਲੇ* ਜੁੱਗ ਵਿੱਚ ਵੀ *ਲਈਦਾ ਹੈ:*

184 ਹਰੇਕ ਨਾਮ—ਹਰੇਕ ਨਾਮ ਕੀ ਹੈ? ਹਰੇਕ ਵਿਅਕਤੀ ਦਾ ਨਾਮ ਕਿਸ ਦਾ ਨਾਮ ਲਿਆਏਗਾ? [ਸਭਾ ਆਖਦੀ ਹੈ, "ਯਿਸੂ।"—ਸੰਪਾਦਕ।] ਸਾਰੇ ਸਵਰਗ ਦਾ ਨਾਮ ਯਿਸੂ ਰੱਖਿਆ ਗਿਆ ਹੈ। ਸਾਰੀ ਕਲੀਸਿਯਾ ਦਾ ਨਾਮ ਯਿਸੂ ਹੈ। ਹਰ ਚੀਜ ਦਾ ਨਾਮ ਯਿਸੂ ਰੱਖਿਆ ਗਿਆ ਹੈ, ਕਿਉਂਕਿ ਜੇ ਕਦੇ ਪਰਮੇਸ਼ੁਰ ਕੋਲ ਕੋਈ ਨਾਮ ਸੀ ਤਾਂ ਉਹ ਇਹੀ ਸੀ। ਉਸ ਨੂੰ ਯਹੋਵਾਹ ਕਿਹਾ ਜਾਂਦਾ ਹੈ; ਯਹੋਵਾਹ-ਯਿਰੇਹ, ਪ੍ਰਭੂ ਦੁਆਰਾ ਮੁਹਇਆ ਕੀਤਾ ਗਿਆ ਬਲੀਦਾਨ; ਯਹੋਵਾਹ-ਰਾਫ਼ਾ, ਉਹ ਪ੍ਰਭੂ ਜੋ ਤੁਹਾਨੂੰ ਚੰਗਾ ਕਰਦਾ ਹੈ; ਯਹੋਵਾਹ, ਪ੍ਰਭੂ ਦਾ ਝੰਡਾ, ਮਨਸ਼ਹ; ਅਤੇ ਯਹੋਵਾਹ, ਵੱਖਰੇ ਵਖਰੇ ਯਹੋਵਾਹ। ਉਸਨੂੰ ਸਵੇਰ ਦਾ ਤਾਰਾ ਕਿਹਾ ਜਾਂਦਾ ਹੈ। ਉਸਨੂੰ ਪਿਤਾ ਕਿਹਾ ਜਾਂਦਾ ਹੈ, ਉਸ ਨੂੰ ਪੁੱਤਰ ਕਿਹਾ ਜਾਂਦਾ ਹੈ, ਉਸਨੂੰ ਪਵਿੱਤਰ ਆਤਮਾ ਕਿਹਾ ਜਾਂਦਾ ਹੈ। ਉਸਨੂੰ ਅਲਫ਼ਾ ਕਿਹਾ ਜਾਂਦਾ ਹੈ, ਉਸਨੂੰ ਓਮੇਗਾ ਕਿਹਾ ਜਾਂਦਾ ਹੈ। ਉਸ ਨੂੰ ਆਦ ਕਿਹਾ ਜਾਂਦਾ ਹੈ, ਉਸਨੂੰ ਅੰਤ ਕਿਹਾ ਜਾਂਦਾ ਹੈ। ਉਸਨੂੰ ਟਾਹਣੀ ਕਿਹਾ ਜਾਂਦਾ ਹੈ। ਓਹ, ਉਸਨੂੰ ਕਿਹਾ ਜਾਂਦਾ ਹੈ...ਉਸਨੂੰ ਬੱਸ ਸਭ ਕਿਸਮ ਦੇ ਨਾਮਾਂ ਨਾਲ ਬੁਲਾਇਆ ਜਾਂਦਾ ਹੈ, ਪਰ ਉਸਦਾ ਇੱਕ ਨਾਮ ਸੀ।

185 ਮਤੀ ਇਹੀ ਗੱਲ ਕਰ ਰਿਹਾ ਸੀ, ਜਦੋਂ ਉਸਨੇ ਕਿਹਾ, "ਇਸ ਲਈ ਜਾਓ ਅਤੇ ਸਾਰੀਆਂ ਕੌਮਾਂ ਨੂੰ ਸਿਖਿਆ ਦਿਓ, ਉਨ੍ਹਾਂ ਨੂੰ ਨਾਮ ਵਿੱਚ ਬਪਤਿਸਮਾ ਦਿਓ," ਨਾਵਾਂ ਵਿੱਚ ਨਹੀਂ, "ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ।" ਪਿਤਾ ਕੋਈ ਨਾਮ ਨਹੀਂ ਹੈ, ਪੁੱਤਰ ਇੱਕ ਨਾਮ ਨਹੀਂ, ਪਵਿੱਤਰ ਆਤਮਾ ਇੱਕ ਨਾਮ ਨਹੀਂ ਹੈ। ਇਹ ਇਕ ਨਾਮ ਦਾ ਸਿਰਲੇਖ ਹੈ। ਇਹ ਤਿੰਨ ਗੁਣਾਂ ਦਾ ਨਾਮ ਹੈ ਜੋ ਇਕ ਪਰਮੇਸ਼ੁਰ ਦੇ ਹਨ। ਉਸਦਾ ਨਾਮ ਕੀ ਸੀ? ਦੂਤ ਨੇ ਕਿਹਾ, "ਤੂੰ ਉਸਦਾ ਨਾਮ ਰਖਣਾ..." [ਕਲੀਸਿਯਾ ਕਹਿੰਦੀ ਹੈ, "ਯਿਸੂ।"—ਸੰਪਾਦਕ।] "ਕਿਉਂਕਿ ਉਹ ਆਪਣੇ ਲੋਕਾਂ ਨੂੰ ਉਨ੍ਹਾਂ ਦੇ ਪਾਪ ਤੋਂ ਬਚਾਵੇਗਾ।" ਇਹੀ ਕਾਰਨ ਹੈ ਕਿ ਉਨ੍ਹਾਂ ਸਾਰਿਆਂ ਨੇ ਬਾਈਬਲ ਵਿਚ ਇਸ ਤਰ੍ਹਾਂ ਬਪਤਿਸਮਾ ਲਿਆ। ਇਵੇਂ ਹੀ ਸੰਤ ਅਗਸਟੀਨ ਨੇ ਇੰਗਲੈਂਡ ਦੇ ਰਾਜੇ ਨੂੰ ਬਪਤਿਸਮਾ ਦਿੱਤਾ ਸੀ, ਯਿਸੂ ਮਸੀਹ ਦੇ ਨਾਮ ਵਿੱਚ, ਲਗਭਗ—ਲਗਭਗ ਇੱਕ ਸੋ ਅਤੇ ਪੰਜਾਹ, ਯਿਸੂ ਮਸੀਹ ਦੀ ਮੌਤ ਤੋਂ ਦੋ ਸੌ ਸਾਲਾਂ ਬਾਅਦ। ਠੀਕ ਹੈ।

*ਉਹ ਹਰੇਕ…ਹਕੂਮਤ,…ਇਖ਼ਤਿਆਰ,…ਕੁਦਰਤ,…ਰਿਆਸਤ, ਉਸ—ਉਸ ਹਰੇਕ ਨਾਉਂ ਦੇ ਉਤਾਹਾਂ ਹੈ, ਜੋ ਨਾ ਕੇਵਲ ਇਸ ਜੁੱਗ ਵਿੱਚ, ਸਗੋਂ ਆਉਣ ਵਾਲੇ ਜੁੱਗ ਵਿੱਚ ਭੀ ਲਈਦਾ ਹੈ:*

*ਅਤੇ ਸੱਭੋ ਕੁਝ ਉਸ ਦੇ ਪੈਰਾਂ ਹੇਠ ਕਰ ਦਿੱਤਾ, ਅਤੇ ਸਭਨਾਂ ਵਸਤਾਂ ਉੱਤੇ ਸਿਰ ਬਣਨ ਲਈ ਉਸ ਨੂੰ ਕਲੀਸਿਯਾ ਲਈ ਦੇ ਦਿੱਤਾ,*

*ਇਹ ਉਸ ਦੀ ਦੇਹ ਹੈ,…*

186 ਹੁਣ, ਜੇ ਮੇਰੇ ਸਰੀਰ ਕੋਲ ਸਾਰੀਆਂ ਚੀਜ਼ਾਂ ਉਤੇ ਇਖ਼ਤਿਆਰ ਹੈ, ਤਾਂ ਮੇਰਾ ਸਰੀਰ ਉਹੀ ਹੈ ਜੋ ਮੈਂ ਹਾਂ। ਕੀ ਇਹ ਸਹੀ ਹੈ? ਇਹੀ ਉਹ ਹੈ ਜੋ ਮੈਂ ਹਾਂ, ਇਹ ਉਹੀ ਹੈ ਜਿਸ ਨਾਲ ਤੁਸੀਂ ਮੈਨੂੰ ਜਾਣਦੇ ਹੋ। ਕੀ ਇਹ ਸਹੀ ਹੈ? ਖ਼ੈਰ, ਤਾਂ ਫਿਰ, ਉਹ ਸਭ ਕੁਝ ਜੋ ਪਰਮੇਸ਼ੁਰ ਸੀ, ਉਸਨੇ ਯਿਸੂ ਵਿੱਚ ਡੋਲ੍ਹ ਦਿੱਤਾ, ਕਿਉਂਕਿ ਉਹ ਸ਼ਰੀਰਕ ਤੌਰ ਤੇ ਪਰਮੇਸ਼ੁਰਤਾਈ ਦੀ ਭਰਪੂਰੀ ਸੀ। ਕੀ ਇਹ ਸਹੀ ਹੈ? ਅਤੇ ਉਹ ਸਭ ਜੋ ਯਿਸੂ ਸੀ, ਉਸਨੇ ਕਲੀਸਿਯਾ ਵਿੱਚ ਡੋਲ ਦਿੱਤਾ, "ਇਹ ਜੋ ਕੰਮ ਮੈਂ ਕਰਦਾ ਹਾਂ, ਤੁਸੀਂ ਵੀ ਉਹੀ ਸਭ ਕੁਝ ਕਰੋਗੇ। ਇਸਤੋਂ ਵੀ ਵੱਡੇ ਕੰਮ ਤੁਸੀਂ ਕਰੋਗੇ, ਕਿਉਂਕਿ ਮੈਂ ਪਿਤਾ ਕੋਲ ਜਾ ਰਿਹਾ ਹਾਂ।"

*ਇਹ ਉਸ ਦੀ ਦੇਹ ਹੈ, ਅਰਥਾਤ ਉਸ ਦੀ ਭਰਪੂਰੀ ਜਿਹੜਾ ਸਭਨਾਂ ਵਿੱਚ ਸੱਭੋ ਕੁਝ ਭਰਦਾ ਹੈ।*

187 ਔਹ, ਮੈਂ ਉਸਨੂੰ ਕਿੰਨਾ ਪਿਆਰ ਕਰਦਾ ਹਾਂ! ਮੈਂ ਉਸਨੂੰ ਕਿਵੇਂ ਪਿਆਰ ਕਰਦਾ ਹਾਂ! ਇੱਕ ਦਿਨ ਮੈਂ ਇਕ ਕਿਤਾਬ ਪੜ੍ਹ ਰਿਹਾ ਸੀ ਜੋ ਇੱਕ ਦੌਰੇ ਬਾਰੇ ਲਿਖੀ ਗਈ ਸੀ ਜਦੋਂ ਮੈਂ ਅਫਰੀਕਾ ਵਿਚ ਸੇਵਕਾਈ—ਸੇਵਕਾਈ ਲਈ ਗਿਆ ਸੀ। ਇਸ ਨੂੰ ਪਹਿਲਾਂ ਕਦੇ ਨਹੀਂ ਪੜ੍ਹਿਆ। ਕਿੰਨੇ ਲੋਕਾਂ ਨੇ ਕਿਤਾਬ ਪੜ੍ਹੀ ਹੈ, *ਨਬੀ ਅਫਰੀਕਾ ਦਾ ਦੌਰਾ ਕਰਦੇ ਹਨ*? ਉਥੇ ਮੈਂ ਇਕ ਛੋਟੇ ਜਿਹੇ ਭਾਰਤੀ ਮੁੰਡੇ ਵੱਲ ਵੇਖ ਰਿਹਾ ਸੀ। ਕਿੰਨੇ ਲੋਕਾਂ ਨੇ ਉਹ ਤਸਵੀਰ ਵੇਖੀ ਹੈ?

188 ਮੈਂ ਇੱਕ ਖਾਸ ਪ੍ਰਚਾਰਕ ਨੂੰ ਸੁਣਿਆ, ਲਗਭਗ ਪੰਦਰਾਂ ਸਾਲ ਜਾਂ ਇਸਤੋਂ ਵੱਧ ਸਮੇਂ ਤੋਂ ਬਿਮਾਰਾਂ ਲਈ ਪ੍ਰਾਰਥਨਾ ਕਰ ਰਿਹਾ ਸੀ, ਉਸ ਨੇ ਕਿਹਾ, "ਮੈਂ ਆਪਣੀ ਜ਼ਿੰਦਗੀ ਵਿਚ ਕਦੇ ਕੋਈ ਅਚਰਜ ਕੰਮ ਨਹੀਂ ਵੇਖਿਆ।" ਉਸਨੇ ਕਿਹਾ, "ਮੈਂ ਲੋਕਾਂ ਨੂੰ ਵੇਖਿਆ ਹੈ ਜਿਨ੍ਹਾਂ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਸਿਰਦਰਦ ਹੈ, ਚੰਗੇ ਹੋ ਗਏ। ਮੈਂ ਵੇਖਿਆ ਹੈ ਲੋਕਾਂ ਨੇ ਕਿਹਾ ਕਿ ਉਨ੍ਹਾਂ ਨੂੰ ਢਿੱਡ-ਪੀੜ੍ਹ ਸੀ, ਉਹ ਚੰਗੇ ਹੋ ਗਏ, ਅਤੇ ਹੋਰ ਇਸ ਤਰ੍ਹਾਂ। ਪਰ ਇਕ ਚਮਤਕਾਰ, ਕੁਝ ਅਜਿਹਾ ਜਿਸ ਨੇ ਸ੍ਰਿਸ਼ਟੀ ਕੀਤੀ ਹੋਵੇ ਅਤੇ ਕੁਝ ਬਣਾਇਆ ਹੋਵੇ…"

189 ਮੈਂ ਸੋਚਿਆ ਕਿ ਲੜਕੇ ਨੂੰ ਉਥੇ ਖੜ੍ਹੇ ਹੋਣਾ ਚਾਹੀਦਾ ਸੀ ਅਤੇ ਇਹ ਵੇਖਣਾ ਚਾਹੀਦਾ ਸੀ। ਉਸ ਭਾਰਤੀ ਲੜਕੇ ਦੀ ਇੱਕ ਲੱਤ *ਐਨੀ* ਵੱਡੀ ਸੀ, ਉਨ੍ਹਾਂ

ਵਿਚੋਂ ਇਕ। ਦੂਸਰੀ ਇਕ ਆਮ ਲੱਤ ਵਰਗੀ ਸੀ ਜਿਵੇਂ ਇੱਕ ਮਨੁੱਖ ਦੀ ਲੱਤ ਹੁੰਦੀ ਹੈ। ਅਤੇ, ਜੇ ਤੁਸੀਂ ਵੇਖੋਗੇ, ਉਸਦਾ ਸ਼ਿਕੰਜਾ, ਉਸਦੀ ਜੁੱਤੀ ਲਗਭਗ ਚੌਦਾਂ ਇੰਚ ਜਾਂ ਪੰਦਰਾਂ ਇੰਚ ਉੱਚੀ ਸੀ, ਇਸ ਤਰਾਂ। ਉਸ ਦੇ ਤਲ ਉੱਤੇ ਇੱਕ ਲੋਹੇ ਦੀ ਚਾਦਰ ਸੀ। ਉਸ ਦੀ ਜੁੱਤੀ ਦੋ ਲੰਬੇ ਮਾਪਦੰਡਾਂ ਦੇ ਸਿਖਰ ਤੇ ਸਥਾਪਿਤ ਕੀਤੀ ਗਈ ਸੀ। ਉਹ ਤੁਰ ਕੇ ਉਥੇ ਆ ਗਿਆ ਜਿਥੇ ਮੈਂ ਖੜ੍ਹਾ ਸੀ, ਉਹ ਉਸ ਨੂੰ ਉਥੇ ਲੈ ਆਏ ਸਨ। ਉਸ ਕੋਲ ਦੋ ਬੈਸਾਖੀਆਂ ਸਨ। ਉਸ ਨੇ ਆਪਣੀ ਵੱਡੀ ਲੋਹੇ ਦੀ ਜੁੱਤੀ ਨੂੰ ਲਿਆ ਅਤੇ ਉਸ ਨੂੰ ਇਸ ਤਰ੍ਹਾਂ ਹੇਠਾਂ ਪਟਕ ਦਿੱਤਾ। ਮੈਂ ਉਸ ਦੀ ਲੱਤ ਨੂੰ ਵੇਖਿਆ, ਇਹ ਲਗਭਗ *ਐਨੀ* ਵੱਡੀ ਸੀ।

190 ਹੁਣ, ਉਹ ਲੋਕ ਮੁਹੰਮਦਨ ਹਨ, ਮੁਹੰਮਦਨ। ਕੀ ਤੁਹਾਨੂੰ ਪਿਛਲੇ ਐਤਵਾਰ ਨੂੰ ਯਾਦ ਹੈ ਜਦੋਂ ਮੈਂ ਤੁਹਾਨੂੰ ਪੜ੍ਹ ਕੇ ਦੱਸਿਆ ਸੀ ਕਿ ਅਖਬਾਰਾਂ ਨੂੰ ਕੀ ਲਿਖਣਾ ਪਿਆ? ਮੈਂ ਇਸ ਨੂੰ ਆਪ ਹੀ ਇਥੇ ਲੈ ਕੇ ਆਇਆ ਹਾਂ, ਅਫਰੀਕਾ ਤੋਂ, ਇੱਥੇ ਵਾਪਸ ਆਉਣ ਵਾਲੇ ਸਾਡੇ ਮਿਸ਼ਨਰੀ ਦੁਆਰਾ ਮੇਰੇ ਲਈ ਭੇਜੀ ਗਈ ਹੈ, ਭਰਾ ਸਟ੍ਰਾਈਕਰ। ਇੱਥੇ ਲੇਖ ਹੈ ਕਿ ਬਿਲੀ ਗ੍ਰਾਹਮ ਕਿਵੇਂ ਇਸ ਤੋਂ ਪਿਛਾਂਹ ਹੱਟ ਗਿਆ। ਬਿਲਕੁਲ। ਉਨ੍ਹਾਂ ਨੇ ਮੁਹੰਮਦਨ ਨੂੰ ਉਨ੍ਹਾਂ ਨੂੰ ਸਮੁੰਦਰ ਵਿੱਚ ਧੱਕਣ ਦਿੱਤਾ। ਕੀ ਗੱਲ ਹੈ? ਮਿਸ਼ਨਰੀ ਮੈਦਾਨ ਛੱਡ ਰਹੇ ਹਨ। ਹੁਣ ਹੋਰ ਰਹਿਣ ਦਾ ਕੀ ਫਾਇਦਾ ਹੈ? ਉਹਨਾਂ ਨੂੰ ਤਾਂ ਬੱਸ ਮਾਰ ਪਈ ਹੈ।

191 ਮੈਂ ਬਿਲੀ ਗ੍ਰਾਹਮ ਨੂੰ ਪਿਆਰ ਕਰਦਾ ਹਾਂ, ਅਤੇ ਸੋਚਦਾ ਹਾਂ ਕਿ ਉਹ ਪਰਮੇਸੁਰ ਦਾ ਇਕ ਸ਼ਾਨਦਾਰ ਆਦਮੀ ਹੈ। ਪਰ ਬਿਲੀ ਗ੍ਰਾਹਮ ਨੂੰ ਉਸ ਤੇ ਕਿਸ ਚੀਜ ਦਾ ਦੋਸ਼ ਲਗਾਉਣਾ ਚਾਹੀਦਾ ਸੀ, ਕਹਿੰਦਾ, "ਇੱਕ ਮਿੰਟ ਰੁਕੋ..." ਜੇ ਇਨ੍ਹਾਂ ਵਿੱਚੋਂ ਕੁਝ ਸਵੈ-ਪ੍ਰਭਾਵਸ਼ਾਲੀ ਬੈਪਟਿਸਟਾਂ ਨੇ ਉਸਨੂੰ ਅਜਿਹਾ ਕਰਨ ਦਿੱਤਾ ਹੁੰਦਾ, ਮੇਰਾ ਵਿਸ਼ਵਾਸ ਹੈ ਕਿ ਉਸਨੇ ਇਹ ਕੀਤਾ ਹੋਵੇਗਾ। ਮੈਂ ਵਿਸ਼ਵਾਸ ਕਰਦਾ ਹਾਂ ਬਿਲੀ ਗ੍ਰਾਹਮ ਇੱਕ ਪਰਮੇਸ਼ੁਰ ਦਾ ਆਦਮੀ ਹੈ। ਪਰ ਜੇ ਉਸ ਨੇ ਕਿਹਾ ਹੁੰਦਾ, "ਇਕ ਮਿੰਟ ਰੁਕੋ! ਮੈਂ ਖੁਸ਼ਖਬਰੀ ਦਾ ਇੱਕ ਸੇਵਕ ਹਾਂ। ਤੁਸੀਂ ਪੁਰਾਣੇ ਨੇਮ ਵਿੱਚ ਵਿਸ਼ਵਾਸ ਕਰਦੇ ਹੋ, ਅਤੇ ਤੁਸੀਂ ਕਿਹਾ ਸੀ ਕਿ ਯਿਸੂ ਇੱਕ ਮਨੁੱਖ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਸੀ। ਮੈਂ ਤੁਹਾਨੂੰ ਬਹਿਸ ਲਈ ਚੁਣੌਤੀ ਦਿੰਦਾ ਹਾਂ।" ਮੈਂ ਸ਼ੈਤਾਨ ਦੀਆਂ ਚੁਣੌਤੀਆਂ ਨੂੰ ਲੈਣ ਵਿਚ ਯਕੀਨ ਨਹੀਂ ਕਰਦਾ, ਨਹੀਂ ਸ਼੍ਰੀ ਮਾਨ, ਪਰ ਮੈਂ ਮੁੜ੍ਹ ਉਸਨੂੰ ਚੁਣੌਤੀ ਦਿੱਤੀ ਹੁੰਦੀ, ਅਤੇ ਕਿਹਾ ਹੁੰਦਾ, "ਚਲੋ ਤੁਸੀਂ ਅਤੇ ਮੈਂ ਇਕੱਠੇ ਹੋਈਏ। ਮੈਂ ਇੱਕ ਦੈਵਿਕਤਾ ਦਾ ਡਾਕਟਰ ਹਾਂ," ਬਿਲੀ ਗ੍ਰਾਹਮ ਇੱਕ ਦੈਵਿਕਤਾ ਦਾ ਡਾਕਟਰ ਹੈ। "ਮੈਂ ਤੁਹਾਨੂੰ ਇਸ ਬਾਰੇ ਚੁਣੌਤੀ ਦਿੰਦਾ ਹਾਂ, ਅਤੇ ਮੈਨੂੰ ਤੁਹਾਡੇ ਲਈ ਇਹ ਸਾਬਤ ਕਰਨ ਦਿਓ ਕਿ ਯਿਸੂ ਮਸੀਹ ਸੀ। ਹੁਣ, ਜਦੋਂ ਦੈਵਿਕ ਚੰਗਾਈ ਦੀ ਗੱਲ ਆਉਂਦੀ ਹੈ, ਮੇਰੇ

ਕੋਲ ਉਹ ਦਾਨ ਨਹੀਂ ਹਨ, ਪਰ ਸਾਡੇ ਕੋਲ ਕੁਝ ਭਰਾ ਹਨ ਜਿਨ੍ਹਾਂ ਕੋਲ ਹਨ। ਹੁਣ, ਜੇ ਤੁਸੀਂ ਉਨ੍ਹਾਂ ਨੂੰ ਉਥੇ ਬਾਹਰ ਲਿਆਉਣਾ ਚਾਹੁੰਦੇ ਹੋ, ਤਾਂ ਮੈਂ ਉਨ੍ਹਾਂ ਵਿਚੋਂ ਇਕ ਨੂੰ ਬੁਲਾਵਾਂ, ਓਰਲ ਰੋਬਰਟਸ ਜਾਂ ਕਿਸੇ ਨੂੰ, ਕੋਈ ਅਜਿਹਾ ਵਿਅਕਤੀ ਜਿਸ ਕੋਲ ਮਹਾਨ ਸੇਵਕਾਈ ਹੈ ਜੋ ਸਚਮੁੱਚ ਇਹ ਕਰੇਗਾ।" ਉਥੇ ਆਓ, ਅਤੇ ਫਿਰ ਵੇਖੀਏ ਕਿ ਕੀ ਵਾਪਰਦਾ ਹੈ, ਕਹਿੰਦਾ, "ਮਸੀਹਤ ਉਹ ਨਹੀਂ ਹੈ ਜੋ ਤੁਸੀਂ ਸੋਚਦੇ ਹੋ।"

192 ਹੁਣ ਹਰ ਕੋਈ ਨਿਰਾਸ਼ ਮਹਿਸੂਸ ਕਰਦਾ ਹੈ ਕਿਉਂਕਿ ਉਹ ਬੱਸ ਚਲਾ ਗਿਆ ਅਤੇ ਉਸਨੂੰ ਛੱਡ ਗਿਆ। ਯਕੀਨਨ, ਹੁਣ, ਮੈਂ ਸ਼ੈਤਾਨ ਦੀਆਂ ਚੁਣੌਤੀਆਂ ਨੂੰ ਨਹੀਂ ਮੰਨਦਾ ਜੋ ਉਹ ਤੁਹਾਨੂੰ ਦਿੰਦਾ ਹੈ। ਮੈਂ ਵੀ ਇਸ ਤਰ੍ਹਾਂ ਉਸ ਦੇ ਚਿਹਰੇ ਤੇ ਥੁਕ ਦਿੱਤਾ ਹੁੰਦਾ, ਅਤੇ ਉਸ ਤੋਂ ਦੂਰ ਚਲਿਆ ਗਿਆ ਹੁੰਦਾ। ਇਹ ਠੀਕ ਹੈ। ਪਰ ਜਦੋਂ ਇਹ ਗੱਲ ਉਸ ਜਗ੍ਹਾ ਤੇ ਆਉਂਦੀ ਹੈ ਜਿੱਥੇ...ਬਿਲੀ ਕਰ ਸਕਦਾ ਸੀ—ਉਸ ਮੁਹੰਮਦਨ ਨੂੰ *ਇਸ* ਤਰ੍ਹਾਂ ਇੱਕ ਨਿਕੀ ਜਿਹੀ ਬੂਟੀ ਜਿਹਾ ਮਹਿਸੂਸ ਕਰਵਾ ਸਕਦਾ ਸੀ। ਉਹ ਬਾਈਬਲ ਲੈ ਸਕਦਾ ਸੀ ਅਤੇ ਯਸਾਯਾਹ 9:6 ਲੈ ਸਕਦਾ ਸੀ, ਅਤੇ ਕਹਿ ਸਕਦਾ ਸੀ, "ਉਹ ਕਿਸ ਬਾਰੇ ਗੱਲ ਕਰ ਰਿਹਾ ਸੀ, 'ਸਾਡੇ ਲਈ ਇੱਕ ਬਾਲਕ ਪੈਦਾ ਹੋਇਆ ਹੈ, ਸਾਡੇ ਲਈ ਇੱਕ ਪੁੱਤਰ ਦਿੱਤਾ ਗਿਆ ਹੈ'? ਇਹ ਆਦਮੀ ਕੌਣ ਸੀ? ਉਹ ਕਿਸ ਬਾਰੇ ਗੱਲ ਕਰ ਰਿਹਾ ਸੀ? ਇਹ ਨਬੀ ਕੌਣ ਸੀ? ਇਹ ਮਸੀਹਾ ਕੌਣ ਸੀ ਜੋ ਆਉਣ ਵਾਲਾ ਸੀ? ਮੈਨੂੰ ਦੱਸੋ ਕਿ ਉਸਨੇ ਆਪਣੇ ਆਪ ਨੂੰ ਮੁਹੰਮਦ ਵਿਚ ਕਿਥੇ ਪੈਦਾ ਕੀਤਾ। 'ਉਹ ਸਾਡੇ ਅਪਰਾਧਾਂ ਲਈ ਘਾਇਲ ਕੀਤਾ ਗਿਆ, ਸਾਡੀਆਂ ਬਦੀਆਂ ਦੇ ਕਾਰਨ ਕੁਚਲਿਆ ਗਿਆ, ਸਾਡੀ ਸ਼ਾਂਤੀ ਲਈ ਉਸ ਉੱਤੇ ਤਾੜਨਾ ਹੋਈ, ਅਤੇ ਉਸ ਦੇ ਮਾਰ ਖਾਣ ਤੋਂ ਅਸੀਂ ਨਰੋਏ ਕੀਤੇ ਗਏ।' ਮੁਹੰਮਦ ਵਿਚ ਇਹ ਮੈਨੂੰ ਦਿਖਾਓ। ਉਸਨੇ ਕਿਵੇਂ ਪੁਕਾਰਿਆ, 'ਹੇ ਮੇਰੇ ਪਰਮੇਸ਼ੁਰ, ਮੇਰੇ ਪਰਮੇਸ਼ੁਰ, ਤੂੰ ਮੈਨੂੰ ਕਿਉਂ ਛੱਡ ਦਿੱਤਾ? ਉਨ੍ਹਾਂ ਨੇ ਮੇਰੇ ਹੱਥਾਂ ਅਤੇ ਮੇਰੇ ਪੈਰਾਂ ਨੂੰ ਵਿੰਨ੍ਹਿਆ,' ਅਤੇ ਹੋਰ ਇਸ ਤਰ੍ਹਾਂ? ਮੈਨੂੰ ਆਪਣੇ ਵਚਨ ਦੁਆਰਾ, ਆਪਣੇ ਖੁਦ ਦੇ ਨੇਮ ਦੁਆਰਾ ਦਿਖਾਓ।" ਕਿਉਂ, ਉਸ ਨੂੰ ਓਸ ਮੁਹੰਮਦਨ ਨੂੰ ਐਨੀ ਮਾੜੀ ਮਾਰ ਮਾਰਨੀ ਚਾਹੀਦੀ ਸੀ ਕਿ ਉਸ ਨੂੰ ਇਹ ਵੀ ਪਤਾ ਨਹੀਂ ਲਗਣਾ ਚਾਹੀਦਾ ਸੀ ਕਿ ਉਹ ਕਿਥੇ ਸੀ। ਇਹ ਸਹੀ ਹੈ।

193 ਪਰ ਜਦੋਂ ਅਖਬਾਰ ਆਇਆ, ਇਹਦੇ ਨਾਲ ਦੁੱਖ ਹੋਇਆ, ਇਸ ਨੇ ਮੇਰੇ ਦਿਲ ਨੂੰ ਉਛਾਲ ਦਿੱਤਾ। ਜਦੋਂ ਇਸ ਤੋਂ ਇਹ ਪੜ੍ਹਿਆ, "ਹਾਲਾਂਕਿ ਬਿਲੀ ਨੂੰ ਪਿਛਾਂਹ ਹੱਟਣਾ ਪਿਆ ਅਤੇ ਪਿਛੇ ਹੱਟ ਗਿਆ, ਮੁਹੰਮਦਨ ਕਿਵੇਂ ਕਹਿ ਸਕਦੇ ਹਨ ਕਿ ਇਹ ਗਲਤ ਸੀ," ਕਿਹਾ, "ਜਦੋਂ ਆਦਰਣੀਯ ਵਿਲੀਅਮ ਬ੍ਰਨਹਾਮ,

ਦੱਖਣੀ ਅਫਰੀਕਾ ਦੇ ਡਰਬਨ ਵਿਖੇ, ਵਿਵਾਦ ਰਹਿਤ ਕਰਾਮਾਤ ਤੋਂ ਬਾਅਦ ਕਰਾਮਾਤ, ਦੈਵਿਕ ਸ਼ਕਤੀ, ਜਦੋਂ ਇਕ ਸਮੇਂ ਦੱਸ ਹਜਾਰ ਮੁਹੰਮਦਨ ਆਪਣੇ ਮੂੰਹ ਭਾਰ ਡਿੱਗ ਪਏ ਸਨ ਅਤੇ ਆਪਣੀ ਜ਼ਿੰਦਗੀ ਯਿਸੂ ਮਸੀਹ ਦੇ ਹਵਾਲੇ ਕਰ ਦਿੱਤੀ।" ਬਿਲਕੁਲ। ਉਹ ਇਸ ਬਾਰੇ ਜਾਣਦੇ ਹਨ। ਉਹ ਕੱਟੜਪੰਥੀ ਇਸ ਬਾਰੇ ਜਾਣਦੇ ਹਨ। ਤੁਸੀਂ ਮੈਨੂੰ ਨਾ ਦੱਸੋ।

194 ਇੱਕ ਵਾਰ ਇੱਕ ਅਜਿਹਾ ਯਿਸੂ ਕੋਲ ਆਇਆ, ਉਸਨੇ ਕਿਹਾ, "ਰੱਬੀ!" ਤੁਸੀਂ ਜਾਣਦੇ ਹੋ ਕਿ ਉਹ ਇੱਕ ਫ਼ਰੀਸੀ ਸੀ। ਕਿਹਾ, "ਅਸੀਂ ਜਾਣਦੇ ਹਾਂ ਜੋ ਤੁਸੀਂ ਗੁਰੂ ਹੋ ਕੇ ਪਰਮੇਸ਼ੁਰ ਦੀ ਵੱਲੋਂ ਆਏ ਹੋ। ਅਸੀਂ ਜਾਣਦੇ ਹਾਂ। ਅਸੀਂ ਇਹ ਜਾਣਦੇ ਹਾਂ,' ਕਿਉਂਕਿ ਏਹ ਨਿਸ਼ਾਨ ਜਿਹੜੇ ਤੁਸੀਂ ਵਿਖਾਲਦੇ ਹੋ ਕੋਈ ਵੀ ਨਹੀਂ ਵਿਖਾ ਸੱਕਦਾ ਜੇ ਪਰਮੇਸ਼ੁਰ ਉਹ ਦੇ ਨਾਲ ਨਾ ਹੋਵੇ। ਅਸੀਂ ਸਮਝਦੇ ਹਾਂ। ਅਸੀਂ ਇਹ ਜਾਣਦੇ ਹਾਂ। ਪਰ ਅਸੀਂ ਇਸ ਦਾ ਇਕਰਾਰ ਨਹੀਂ ਕਰ ਸਕਦੇ, ਵੇਖੋ, ਕਾਰਨ ਜੇ ਅਸੀਂ ਕਰਦੇ ਹਾਂ, ਤਾਂ, ਸਾਨੂੰ ਆਪਣੀ ਕਲੀਸਿਯਾ ਵਿੱਚੋਂ ਬਾਹਰ ਕੱਢ ਦਿੱਤਾ ਜਾਵੇਗਾ। ਦੇਖੋ, ਅਸੀਂ ਆਪਣਾ ਮਾਣ ਗੁਆ ਦੇਵਾਂਗੇ।" ਅਤੇ ਯਿਸੂ ਨੇ ਕਿਹਾ, ਉਸ ਨੂੰ ਦੱਸਣਾ ਸ਼ੁਰੂ ਕੀਤਾ ਕਿ ਉਸ ਨੂੰ ਨਵੇਂ ਸਿਰਿਓਂ ਜਨਮ ਲੈਣਾ ਜਰੂਰੀ ਹੈ।

195 ਉਸ ਮੁਹੰਮਦਨ ਮੁੰਡੇ ਤੇ, ਜਦੋਂ ਉਹ ਉਥੇ ਖੜਾ ਸੀ, ਉਥੇ ਉਸਦੀ ਤਸਵੀਰ ਹੈ। ਕੈਮਰਾ ਝੂਠ ਨੂੰ ਨਹੀਂ ਲਵੇਗਾ। ਉਥੇ ਉਹ ਉਥੇ ਖੜਾ ਹੈ, ਇਕ ਲੱਤ ਐਨੀ ਛੋਟੀ ਹੈ ਦੂਸਰੀ ਨਾਲੋਂ (ਲਗਭਗ ਚੌਦਾਂ ਇੰਚ), ਲੋਹੇ ਦੀ ਜੁੱਤੀ ਉਤੇ ਖੜਾ ਹੈ। ਉਸ ਨੂੰ ਕਿਹਾ, ਮੈਂ ਕਿਹਾ, "ਤੁਸੀ ਅੰਗਰੇਜ਼ੀ ਬੋਲਦੇ ਹੋ?"

196 "ਨਹੀਂ, ਸ਼੍ਰੀ ਮਾਨ।" ਅੰਗ੍ਰੇਜ਼ੀ ਨਹੀਂ ਬੋਲ ਸਕਦਾ ਸੀ। ਤਰਜਮਾ ਕਰਨ ਵਾਲੇ ਨੇ ਕਿਹਾ, "ਉਹ ਅੰਗ੍ਰੇਜ਼ੀ ਨਹੀਂ ਬੋਲਦਾ।"

"ਤੁਸੀਂ ਇਸ ਤਰਾਂ ਕਿੰਨਾ ਚਿਰ ਰਹੇ ਹੋ?" ਤਰਜਮਾ ਕਰਨ ਵਾਲੇ ਨੇ ਉਸ ਨੂੰ ਪੁੱਛਿਆ।

"ਜਨਮ ਤੋਂ।"

"ਕੀ ਤੁਸੀਂ ਲੱਤ ਨੂੰ ਥੋੜਾ ਜਿਹਾ ਵੀ ਹਿਲਾ ਸਕਦੇ ਹੋ?"

"ਨਹੀਂ, ਸ਼੍ਰੀ ਮਾਨ।"

"ਕੀ ਤੁਸੀਂ ਯਿਸੂ ਮਸੀਹ ਵਿੱਚ ਵਿਸ਼ਵਾਸ ਕਰਦੇ ਹੋ?"

ਕਿਹਾ, "ਮੈਂ ਇੱਕ ਮੁਹੰਮਦਨ ਹਾਂ।"

ਮੈਂ ਕਿਹਾ, "ਕੀ ਤੁਸੀਂ ਯਿਸੂ ਮਸੀਹ ਨੂੰ ਸਵੀਕਾਰ ਕਰੋਗੇ ਜੇ ਉਹ ਤੁਹਾਨੂੰ ਚੰਗਾ ਕਰੇਗਾ?"

197 "ਜੇ ਯਿਸੂ ਨੇ ਮੈਨੂੰ ਠੀਕ ਕੀਤਾ ਤਾਂ ਮੈਂ ਯਿਸੂ ਮਸੀਹ ਨੂੰ ਆਪਣਾ ਮੁਕਤੀਦਾਤਾ ਮੰਨਾਂਗਾ।"

198 "ਜੇ ਉਹ ਉਸ ਨੂੰ ਠੀਕ ਕਰ ਦਵੇ, ਉਹ ਲੱਤ ਦੂਸਰੀ ਲੱਤ ਜਿਹੀ ਹੋ ਜਾਵੇ, ਤੁਸੀਂ ਉਸਨੂੰ ਸਵੀਕਾਰ ਕਰੋਗੇ?"

"ਮੈਂ ਕਰਾਂਗਾ।"

199 "ਠੀਕ ਹੈ, ਪਰਮੇਸ਼ੁਰ, ਤੁਸੀਂ ਕੀ ਕਰੋਗੇ?" ਇਹ ਅਗਲੀ ਗੱਲ ਹੈ; ਸਾਰੇ ਸਵਾਲਾਂ ਦੇ ਜਵਾਬ ਮਿਲ ਗਏ ਹਨ। ਭਾਈ ਮਾਈਕ, ਇਹੀ ਅਹਿਸਾਸ ਹੈ। ਮੈਂ ਇਹ ਵੇਖਣ ਲਈ ਸਿਰਫ ਇੱਕ ਮਿੰਟ ਦੀ ਉਡੀਕ ਕਰਦਾ ਹਾਂ ਕਿ ਉਹ ਕੀ ਕਹਿਣ ਵਾਲਾ ਹੈ। ਮੈਂ ਉਥੇ ਦੇਖਿਆ ਅਤੇ ਮੈਂ ਦੇਖਿਆ ਕਿ ਲੜਕਾ ਚਲ ਰਿਹਾ ਹੈ, ਕੰਧਾਂ ਦੇ ਨਾਲ ਨਾਲ ਇਸ ਤਰ੍ਹਾਂ ਤੁਰ ਰਿਹਾ ਹੈ। ਮੈਂ ਕਿਹਾ, "ਤੁਹਾਡੇ ਵਿਚੋਂ ਕਿੰਨੇ ਮੁਹੰਮਦਨ ਇਸ ਨੂੰ ਸਵੀਕਾਰ ਕਰਨਗੇ? ਇਹ ਇਕ ਮੁਹੰਮਦਨ ਲੜਕਾ ਹੈ, ਉਸ ਵੱਲ ਦੇਖੋ, ਉਸ ਨੂੰ ਉਥੇ ਖੜਾ ਕਰੋ।" ਮੈਂ ਕਿਹਾ, "ਤੁਸੀਂ ਡਾਕਟਰੋ, ਤੁਸੀਂ ਉਸ ਨੂੰ ਵੇਖਣਾ ਚਾਹੁੰਦੇ ਹੋ? ਉਹ ਉਥੇ ਖੜਾ ਹੈ।" ਔਹ, ਤੁਸੀਂ ਜਾਣਦੇ ਹੋ ਤੁਸੀਂ ਉਸ ਸਮੇਂ ਕਿੱਥੇ ਹੋ। ਦੇਖੋ, ਤੁਸੀਂ ਜਾਣਦੇ ਹੋ ਕਿ ਤੁਸੀਂ ਕਿਥੇ ਖੜ੍ਹੇ ਹੋ। ਕੋਈ ਨਹੀਂ...ਉਹ ਉਥੇ ਸੀ।

200 ਮੈਂ ਕਿਹਾ, "ਬੇਟੇ, ਇਸ ਰਾਹ ਤੁਰੋ।" ਅਤੇ ਉਨ੍ਹਾਂ ਨੇ ਉਸ ਨੂੰ ਲਿਆ, ਉਹ ਇਸ ਤਰ੍ਹਾਂ ਆਇਆ। ("ਟਾ-ਲੁੰਪ, ਟਾ-ਲੁੰਪ।") ਮੈਂ ਕਿਹਾ, "ਲਗਭਗ ਬਾਰ੍ਹਾਂ, ਚੌਦਾਂ ਇੰਚ ਛੋਟੀ ਲੱਗ ਰਹੀ ਹੈ। ਲਗਭਗ *ਇਸ* ਤਰ੍ਹਾਂ।"

"ਹਾਂ।"

201 ਮੈਂ ਕਿਹਾ, "ਪਰ ਪਰਮੇਸ਼ੁਰ ਦਾ ਪੁੱਤਰ ਯਿਸੂ ਮਸੀਹ ਉਸ ਨੂੰ ਚੰਗਾ ਕਰ ਸਕਦਾ ਹੈ। ਕੀ ਤੁਸੀਂ ਮੁਹੰਮਦਨ ਲੋਕ ਇਸ ਤੇ ਵਿਸ਼ਵਾਸ ਕਰੋਗੇ ਅਤੇ ਉਸ ਨੂੰ ਨਿੱਜੀ ਮੁਕਤੀਦਾਤਾ ਸਵੀਕਾਰ ਕਰੋਗੇ?"

202 ਉਥੇ ਹਜ਼ਾਰਾਂ ਹੀ ਕਾਲੇ ਹੱਥ ਇਸ ਤਰਾਂ ਉੱਪਰ ਆ ਗਏ। "ਖੈਰ, ਪ੍ਰਭੂ, ਹੁਣ ਸਮਾਂ ਆ ਗਿਆ ਹੈ।" ਮੈਂ ਕਿਹਾ, "ਸਵਰਗੀ ਪਿਤਾ, ਜੇ ਤੁਸੀਂ ਕਦੇ ਜਵਾਬ ਦਿੱਤਾ, ਤਾਂ ਹੁਣ ਮੈਨੂੰ ਜਵਾਬ ਦਿਓ, ਇਹ ਤੁਹਾਡੀ ਮਹਿਮਾ ਲਈ ਹੈ, ਇਹ ਤੁਹਾਡੇ ਲਈ ਹੈ। ਮੈਂ ਪ੍ਰਾਰਥਨਾ ਕਰਦਾ ਹਾਂ ਤੁਸੀਂ ਇਸ ਮੁੰਡੇ ਨੂੰ ਚੰਗਾ ਕਰੋ।" ਮੈਂ ਬਸ ਉਸ ਉਪਰ ਇਸ ਤਰਾਂ ਪ੍ਰਾਰਥਨਾ ਕੀਤੀ।

203 ਮੈਂ ਕਿਹਾ, "ਆਪਣੀ ਜੁੱਤੀ ਉਤਾਰੋ।" ਤਰਜਮਾ ਕਰਨ ਵਾਲੇ ਨੇ, ਮੈਨੂੰ ਅਸਲ ਮਜ਼ਾਕੀਆ ਭਾਵ ਨਾਲ ਵੇਖਿਆ। ਮੈਂ ਕਿਹਾ, "ਆਪਣੀ ਜੁੱਤੀ ਉਤਾਰੋ।" ਉਸਨੇ ਇਸਦੇ ਤਸਮੇ ਖੋਲ ਦਿੱਤੇ। ਕਿਉਂਕਿ ਮੈਂ ਉਹ ਦਰਸ਼ਨ ਵੇਖ ਲਿਆ ਸੀ,

ਕਿ ਕੀ ਹੋਣ ਵਾਲਾ ਸੀ। ਉਸਨੇ ਉਹ ਚੀਜ਼ ਉਤਾਰ ਦਿੱਤੀ। ਜਦੋਂ ਉਸਨੇ ਇਸ ਨੂੰ ਵਾਪਸ ਲਿਆ ਅਤੇ ਉਥੇ ਤੁਰ ਕੇ ਮੇਰੇ ਕੋਲ ਆਇਆ, ਦੋਵੇਂ ਲੱਤਾਂ ਉਵੇਂ ਸਨ ਜਿਵੇਂ ਆਮ ਹੁੰਦੀਆਂ ਹਨ, ਜਿਵੇਂ ਕਿ ਦੋਵੇਂ ਨਵੀਆਂ ਲੱਤਾਂ ਵਾਂਗ ਕੰਮ ਕਰ ਰਹੀਆਂ ਸਨ। ਮੈਂ ਕਿਹਾ, "ਤੁਸੀਂ ਅੱਗੇ-ਪਿੱਛੇ ਤੁਰਨਾ ਚਾਹੁੰਦੇ ਹੋ?"

204 ਉਹ ਇਸ ਤਰਾਂ ਰੋਣ ਲੱਗ ਪਿਆ, ਅੱਗੇ ਪਿੱਛੇ ਜਾ ਰਿਹਾ ਸੀ, ਉਸਨੂੰ ਨਹੀਂ ਪਤਾ ਸੀ ਕੀ ਕਰਨਾ ਹੈ। ਉਸ ਤਰਾਂ ਚਲਦਿਆਂ, ਉਸਨੇ ਕਿਹਾ, "ਹੇ ਅੱਲਾਹ! ਅੱਲਾਹ!"

ਮੈਂ ਕਿਹਾ, "ਯਿਸੂ! ਯਿਸੂ!"

ਔਹ, ਔਹ, ਔਹ! "ਹੇ ਯੇਸੂ! ਯੇਸੂ," ਫਿਰ। "ਯੇਸੂ! ਯੇਸੂ," ਇਸ ਤਰਾਂ।

ਮੈਂ ਕਿਹਾ, "ਕੀ ਇਥੇ ਕੋਈ ਸਵਾਲ ਹਨ, ਕੋਈ ਸਵਾਲ ਹਨ?"

205 ਜੂਲੀਅਸ ਸਟੈਡਸਕਲੇਵ, ਕਿੰਨੇ ਉਸਨੂੰ ਜਾਣਦੇ ਹਨ? ਭਾਈ ਸਟੈਡਸਕਲੇਵ ਇੱਥੇ ਚਰਚ ਵਿਚ ਆਏ ਹਨ; ਹੁਣੇ—ਹੁਣੇ ਜਰਮਨੀ ਗਿਆ ਸੀ। ਕਿਹਾ, "ਬੱਸ ਇਕ ਮਿੰਟ, ਭਾਈ ਬ੍ਰਨਹਾਮ, ਬੱਸ ਇਕ ਮਿੰਟ।" ਤੁਰੰਤ ਇੱਕ ਫੋਟੋਗ੍ਰਾਫਰ ਲਿਆਇਆ। "ਕੀ ਮੈਂ ਉਸ ਦੀ ਤਸਵੀਰ ਲੈ ਸਕਦਾ ਹਾਂ?"

ਮੈਂ ਕਿਹਾ, "ਜਿਵੇਂ ਤੁਹਾਡੀ ਮਰਜੀ।"

206 "*ਇੱਥੇ* ਚੱਲੋ, ਆਪਣੀ ਜੁੱਤੀ *ਇਥੇ* ਰੱਖੋ।" ਉਹ ਉਸ ਤਰ੍ਹਾਂ ਖੜਾ ਹੋ ਗਿਆ, ਉਥੇ ਲੜਕੇ ਦੀ ਤਸਵੀਰ ਖਿੱਚੀ, ਦੋਵੇਂ ਲੱਤਾਂ ਆਮ ਅਤੇ ਸਿੱਧੀਆਂ ਜਿੰਨੀਆਂ ਉਹ ਹੋ ਸਕਦੀਆਂ ਸਨ। ਉਥੇ ਉਸ ਦੀ ਪੁਰਾਣੀ ਜੁੱਤੀ ਅਤੇ ਵਰਮਾ, ਇਸ *ਤਰਾਂ*, ਇਸ *ਤਰ੍ਹਾਂ* ਪਏ ਸਨ।

207 ਮੈਂ ਕਿਹਾ, "ਤੁਹਾਡੇ ਵਿਚੋਂ ਕਿੰਨੇ ਮੁਹੰਮਦਨ ਲੋਕ ਮੁਹੰਮਦ ਨੂੰ ਨਬੀ ਵਜੋਂ ਰੱਦ ਕਰਦੇ ਹਨ, ਅਤੇ ਵਿਸ਼ਵਾਸ ਕਰਦੇ ਹੋ ਕਿ ਯਿਸੂ ਪਰਮੇਸ਼ੁਰ ਦਾ ਪੁੱਤਰ ਹੈ, ਅਤੇ ਉਸਨੂੰ ਆਪਣਾ ਨਿੱਜੀ ਮੁਕਤੀਦਾਤਾ ਸਵੀਕਾਰ ਕਰਦੇ ਹੋ?" ਦਸ ਹਜ਼ਾਰ ਹੱਥ ਹਵਾ ਵਿਚ ਚਲੇ ਗਏ। ਹਲਲੂਯਾਹ! ਉਹ ਨਹੀਂ ਚਾਹੁੰਦੇ…

208 ਉਹ ਇਸਨੂੰ ਪਿਛਾਂਹ ਰੱਖਣ ਦੀ ਕੋਸ਼ਿਸ਼ ਕਰਦੇ ਹਨ, ਕਿਉਂਕਿ ਅਸੀਂ "ਪਵਿੱਤਰ ਪਖੰਡੀ" ਹਾਂ, ਉਹ ਸਾਨੂੰ ਕਹਿੰਦੇ ਹਨ, ਤੁਸੀਂ ਵੇਖਿਆ। ਬਸ ਉਹੀ, ਪਰਮੇਸ਼ੁਰ ਚਲ ਰਿਹਾ ਹੈ। ਉਹ ਆਪਣੀ ਕਲੀਸਿਯਾ ਨੂੰ ਰੱਖ ਰਿਹਾ ਹੈ। ਉਹ ਬਹੁਤ ਕੁਝ ਕਰ ਰਿਹਾ ਹੈ, ਅਸੀਂ ਜੋ ਕੁਝ ਕਰ ਸਕਦੇ ਹਾਂ ਜਾਂ ਸੋਚ ਸਕਦੇ ਹਾਂ ਓਸ ਤੋਂ ਬਹੁਤ ਜ਼ਿਆਦਾ। ਉਹ ਅੱਜ ਰਾਤ ਵੀ ਉਨਾਂ ਹੀ ਪਰਮੇਸ਼ੁਰ ਹੈ ਜਿੰਨਾ ਉਹ ਹਮੇਸ਼ਾ ਸੀ।

209 ਸੋ, ਦੋਸਤੋ, ਮੈਂ ਤੁਹਾਨੂੰ ਹੁਣੇ ਕੁਝ ਦੱਸਦਾ ਹਾਂ। ਮੇਰੇ ਪਿਆਰੇ ਅਨਮੋਲ ਲੋਕੋ, ਤੁਸੀਂ ਇੱਥੇ ਇਸ ਧਰਤੀ ਵਿੱਚ ਹੋ, ਅਤੇ ਹੋਰ ਵਿਦੇਸ਼ਾਂ ਵਿਚ ਜਿਥੇ ਵੀ ਟੇਪਾਂ ਜਾਣਗੀਆਂ ਅਤੇ ਜਿੱਥੇ ਵੀ ਤੁਸੀਂ ਹੋ, ਨਾ ਡਰੋ। ਸਭ ਕੁਝ ਠੀਕ ਹੈ। ਪਿਤਾ ਪਰਮੇਸ਼ੁਰ, ਜਗਤ ਦੀ ਨੀਂਹ ਤੋਂ ਪਹਿਲਾਂ, ਸਭ ਕੁਝ ਜਾਣਦਾ ਸੀ ਕਿ ਕੀ ਵਾਪਰੇਗਾ। ਸਭ ਕੁਝ ਸਹੀ ਹੋ ਰਿਹਾ ਹੈ। ਤੁਸੀਂ ਉਸਨੂੰ ਪਿਆਰ ਕਰਦੇ ਹੋ? ਆਪਣੇ ਦਿਲ ਨੂੰ ਸਹੀ ਰੱਖੋ।

210 ਅਤੇ, ਯਾਦ ਰੱਖੋ, ਜਦੋਂ ਇਹ ਸਾਹ ਇਸ ਜਿੰਦਗੀ ਨੂੰ ਛੱਡ ਜਾਂਦਾ ਹੈ, ਤੁਸੀਂ ਬਜੁਰਗ ਜਾਂ ਨੌਜਵਾਨਾਂ, ਅਤੇ ਤੁਸੀਂ ਮਾਵਾਂ, ਜਦੋਂ ਤੁਸੀਂ ਆਪਣੇ ਛੋਟੇ ਬੱਚਿਆਂ ਨੂੰ ਵੇਖੋਂਗੇ, ਉਹ ਲੜਕੀ ਜੋ ਮਰ ਗਈ ਸੀ ਜਦੋਂ ਉਹ ਅੱਠ ਜਾਂ ਪੰਜ ਦਿਨਾਂ ਦੀ ਵੀ ਨਹੀਂ ਸੀ, ਉਹ ਇਕ ਸੁੰਦਰ ਮੁਟਿਆਰ ਹੋਵੇਗੀ ਜਦੋਂ ਤੁਸੀਂ ਉਸ ਨੂੰ ਦੇਖੋਗੇ। ਉਹ ਬਜ਼ੁਰਗ ਦਾਦਾ ਜੋ ਐਨਾ ਕੁੱਬਾ ਹੋ ਗਿਆ ਸੀ, ਉਹ ਸ਼ਾਇਦ ਹੀ ਵੇਖ ਵੀ ਨਹੀਂ ਸਕਦਾ ਸੀ ਕਿ ਉਹ ਕਿੱਧਰ ਜਾ ਰਿਹਾ ਸੀ; ਦਾਦੀ, ਜਦੋਂ ਤੁਸੀਂ ਉਸਨੂੰ ਦੇਖੋਗੇ, ਉਹ ਇਕ ਵਧੀਆ ਸੋਹਣਾ ਨੌਜਵਾਨ ਹੋਵੇਗਾ, ਲਗਭਗ ਵੀਹ ਵਰ੍ਹਿਆਂ ਦਾ ਜਵਾਨ, ਬੱਸ ਜਵਾਨੀ ਦੀ ਸ਼ਾਨ ਵਿੱਚ। ਅਤੇ ਉਹ ਸਦਾ ਲਈ ਇਸ ਤਰਾਂ ਰਹੇਗਾ। ਤੁਸੀਂ ਉਸ ਦੇ ਹੱਥ ਨੂੰ ਛੂਹ ਸਕਦੇ ਹੋ, ਤੁਸੀਂ ਉਸ ਨਾਲ ਹੱਥ ਮਿਲਾ ਸਕਦੇ ਹੋ। ਤੁਸੀਂ ਆਪਣੀਆਂ ਬਾਹਾਂ ਉਸ ਦੇ ਦੁਆਲੇ ਸੁੱਟੋਗੇ, ਪਰ ਉਹ "ਪਤੀ" ਨਹੀਂ ਹੋਵੇਗਾ, ਉਹ "ਭਰਾ" ਹੋਵੇਗਾ। ਔਹ, ਮੇਰੇ! ਉਹ "ਪਤੀ" ਨਾਲੋਂ ਬਹੁਤ ਵਧਕੇ ਹੋਵੇਗਾ। ਤੁਸੀਂ ਸੋਚਦੇ ਹੋ ਕਿ ਤੁਸੀਂ ਉਸਨੂੰ ਪਿਆਰ ਕੀਤਾ ਸੀ? ਯਕੀਨਨ ਤੁਸੀਂ ਕੀਤਾ। ਪਰ ਉਹ *ਫਿਲੀਓ* ਸੀ; ਤੁਸੀਂ *ਅਗਪਾਓ* ਮਿਲਣ ਤੱਕ ਇੰਤਜ਼ਾਰ ਕਰੋ। ਉਸ ਅਸਲ ਦੈਵਿਕ ਪ੍ਰੇਮ ਦੇ ਆਉਣ ਦੀ ਉਡੀਕ ਕਰੋ, ਅਤੇ ਫਿਰ ਦੇਖੋ ਕਿ ਕੀ ਹੈ। ਇਹ ਇਥੇ ਇਕ ਪੁਰਾਣੇ ਧੁਖਦੇ ਢੇਰ ਵਰਗਾ ਹੈ, ਇਹ ਚੰਗਾ ਨਹੀਂ ਹੈ, ਇਸ ਵਿਚ ਕੁਝ ਵੀ ਨਹੀਂ ਹੈ। ਸਿਰਫ ਇੱਕੋ ਚੀਜ਼ ਜੋ ਮੈਂ ਤੁਹਾਨੂੰ ਹੁਣ ਕਰਨ ਦੀ ਸਲਾਹ ਦਿੰਦਾ ਹਾਂ, ਉਹ ਇਹ ਹੈ, ਮੇਰੇ—ਮੇਰੇ—ਮੇਰੇ ਦੋਸਤੋ…

211 ਥੋੜ੍ਹੀ ਦੇਰ ਬਾਅਦ ਮੈਂ…ਕੀ ਤੁਸੀਂ ਚਾਹੋਗੇ ਕਿ ਮੈਂ ਹੋਰ ਦੋ ਅਧਿਆਇ ਲਵਾਂ? ਪ੍ਰਭੂ…ਮੈਂ—ਮੈਂ ਸ਼ਟੋਕੂਆ ਤੋਂ ਪਹਿਲਾਂ ਥੋੜਾ ਜਿਹਾ ਆਰਾਮ ਕਰਨਾ ਹੈ। ਹੁਣ, ਮੈਂ ਇਹਨਾਂ ਚੀਜ਼ਾਂ ਦਾ ਪ੍ਰਚਾਰ ਉਨ੍ਹਾਂ ਸਭਾਵਾਂ ਵਿਚ ਨਹੀਂ ਕਰ ਸਕਦਾ। ਉਥੇ ਬਹੁਤ ਸਾਰੇ ਗੈਰ-…ਬਹੁਤ ਸਾਰੇ ਵੱਖ ਵੱਖ ਵਿਸ਼ਵਾਸ ਹਨ। ਤੁਸੀਂ ਸਮਝੇ? ਸਿਰਫ ਇਹੋ ਇਕਲੌਤੀ ਕਲੀਸਿਯਾ ਹੈ। ਸਮਝੇ? ਮੈਂ ਨਹੀਂ ਕਰ ਸਕਦਾ…ਮੈਨੂੰ ਇਥੇ ਉਹੀ ਪਰਚਾਰ ਕਰਨ ਦਾ ਅਧਿਕਾਰ ਹੈ ਜੋ ਮੈਂ ਚਾਹੁੰਦਾ ਹਾਂ। ਇਹ ਮੇਰਾ ਡੇਰਾ ਹੈ, ਵੇਖੋ, ਅਤੇ ਮੈਂ ਤੁਹਾਨੂੰ ਦੱਸ ਰਿਹਾ ਹਾਂ। ਹੁਣ, ਮੇਰਾ ਵਿਸ਼ਵਾਸ ਹੈ ਕਿ

ਉਹ ਲੋਕ ਬਚਾਏ ਗਏ ਹਨ। ਹਾਂ, ਸ਼੍ਰੀ ਮਾਨ, ਮੈਂ ਸੱਚਮੁੱਚ ਇਸ ਤੇ ਵਿਸ਼ਵਾਸ ਕਰਦਾ ਹਾਂ। ਪਰ, ਔਹ, ਉਸ ਵੇਲੇ ਤੁਰਨਾ ਕਿੰਨਾ ਮਾਇਨੇ ਰੱਖਦਾ ਹੈ ਜਦੋਂ ਤੁਸੀਂ ਜਾਣਦੇ ਹੋ ਕਿ ਤੁਸੀਂ ਕਿਥੇ ਤੁਰ ਰਹੇ ਹੋ। ਕਿੰਨਾ ਜਿਆਦਾ, ਜਾਣਦੇ ਹੋ, ਬੱਸ ਇਹ ਜਾਣਨ ਲਈ ਕਿ ਤੁਸੀਂ ਕੀ ਕਰ ਰਹੇ ਹੋ, ਤੁਸੀਂ ਸਮਝੇ, ਡਿੱਗਣ, ਲੜਖੜਾਉਣ ਦੀ ਬਜਾਏ। ਆਓ ਹੁਣੇ ਪ੍ਰਕਾਸ਼ ਵਿੱਚ ਖੜੇ ਹੋਈਏ, ਅਤੇ ਪ੍ਰਕਾਸ਼ ਵਿੱਚ ਚੱਲੀਏ ਅਤੇ ਜਾਣੀਏ ਕਿ ਤੁਸੀਂ ਕਿਸ ਰਸਤੇ ਜਾ ਰਹੇ ਹੋ। ਇਹ ਸੱਚ ਹੈ। ਪ੍ਰਭੂ ਤੁਹਾਡੇ ਨਾਲ ਹੋਵੇ।

212 ਅਤੇ ਜੇ ਇੱਥੇ ਤੁਹਾਡੇ ਵਿੱਚੋਂ ਹਰ ਇੱਕ ਨੂੰ ਹੁਣ ਸਥਾਨ ਵਿੱਚ ਨਹੀਂ ਰੱਖਿਆ ਗਿਆ ਹੈ! ਤੁਸੀਂ ਸ਼ਾਇਦ ਇਕ ਘਰੇਲੂ ਔਰਤ ਤੋਂ ਇਲਾਵਾ ਕੁਝ ਵੀ ਨਾ ਹੋਵੋ। ਅੱਛਾ, ਤੁਸੀਂ ਕਹਿੰਦੇ ਹੋ, “ਭਾਈ ਬ੍ਰਨਹਾਮ, ਮੈਂ ਆਪਣੀ ਜ਼ਿੰਦਗੀ ਵਿਚ ਕਦੇ ਕੋਈ ਕੰਮ ਨਹੀਂ ਕੀਤਾ। ਮੈਂ ਪ੍ਰਚਾਰਕ ਨਹੀਂ ਹਾਂ।” ਖੈਰ, ਹੋ ਸਕਦਾ ਹੈ ਕਿ ਪਰਮੇਸ਼ੁਰ ਨੇ ਤੁਹਾਨੂੰ ਇਥੇ ਬੱਚਿਆਂ ਦੇ ਪਰਿਵਾਰ ਨੂੰ ਪਾਲਣ ਦੇ ਲਈ ਲਿਆਂਦਾ ਹੋਵੇ, ਬੱਚਿਆਂ ਦੇ ਉਸ ਪਰਿਵਾਰ ਵਿਚੋਂ ਇਕ ਹੋਰ ਬੱਚਿਆਂ ਦਾ ਪਰਿਵਾਰ ਆ ਸਕਦਾ ਹੈ ਇਹ ਇਕ ਪ੍ਰਚਾਰਕ ਹੋ ਸਕਦਾ ਹੈ ਜੋ ਮਸੀਹ ਕੋਲ ਲੱਖਾਂ ਰੂਹਾਂ ਭੇਜ ਦਵੇ। ਤੁਸੀਂ ਇਥੇ ਹੋਣਾ ਹੀ ਸੀ। ਤੁਸੀਂ ਇੱਥੇ ਇੱਕ ਉਦੇਸ਼ ਲਈ ਹੋ। ਕੀ ਤੁਹਾਨੂੰ ਪਤਾ ਸੀ?

213 ਖੈਰ, ਤੁਸੀਂ ਕਹੋਗੇ, “ਉਹ ਸਭ ਜੋ ਮੈਂ ਕਦੇ ਕੀਤਾ, ਸੀ, ਇਹਨਾਂ ਪੁਰਾਣੇ ਖੇਤਾਂ ਵਿੱਚ ਹੱਲ ਵਾਹਿਆ। ਅਤੇ ਮੈਂ ਬਾਹਰ ਲੈ ਜਾਂਦਾ, ਸ਼ਾਮ ਨੂੰ, ਮੈਨੂੰ ਨਹੀਂ ਪਤਾ ਸੀ ਕਿ ਮੇਰੇ ਬੱਚਿਆਂ ਦਾ ਗੁਜ਼ਾਰਾ ਕਿਵੇਂ ਕਰਨਾ ਹੈ। ਮੈਂ ਗਰੀਬ ਸਾਥੀਆਂ ਨੂੰ ਬਿੰਨਾਂ ਜੁੱਤੀਆਂ ਦੇ ਵੇਖਿਆ ਹੈ। ਮੈਂ ਬਹਿ ਕੇ ਰੋਇਆ ਸਾਂ। ਮੇਰੇ ਕੋਲ ਇੱਕ ਪੁਰਾਣਾ ਟਾਂਗਾ ਸੀ, ਅਤੇ ਮੈਂ ਅਤੇ ਮਾਂ ਗਿਰਜੇ ਜਾਂਦੇ ਸੀ।” ਤੁਸੀਂ ਚਿੰਤਾ ਨਾ ਕਰੋ, ਭਾਈ। ਤੁਸੀਂ ਬਸ ਉਸਨੂੰ ਪਿਆਰ ਕਰਦੇ ਰਹੋ, ਉਸ ਕੋਲ ਤੁਹਾਡੇ ਲਈ ਇੱਕ ਮਕਸਦ ਹੈ। ਤੁਸੀਂ ਬੱਸ ਉਸੇ ਤਰ੍ਹਾਂ ਰਹੋ ਜਿਵੇਂ ਤੁਸੀਂ ਹੋ, ਬੱਸ ਚਲਦੇ ਜਾਓ। ਸਮਝੇ? ਹੋ ਸਕਦਾ ਹੈ ਕਿ ਤੁਸੀਂ ਕਦੇ ਉਪਦੇਸ਼ ਪ੍ਰਚਾਰ ਨਾ ਕਰੋ, ਪਰ ਹੋ ਸਕਦਾ ਹੈ ਕਿ ਤੁਸੀਂ ਉਸ ਦੇ ਪੜ੍ਹਦਾਦੇ ਹੋਵੋ ਜੋ ਇਸ ਨੂੰ ਕਰੇਗਾ।

214 ਕੀ ਤੁਸੀਂ ਜਾਣਦੇ ਹੋ ਕਿ ਪਰਮੇਸ਼ੁਰ ਨੇ ਸਿਹਰਾ ਦਿੱਤਾ (ਆਓ ਹੁਣ ਵੇਖੀਏ, ਉਸਦਾ ਨਾਮ ਕੀ ਸੀ?) ਲੇਵੀ, ਦਸਵੰਧ ਦੇਣ ਲਈ, ਜਦੋਂ ਉਹ ਅਬਰਾਹਾਮ ਦੀ ਦੇਹ ਵਿੱਚ ਸੀ, ਜਦੋਂ ਮਲਕਿਸਿਦਕ ਉਸ ਨੂੰ ਮਿਲਿਆ। ਕਿੰਨੇ ਇਹ ਜਾਣਦੇ ਹਨ? ਅਤੇ ਆਓ ਵੇਖੀਏ। ਅਬਰਾਹਾਮ ਇਸਹਾਕ ਦਾ ਪਿਤਾ ਸੀ, ਇਸਹਾਕ ਯਾਕੂਬ ਦਾ ਪਿਤਾ ਸੀ ਅਤੇ ਯਾਕੂਬ ਲੇਵੀ ਦਾ ਪਿਤਾ ਸੀ; ਜਿਹੜਾ ਪਿਤਾ, ਦਾਦਾ, ਪੜਦਾਦਾ ਸੀ; ਜਦੋਂ ਉਹ ਦੇਹ ਵਿੱਚ ਸੀ, ਆਪਣੇ ਪੜ੍ਹਦਾਦੇ ਦੇ ਬੀਜ ਵਿੱਚ,

ਬਾਈਬਲ ਨੇ ਉਸਨੂੰ ਮਲਕਿਸਿਦਕ ਨੂੰ ਦਸਵੰਧ ਦੇਣ ਦਾ ਸਿਹਰਾ ਦਿੱਤਾ। ਮੇਰੇ, ਮੇਰੇ, ਮੇਰੇ, ਮੇਰੇ! ਭਾਈ! ਔਹ! ਮੈਂ…

215 ਇਕ ਛੋਟਾ ਜਿਹਾ—ਉਥੇ ਇਕ ਰਾਤ ਇੰਗਲੈਂਡ ਵਿਚ ਇਕ ਛੋਟਾ ਅੰਗਰੇਜ਼ ਬਦਲ ਗਿਆ, ਉਸ ਨੇ ਕਿਹਾ, "ਮੈਂ ਬਹੁਤ ਖੁਸ਼ ਹਾਂ! ਮੈਂ ਬਹੁਤ ਖੁਸ਼ ਹਾਂ!"

216 ਹਾਂ, ਇਹ ਜਾਣ ਕੇ ਬਹੁਤ ਖੁਸ਼ ਕਿ ਇਹ ਸੱਚ ਹੈ! ਅਤੇ ਕਿਸੇ ਸ਼ਾਨਦਾਰ ਦਿਨ, ਮੈਨੂੰ ਨਹੀਂ ਪਤਾ ਕਿ ਉਹ ਦਿਨ ਕਦੋਂ ਹੋਵੇਗਾ, ਪਰ ਜੇ ਇਹ ਇਕ ਦਰਸ਼ਨ ਸੀ, ਮੈਂ ਨਹੀਂ ਕਹਿੰਦਾ ਕਿ ਮੈਂ ਇੱਥੇ ਸੀ। ਯਾਦ ਰੱਖੋ, ਹਮੇਸ਼ਾਂ ਇਸਨੂੰ ਧਿਆਨ ਵਿੱਚ ਰੱਖੋ, ਟੇਪ ਧਾਰਕ ਵੀ ਅਜਿਹਾ ਹੀ ਕਰ ਸਕਦੇ ਹਨ। ਮੈਂ ਨਹੀਂ ਜਾਣਦਾ ਕਿ ਮੈਂ ਦਰਸ਼ਨ ਵਿੱਚ ਸੀ, ਜਾਂ ਆਤਮਾ ਵਿੱਚ ਲਿਜਾਇਆ ਗਿਆ ਸੀ, ਮੈਨੂੰ ਨਹੀਂ ਪਤਾ। ਪਰ ਇਹ ਉਨਾ ਹੀ ਅਸਲ ਸੀ *ਜਿਵੇਂ* ਮੈਂ ਆਪਣੇ ਭਾਈ ਨੇਵਿਲ ਨੂੰ ਫੜਿਆ ਹੈ, ਬਿਲਕੁਲ ਉਨਾ ਹੀ ਅਸਲ। ਅਤੇ ਮੈਂ ਵੇਖ ਸਕਦਾ ਸੀ ਅਤੇ ਉਨ੍ਹਾਂ ਲੋਕਾਂ ਨਾਲ ਗੱਲ ਕਰ ਸਕਦਾ ਸੀ। ਅਤੇ ਉਥੇ ਮੇਰੀ ਪਹਿਲੀ ਪਤਨੀ ਖੜੀ ਸੀ, ਉਸਨੇ "ਮੇਰੇ ਪਤੀ" ਨਹੀਂ ਪੁਕਾਰਿਆ, ਉਸਨੇ ਕਿਹਾ, "ਮੇਰੇ ਪਿਆਰੇ ਭਰਾ।"

ਉਥੇ ਇਕ ਲੜਕੀ ਖੜ੍ਹੀ ਸੀ ਜਿਸ ਨਾਲ ਮੈਂ ਸਾਲਾਂ ਪਹਿਲਾਂ ਜਾਂਦਾ ਹੁੰਦਾ ਸੀ।

217 ਸ਼ਾਇਦ ਉਸ ਦੇ ਕੁਝ ਲੋਕ ਇੱਥੇ ਬੈਠੇ ਹੋਏ ਹਨ, ਉਟੀਕਾ ਦੀ ਐਲੀਸ ਲੂਈਸ, ਬਹੁਤ ਵਧੀਆ, ਸ਼ਾਹੀ ਮਸੀਹੀ ਕੁੜੀ। ਜਿੰਦਗੀ ਵਿਚ ਥੋੜੀ ਦੇਰ ਨਾਲ ਵਿਆਹੀ ਗਈ, ਅਤੇ ਉਸਦਾ ਪਹਿਲਾ ਬੱਚਾ ਹੋਇਆ ਅਤੇ ਜਣੇਪੇ ਵਿਚ ਮਰ ਗਈ। ਐਲੀਸ ਲੂਈਸ, ਮੈਂ ਉਸਨੂੰ ਵੇਖਣ ਲਈ ਅੰਤਮ ਸੰਸਕਾਰ ਘਰ ਵਿੱਚ ਚਲਾ ਗਿਆ। ਮੈਂ ਬੱਸ ਘਰ ਆਇਆ ਹੀ ਸੀ, ਸੁਣਿਆ ਉਹ ਮਰ ਗਈ ਸੀ। ਮੈਂ ਉਥੇ ਗਿਆ, ਕਮਰੇ ਵਿਚ ਕੋਈ ਨਹੀਂ ਸੀ, ਮੈਂ ਕਿਹਾ, "ਕੀ ਇਥੇ ਕੋਈ ਔਰਤ ਹੈ, ਸ੍ਰੀਮਤੀ…" ਉਸਦਾ ਨਾਮ ਏਮਰਿਕੀ ਸੀ। ਅਤੇ ਉਸਨੇ ਇੱਕ ਚੰਗੇ ਮਸੀਹੀ ਮੁੰਡੇ ਨਾਲ ਵਿਆਹ ਕਰਵਾਇਆ ਸੀ, ਅਤੇ ਉਹ ਇੱਕ ਚੰਗੀ ਮਸੀਹੀ ਲੜਕੀ ਸੀ। ਮੈਂ ਉਸ ਕੁੜੀ ਦੇ ਨਾਲ ਹਰ ਜਗ੍ਹਾ, ਹਰ ਤਰਾਂ ਦੀਆਂ ਥਾਵਾਂ ਅਤੇ ਹਰ ਚੀਜ਼ ਵਿੱਚ ਨਾਲ ਰਿਹਾ ਸਾਂ। ਅਤੇ ਬਸ ਬੱਚੇ, ਅਠਾਰਾਂ, ਉਨੀਂ ਸਾਲਾਂ ਦੇ, ਹਰ ਜਗ੍ਹਾ, ਵਧੀਆ ਮਸੀਹੀ, ਉਸ ਬਾਰੇ ਹੋਰ ਕੁਝ ਨਹੀਂ ਪਰ ਇਹ ਜਾਣਦਾ ਸੀ ਕਿ ਉਹ ਅਸਲ ਮਸੀਹੀ ਸੀ। ਅਤੇ ਮੈਂ ਇੱਕ ਪਾਪੀ ਸੀ। ਪਰ ਮੈਂ ਉਸ ਨਾਲ ਜਾਂਦਾ ਸੀ। ਮੈਂ ਚਲਾ ਗਿਆ…ਅਤੇ ਉਸਦਾ ਪਤੀ ਇੱਕ ਨਵਾਂ ਜਨਮ ਪਾਇਆ ਹੋਇਆ ਮਸੀਹ ਸੀ, ਅਸਲ ਆਦਮੀ ਸੀ। ਅਤੇ ਮੈਨੂੰ ਨਹੀਂ ਪਤਾ ਸੀ; ਮੈਨੂੰ ਪਤਾ ਸੀ ਕਿ ਉਹ ਮਰ ਗਈ ਸੀ, ਮੈਂ ਅਖ਼ਬਾਰ ਵਿੱਚ ਵੇਖਿਆ ਸੀ। ਅਤੇ ਮੈਂ

ਹੇਠਾਂ ਚਲਾ ਗਿਆ ਅਤੇ ਉਨ੍ਹਾਂ ਨੇ ਮੈਨੂੰ ਦੱਸਿਆ। ਮੈਂ ਉਥੇ ਹੇਠਾਂ ਕੁਟਸ ਕੋਲ ਗਿਆ ਅਤੇ ਮੈਂ ਕਿਹਾ, "ਕੀ ਇਥੇ ਕੋਈ ਸ਼੍ਰੀ ਮਤੀ ਏਮਰਿਕੀ ਹੈ?"

ਉਸਨੇ ਕਿਹਾ, "ਬਿਲੀ, ਉਹ ਉਥੇ ਕਮਰੇ ਵਿਚ ਸੀ।"

218 ਮੈਂ ਉਥੇ ਗਿਆ ਅਤੇ ਉਥੇ ਤਾਬੂਤ ਦੇ ਕੋਲ ਖੜ੍ਹਾ ਹੋ ਗਿਆ। ਮੈਂ ਸੋਚਿਆ, "ਐਲਿਸ, ਮੈਂ ਸਭ ਤੋਂ ਹਨੇਰੇ ਤਹਿਖਾਨਿਆਂ ਵਿੱਚ ਰਿਹਾ ਹਾਂ, ਮੈਂ ਹਨੇਰੀਆਂ ਸੜਕਾਂ ਤੋਂ ਲੰਘਿਆ ਹਾਂ। ਤੂੰ ਅਤੇ ਮੈਂ ਇਕਠੇ ਸੜਕਾਂ ਅਤੇ ਨਦੀਆਂ ਦੇ ਪਾਰ ਗਏ ਸਾਂ, ਜਦੋਂ ਉਨ੍ਹਾਂ ਕੋਲ ਪੁਰਾਣੇ ਨਾਟਕ ਬੇੜੇ ਹੁੰਦੇ ਸਨ, ਅਸੀਂ ਉਥੇ ਬੈਠ ਕੇ ਉਸ ਕੈਲੀਓਪ ਨਾਟਕ ਨੂੰ ਸੁਣਦੇ ਸਾਂ। ਉੱਪਰ ਅਤੇ ਹੇਠਾਂ ਗਲੀਆਂ ਵਿੱਚ, ਤੂੰ ਕਿਸ ਤਰ੍ਹਾਂ ਦੀ ਔਰਤ ਸੀ! ਤੇਰੀ ਜ਼ਿੰਦਗੀ ਲਈ ਮੈਂ ਪਰਮੇਸ਼ੁਰ ਦਾ ਕਿਵੇਂ ਧੰਨਵਾਦ ਕਰਦਾ ਹਾਂ। ਆਰਾਮ ਕਰ, ਮੇਰੀ ਪਿਆਰੀ ਭੈਣ, ਪਰਮੇਸ਼ੁਰ ਦੀ ਸ਼ਾਂਤੀ ਵਿੱਚ ਆਰਾਮ ਕਰ।"

219 ਅਤੇ ਇੱਕ ਹੋਰ ਰਾਤ ਦਰਸ਼ਨ ਵਿਚ, ਉਹ ਮੇਰੇ ਵੱਲ ਭੱਜਦੀ ਹੋਈ ਆਈ। ਉਸਨੇ ਕਿਹਾ, "ਮੇਰੇ ਮੁਬਾਰਕ ਭਾਈ", ਅਤੇ ਉਸਨੇ ਆਪਣੀਆਂ ਬਾਹਾਂ ਮੇਰੇ ਦੁਆਲੇ ਸੁੱਟ ਦਿੱਤੀਆਂ। ਔਹ, ਔਹ, ਭਰਾ ਅਤੇ ਭੈਣ, ਇਸ ਨੇ ਮੈਨੂੰ ਬੱਦਲ ਦਿੱਤਾ। ਮੈਂ ਕਦੇ ਵੀ ਪਹਿਲਾਂ ਜਿਹਾ ਨਹੀਂ ਹੋ ਸਕਦਾ। ਇਹ ਬਹੁਤ ਅਸਲ ਹੈ! ਇਹ ਬਸ—ਇਹ ਉਨਾ ਹੀ ਅਸਲ ਹੈ ਜਿੰਨਾ ਮੈਂ ਤੁਹਾਨੂੰ ਦੇਖ ਰਿਹਾ ਹਾਂ, ਬਿਲਕੁਲ ਅਸਲ। ਇਸ ਲਈ, ਕੋਈ ਡਰ ਨਹੀਂ ਹੈ। ਮੈਂ ਰਾਤ ਖਤਮ ਹੋਣ ਤੋਂ ਪਹਿਲਾਂ ਮਰ ਸਕਦਾ ਹਾਂ।

220 ਮੈਂ ਆਪਣੇ ਛੋਟੇ ਮੁੰਡੇ, ਜੋਸਫ ਨੂੰ ਉਥੇ ਪਾਲਣਾ ਚਾਹੁੰਦਾ ਹਾਂ। ਮੈਂ ਉਸ ਨੂੰ ਮੰਚ ਉਤੇ ਵੇਖਣਾ ਚਾਹੁੰਦਾ ਹਾਂ, ਜਦੋਂ ਮੈਂ ਇਹ ਬਾਈਬਲ ਲੈ ਸਕਦਾ ਹਾਂ...ਜਦੋਂ ਮੈਂ ਇੱਕ ਜਗ੍ਹਾ ਤੇ ਪਹੁੰਚਦਾ ਹਾਂ ਤਾਂ ਮੈਂ ਜੋਸਫ ਨੂੰ ਵੇਖਦਾ ਹਾਂ ਮੰਚ ਉੱਤੇ ਇੱਕ—ਇੱਕ ਪਵਿੱਤਰ ਆਤਮਾ ਨਾਲ ਭਰੇ ਹੋਏ ਇੱਕ ਨੌਜਵਾਨ ਵਜੋਂ, ਪਰਮੇਸ਼ੁਰ ਦੀ ਆਤਮਾ ਨਾਲ ਮਸਹ ਕੀਤਾ ਹੋਇਆ। ਅਤੇ ਮੇਰਾ ਵਿਸ਼ਵਾਸ ਹੈ ਕਿ ਉਹ ਇਕ ਨਬੀ ਹੋਵੇਗਾ। ਜਿਸ ਦਿਨ ਮੈਂ—ਜਦੋਂ ਮੈਂ—ਜਦੋਂ ਮੈਂ ਉਸਨੂੰ ਉਸਦੇ ਜਨਮ ਤੋਂ ਛੇ ਸਾਲ ਪਹਿਲਾਂ ਵੇਖਿਆ ਸੀ, ਤੁਹਾਨੂੰ ਯਾਦ ਹੋਵੇਗਾ ਕਿ ਮੈਂ ਤੁਹਾਨੂੰ ਦੱਸਿਆ ਸੀ ਕਿ ਉਹ ਆਉਣ ਵਾਲਾ ਹੈ। ਯਾਦ ਕਰੋ ਮੈਂ ਉਸਨੂੰ ਕੀ ਕਿਹਾ ਸੀ, ਉਥੇ ਹੀ ਜਗਵੇਦੀ ਦੇ ਕੋਲ, ਇਹ ਨਹੀਂ ਜਾਣਦਾ ਸੀ ਕਿ ਮੈਂ ਕੀ ਕਹਿ ਰਿਹਾ ਹਾਂ, ਬੱਚਿਆਂ ਨੂੰ ਸਮਰਪਿਤ ਕਰਦਿਆਂ, ਮੈਂ ਕਿਹਾ, "ਯੂਸੁਫ਼, ਤੂੰ ਇੱਕ ਨਬੀ ਹੈਂ।"

221 ਅਤੇ ਕਿਸੇ ਦਿਨ ਦਿਨ ਵਿਹੜੇ ਵਿਚ ਬਾਹਰ ਖਲੋਤੇ ਹੋਏ, ਉਹ ਮੇਰੇ ਕੋਲ ਆਇਆ, ਅਤੇ ਉਸਨੇ ਕਿਹਾ, "ਡੈਡੀ, ਕੀ ਯਿਸੂ ਦੇ ਵੀ ਤੁਹਾਡੇ ਜਿਹੇ ਹੱਥ ਹਨ?"

ਅਤੇ ਮੈਂ ਕਿਹਾ, “ਅੱਛਾ, ਹਾਂ, ਪੁੱਤਰ। ਕਿਉਂ?”

222 ਉਸਨੇ ਕਿਹਾ, “ਮੈਂ ਆਪਣੇ ਸਾਈਕਲ ਤੇ ਬੈਠਾ ਸੀ, ਸਾਰਾਹ ਨੂੰ ਵੇਖ ਰਿਹਾ ਸੀ” (ਇਹ ਉਸਦੀ ਛੋਟੀ ਭੈਣ ਹੈ) “ਸਕੂਲ ਤੋਂ ਘਰ ਆਉਂਦੇ ਹੋਏ।” ਉਥੇ ਬੈਠ ਕੇ। ਮੈਂ ਉਸਨੂੰ ਬਾਹਰ ਸੜਕ ਤੇ ਨਹੀਂ ਜਾਣ ਦਿੰਦਾ, ਉਹ *ਇਸ* ਤਰਾਂ ਬੈਠਾ ਸੀ। ਅਤੇ ਕਿਹਾ, “ਮੈਂ ਉੱਪਰ ਵੇਖਿਆ, ਅਤੇ,” ਕਿਹਾ, “ਜਦੋਂ ਮੈਂ ਵੇਖਿਆ, ਤੁਹਾਡੇ ਵਰਗਾ ਇੱਕ ਹੱਥ ਸੀ, ਇੱਕ ਚਿੱਟਾ ਕਪੜਾ ਮੇਰੇ ਉਪਰ ਸੀ।” ਅਤੇ ਕਿਹਾ, “ਇਹ ਉੱਪਰ ਚਲਾ ਗਿਆ।” ਕਿਹਾ, “ਕੀ ਯਿਸੂ ਦਾ ਹੱਥ ਉੱਪਰ ਜਾ ਰਿਹਾ ਸੀ?” ਮੈਂ ਮਾਂ ਵੱਲ ਵੇਖਿਆ, ਮਾਂ ਨੇ ਮੇਰੇ ਵੱਲ ਵੇਖਿਆ। ਅਸੀਂ ਸ੍ਰੀਮਤੀ ਵੁੱਡਜ਼ ਦੇ ਕੋਲ ਚਲੇ ਗਏ। ਉਹ ਜਿੱਥੇ ਹਮੇਸ਼ਾ ਬੈਠਦੀ ਹੈ, ਉਥੇ ਬੈਠੀ ਹੋਈ ਸੀ। ਅਸੀਂ ਉਸ ਤੋਂ ਅੱਗੇ-ਪਿੱਛੇ ਅਤੇ ਹਰ ਢੰਗ ਨਾਲ ਸਵਾਲ ਕੀਤੇ। ਇਹ ਇਕ ਦਰਸ਼ਣ ਸੀ। ਉਸਨੇ ਵੇਖਿਆ। ਜਦੋਂ ਮੈਂ ਛੋਟੇ ਜੋਸਫ ਦੇ ਖੜ੍ਹੇ ਹੋਣ ਦਾ ਸਮਾਂ ਦੇਖ ਸਕਦਾ ਹਾਂ…ਮੈਨੂੰ ਉਮੀਦ ਹੈ ਕਿ ਮੈਂ ਉਸ ਦਾ ਵਿਆਹ ਹੁੰਦਿਆਂ ਵੇਖਾਂ, ਜੇ ਯਿਸੂ ਦੇ ਆਉਣ ਵਿੱਚ ਦੇਰ ਹੈ।

223 ਅਤੇ ਮੈਂ ਇੱਕ ਬੁੱਢਾ ਆਦਮੀ ਹਾਂ, ਮੇਰੇ ਗਲੇ ਕੋਲ ਚਿੱਟੀਆਂ ਮੁੱਛਾਂ ਲਟਕ ਰਹੀਆਂ ਹਨ। ਮੈਂ ਭੇਜੀਆਂ ਹਨ…ਜੇ ਮੈਂ ਸੰਭਵ ਤੌਰ ਤੇ ਭੇਜ ਸਕਿਆ ਤਾਂ ਮੈਂ ਮਸੀਹ ਕੋਲ ਦੋ ਜਾਂ ਤਿੰਨ ਲੱਖ ਹੋਰ ਰੂਹਾਂ ਭੇਜਣਾ ਚਾਹੁੰਦਾ ਹਾਂ। ਧਰਤੀ ਦੇ ਹਰ ਕੋਨੇ ਵਿੱਚ ਖੁਸ਼ਖਬਰੀ ਦਾ ਪ੍ਰਚਾਰ ਕਰਨ ਦਾ ਮੇਰਾ ਦ੍ਰਿੜ੍ਹ ਇਰਾਦਾ ਹੈ। ਹਾਂ, ਸ਼੍ਰੀਮਾਨ। ਇਸ ਲਈ, ਮੇਰੀ ਮਦਦ ਕਰੋ, ਪਰਮੇਸ਼ੁਰ, ਮੈਂ ਇਹ ਕਰਾਂਗਾ। ਇਸ ਲਈ, ਜਦੋਂ ਮੈਂ ਵੇਖ ਸਕਦਾ ਹਾਂ ਉਹ ਸਮਾਂ ਆ ਗਿਆ ਹੈ, ਭਾਈ ਮਾਈਕ।

224 ਮੈਂ ਉਸ ਵਕਤ ਦੇਖ ਸਕਦਾ ਹਾਂ ਜਦੋਂ ਮਾਂ, ਮੈਡਾ, ਮੈਂ ਉਸਨੂੰ ਬੁਲਾਵਾਂਗਾ, ਮੇਰੀ ਪਿਆਰੀ, ਵੇਖੋ, ਉਹ ਹੈ…ਅਸੀਂ ਬੁੱਢੇ ਹੋ ਰਹੇ ਹਾਂ, ਵੇਖੋ ਉਸ ਦੇ ਵਾਲ ਚਿੱਟੇ ਹੋ ਗਏ ਹਨ, ਅਤੇ ਸਾਨੂੰ ਜਾਂਦੇ ਹੋਏ, ਅਲੋਪ ਹੁੰਦੇ ਹੋਏ ਵੇਖੋ।

225 ਰਿਬਕਾਹ, ਮੈਂ ਰਿਬਕਾਹ ਲਈ ਬਹੁਤ ਧੰਨਵਾਦੀ ਹਾਂ। ਉਸਦੀ ਸੰਗੀਤ ਦੀ ਅਧਿਆਪਕਾ ਨੇ ਮੈਨੂੰ ਉਸ ਰਾਤ ਦੱਸਿਆ, “ਮੇਰੇ, ਜੇ ਉਹ ਇਸ ਤਰ੍ਹਾਂ ਜਾਰੀ ਰੱਖਦੀ ਹੈ, ਭਾਈ ਬ੍ਰਨਹਾਮ,” ਕਹਿੰਦੀ ਹੈ, “ਇਹ ਕਹਿਣਾ ਔਖਾ ਹੈ ਕਿ ਉਹ ਕੀ ਕਰੇਗੀ।” ਦੇਖੋ, ਸੰਗੀਤ ਵਿਚ ਜਾ ਰਹੀ ਹੈ। ਮੈਂ ਉਸ ਨੂੰ, ਮੈਂ ਚਾਹੁੰਦਾ ਹਾਂ…ਸਾਰਾਹ ਔਰਗਨ ਵਜਾਵੇ, ਬੈੱਕੀ ਪਿਆਨੋ, ਮੈਂ ਜੋਸਫ ਨੂੰ ਪ੍ਰਚਾਰ ਮੰਚ ਤੇ ਚਾਹੁੰਦਾ ਹਾਂ।

226 ਜਦੋ ਮੈਂ ਇਹ ਹੁੰਦਾ ਹੋਇਆ ਵੇਖਾਂਗਾ, ਅਤੇ ਮੈਂ ਅਤੇ ਮਾਂ, ਕਿਸੇ ਰਾਤ, ਆਪਣੇ ਡੰਡੇ ਨਾਲ ਲੜਖੜਾਉਂਦੇ ਹੋਏ ਅੰਦਰ ਆਵਾਂਗੇ, ਰਾਹ ਤੇ ਆਉਂਦਾ ਹੋਵਾਂਗਾ, ਅਤੇ ਮੈਂ ਅੰਦਰ ਨਿਗਾਹ ਕਰਾਂਗਾ ਅਤੇ ਆਪਣੇ ਲੜਕੇ ਨੂੰ ਉਥੇ ਖਲੋਤਾ

ਵੇਖਾਂਗਾ ਪਵਿੱਤਰ ਆਤਮਾ ਨਾਲ ਮਸ਼ਹ ਕੀਤਾ ਹੋਇਆ, ਉਹੀ ਖੁਸ਼ਖਬਰੀ ਦਾ ਪ੍ਰਚਾਰ ਕਰਦੇ ਹੋਏ। ਮੈਂ ਇਸ ਪੁਰਾਣੀ ਕਿਤਾਬ ਨੂੰ ਲੈ ਕੇ, ਕਹਿਣਾ ਚਾਹੁੰਦਾ ਹਾਂ, "ਪੁੱਤ੍ਰ, ਇੱਥੇ ਇਹ ਹੈ, ਇਹ ਤੇਰੀ ਹੈ। ਤੂੰ ਇਸ ਦੇ ਨਾਲ ਖੜਾ ਹੋ, ਇਕ ਸ਼ਬਦ ਤੇ ਵੀ ਸਮਝੌਤਾ ਨਾ ਕਰੀਂ। ਤੂੰ ਇਸ ਨਾਲ ਸਹੀ ਬਣਿਆ ਰਹੀਂ, ਪਿਆਰੇ। ਤੁਸੀਂ ਨਾ ਕਰੋ, ਪਰਵਾਹ ਨਾ ਕਰੋ, ਮੈਨੂੰ ਪਰਵਾਹ ਨਹੀਂ ਕਿ ਤੁਹਾਡੇ ਵਿਰੁੱਧ ਕੌਣ ਹੈ, ਕੌਣ ਵਿਰੁੱਧ ਹੈ, ਪਰਮੇਸ਼ੁਰ ਤੁਹਾਡੇ ਵਲ ਹੋਵੇਗਾ। ਤੁਸੀਂ ਹਰੇਕ ਵਚਨ ਦਾ ਪ੍ਰਚਾਰ ਉਸੇ ਤਰ੍ਹਾਂ ਕਰਨਾ ਜਿਵੇਂ ਇਹ ਉਥੇ ਲਿਖਿਆ ਹੈ, ਅਤੇ ਡੈਡੀ ਤੁਹਾਨੂੰ ਨਦੀ ਦੇ ਪਾਰ ਮਿਲੇਗਾ।" ਮੈਂ ਉਸ ਨੂੰ ਅਪਣੀਆਂ ਬਾਹਾਂ ਵਿਚ ਲੈ ਕੇ, ਆਪਣੀ ਪਤਨੀ ਨੂੰ, ਯਰਦਨ ਪਾਰ ਕਰਨੀ ਚਾਹੁੰਦਾ ਹਾਂ।

227 ਉਸ ਸਮੇਂ ਤੱਕ, ਪਰਮੇਸ਼ੁਰ, ਮੈਨੂੰ ਮੈਦਾਨ ਵਿੱਚ ਡਟਿਆ ਰਹਿਣ ਦਿਓ, ਵਫ਼ਾਦਾਰ! ਮੈਨੂੰ ਰਹਿਣ ਦਿਓ! ਮੈਨੂੰ ਇਸਦੀ ਪਰਵਾਹ ਨਹੀਂ ਕਿ ਇਸਦੀ ਕੀ ਕੀਮਤ ਹੋਵੇਗੀ, ਜਾਂ ਕਿੰਨੇ, ਮੈਂ ਕੀ ਕਰਦਾ ਹਾਂ, ਜਾਂ *ਇਹ, ਉਹ* ਜਾਂ ਕੁਝ *ਹੋਰ*। ਮੈਨੂੰ ਜੀਉਂਦੇ ਪਰਮੇਸ਼ੁਰ ਦੇ ਵਚਨ ਪ੍ਰਤੀ ਵਫ਼ਾਦਾਰ ਅਤੇ ਸੱਚਾ ਰਹਿਣ ਦਿਓ, ਜਦੋਂ ਉਹ ਦਿਨ ਆਵੇਗਾ ਅਤੇ ਮੈਂ ਪਾਰ ਜਾਵਾਂਗਾ, ਅਤੇ ਮੈਂ ਪਾਰ ਵੇਖ ਸਕਦਾ ਹਾਂ ਅਤੇ ਕਹਿ ਸਕਦਾ ਹਾਂ, "ਤੁਸੀਂ ਉਥੇ ਹੋ। ਔਹ, ਮੇਰਾ ਪਿਆਰਾ ਮਿੱਤਰ, ਮੇਰਾ ਅਨਮੋਲ ਭਰਾ, ਮੇਰੀ ਅਨਮੋਲ ਭੈਣ।"

228 ਨੌਜਵਾਨ ਪ੍ਰਚਾਰਕ, ਮੈਦਾਨ ਵਿਚ ਉਤਰੋ, ਸਸਤ੍ਰ ਬਸਤ੍ਰ ਵਿਚ ਰਹੋ। ਤੁਸੀਂ ਸਾਰੇ ਨੌਜਵਾਨ ਪ੍ਰਚਾਰਕੋ, ਤੁਸੀਂ ਆਸ ਪਾਸ ਅਰਾਮ ਨਾਲ ਨਾ ਬੈਠ ਜਾਣਾ। ਤੁਸੀਂ ਬੱਸ ਵਿਹਲੇ ਹੀ ਨਾ ਬੈਠੇ ਰਹਿਣਾ। ਬਾਹਰ ਆ ਜਾਓ ਅਤੇ ਇੱਕ ਪ੍ਰਾਣ ਨੂੰ ਜਿੱਤੋ। ਕੁਝ ਕਰੋ! ਕੰਮ ਤੇ ਲਗ ਜਾਓ, ਚਲਦੇ ਰਹੋ। ਉਥੇ ਨਾ ਰੁਕੋ, ਨੌਜਵਾਨ ਪ੍ਰਚਾਰਕ। ਪਰਮੇਸ਼ੁਰ ਤੁਹਾਡੇ ਦਿਲ ਨੂੰ ਅਸੀਸ ਦਵੇ।

229 ਉਹ ਮੈਨੂੰ ਯਾਦ ਦਿਵਾਉਂਦਾ ਹੈ ਜਦੋਂ ਮੈਂ ਉਸ ਉਮਰ ਦਾ ਸੀ, ਮੇਰਾ ਅਨੁਮਾਨ ਹੈ, ਅਤੇ ਸ਼ਾਇਦ ਉਸ ਤੋਂ ਥੋੜਾ ਛੋਟਾ ਸੀ। ਜਦੋਂ ਮੈਂ ਉਥੇ ਨੀਂਹ ਪੱਥਰ ਰੱਖਿਆ ਸੀ, ਮੈਂ ਤਕਰੀਬਨ 20 ਕੁ ਸਾਲਾਂ ਦਾ ਸੀ। ਮੈਨੂੰ ਯਾਦ ਹੈ ਕਿ ਮੈਂ ਨੀਲੇ ਰੰਗ ਦਾ ਕੋਟ ਅਤੇ ਚਿੱਟੀ ਪੈਂਟ ਪਹਿਨਿਆ ਕਰਦਾ ਸੀ, ਅਤੇ ਉਥੇ ਖੜਾ ਸੀ ਅਤੇ ਲਗਭਗ ਇੱਕਤੀ ਸਾਲ ਪਹਿਲਾਂ ਨੀਂਹ ਪੱਥਰ ਰੱਖਿਆ ਸੀ। ਵੇਖੋ ਮੈਂ ਕਿੰਨੀ ਉਮਰ ਦਾ ਸੀ, ਮੈਂ ਬੱਸ ਇਕ ਲੜਕਾ ਹੀ ਸੀ। ਬੱਸ ਉਥੇ ਖੜਾ ਸੀ, ਨੀਂਹ ਪੱਥਰ ਰੱਖ ਰਿਹਾ ਸੀ। ਮੈਂ ਇੱਕ ਵੀ ਵਚਨ ਨਾਲ ਸਮਝੋਤਾ ਨਹੀਂ ਕੀਤਾ। ਮੈਂ ਇਸ ਨੂੰ ਬਿਲਕੁਲ ਉਸੇ ਤਰ੍ਹਾਂ ਰੱਖਿਆ ਹੈ ਜਿਵੇਂ ਮੈਂ ਉਸ ਨੀਂਹ ਪੱਥਰ ਨੂੰ ਰੱਖਿਆ ਸੀ। ਉਥੇ ਮੇਰੀ ਗਵਾਹੀ ਪਈ ਹੋਈ ਹੈ, ਜਿਥੇ ਮੈਂ ਇਸ ਨੂੰ ਬਾਈਬਲ ਦੇ ਖਾਲੀ ਪੰਨੇ ਤੇ ਲਿਖਿਆ ਸੀ, ਅਤੇ ਇਸ ਨੂੰ ਪਾੜ ਕੇ ਨੀਂਹ ਪੱਥਰ ਵਿੱਚ

ਰੱਖ ਦਿੱਤਾ, ਅਤੇ ਉਹ ਅਜੇ ਵੀ ਉਥੇ ਪਈ ਹੋਈ ਹੈ। ਅਤੇ ਕਾਸ਼ ਇਹ ਸਵਰਗ ਵਿਚ ਪਰਮੇਸ਼ੁਰ ਦੇ ਅਨੰਤ ਵਚਨ ਦੇ ਪੰਨਿਆਂ ਤੇ ਲਿਖੀ ਜਾਵੇ। ਮੈਨੂੰ ਅੰਤ ਤੱਕ ਸੱਚਾ ਖੜਾ ਰਹਿਣ ਦਿਓ।

ਆਓ ਹੁਣ ਪ੍ਰਾਰਥਨਾ ਕਰਨ ਲਈ ਸਿਰਫ ਇੱਕ ਮਿੰਟ ਲਈ ਆਪਣੇ ਸਿਰਾਂ ਨੂੰ ਝੁਕਾਓ।

230 ਅੱਜ ਰਾਤ ਬੰਦ ਕਰਦੇ ਹੋਏ, ਇਹਨਾਂ ਵਿਚੋਂ ਇੱਕ ਅਧਿਆਏ ਨੂੰ, ਬੰਦ ਕਰਦੇ ਹੋਏ, ਇਹ ਸਹੀ ਗਲ ਨਹੀਂ ਹੈ। ਤੁਹਾਡੇ ਲਈ ਦੂਸਰਾ ਅਧਿਆਏ ਵੀ ਹੋਣਾ ਚਾਹੀਦਾ ਸੀ, ਅਤੇ ਕਿਵੇਂ ਉਹ ਅੱਗੇ ਜਾਂਦਾ ਹੈ ਅਤੇ ਕਲੀਸਿਯਾ ਨੂੰ ਉਸਦੇ ਸਥਾਨ ਵਿੱਚ ਰੱਖਦਾ ਹੈ। ਜੇ ਪਰਮੇਸ਼ੁਰ ਦੀ ਇੱਛਾ ਹੋਈ, ਤਾਂ ਮੈਂ ਇਸ ਨੂੰ ਤੁਹਾਡੇ ਕੋਲ ਲੈ ਕੇ ਆਵਾਂਗਾ। ਸ਼ਟੋਕੂਆ ਜਾਣ ਤੋਂ ਪਹਿਲਾਂ ਮੈ ਹੁਣ ਥੋੜ੍ਹਾ ਆਰਾਮ ਕਰਨਾ ਹੈ, ਇਕ ਹੋਰ ਵੱਡੀ ਮੀਟਿੰਗ ਵਿਚ ਜਾਣ ਤੋਂ ਪਹਿਲਾਂ, ਫਿਰ ਮੈਂ ਓਥੋਂ ਓਕਲਾਹੋਮਾ, ਫਿਰ ਉਸ ਜਗ੍ਹਾ ਤੋ ਕਲੈਮੈਥ ਫਾਲਸ, ਫਿਰ ਕਲੈਮੈਥ ਫਾਲਸ ਤੋਂ ਕੈਲੀਫੋਰਨੀਆ, ਫਿਰ ਯਕੀਮਾ ਵਿੱਚ, ਮੈਂ ਅਗਲੀ 15 ਅਗਸਤ ਤਕ ਵਾਪਸ ਨਹੀਂ ਆਵਾਂਗਾ।

231 ਪਰ ਦੇਖੋ, ਮੈਨੂੰ ਤੁਹਾਡੇ ਤੋਂ ਕੁਝ ਪੁੱਛਣ ਦਿਓ, ਜੇ ਉਹ ਸਮਾਂ ਆਉਣ ਤੋਂ ਪਹਿਲਾਂ ਮੈਨੂੰ ਜਾਂ ਤੁਹਾਨੂੰ ਕੁਝ ਹੋ ਜਾਂਦਾ ਹੈ, ਜੇ ਮੈਂ ਨਦੀ ਨੂੰ ਪਾਰ ਕਰਕੇ ਉਸ ਦੇਸ਼ ਵਿਚ ਚਲਿਆ ਜਾਂਵਾਂ, ਜਾਂ ਉਸ ਸਮੇਂ ਤੋਂ ਪਹਿਲਾਂ ਤੁਸੀਂ ਨਦੀ ਨੂੰ ਪਾਰ ਕਰਕੇ ਉਸ ਦੇਸ਼ ਵਿੱਚ ਚਲੇ ਜਾਉ, ਕੀ ਤੁਸੀਂ ਅੱਜ ਰਾਤ ਨੂੰ ਯਕੀਨ ਮਹਿਸੂਸ ਕਰਦੇ ਹੋ ਕਿ ਅਸੀਂ ਉਸ ਜਗ੍ਹਾ ਤੇ ਉਥੇ ਮਿਲਾਂਗੇ? ਜੇ ਤੁਸੀਂ ਕਰਦੇ ਹੋ, ਆਪਣਾ ਹੱਥ ਉਠਾਓ, ਕਹੋ, “ਮੈਂ ਆਪਣੇ ਦਿਲ ਵਿਚ ਭਰੋਸਾ ਮਹਿਸੂਸ ਕਰਦਾ ਹਾਂ।” ਪਰਮੇਸ਼ੁਰ ਤੁਹਾਡੇ ਦਿਲ ਨੂੰ ਬਰਕਤ ਦਵੇ। ਪਰਮੇਸ਼ੁਰ ਤੁਹਾਨੂੰ ਆਸੀਸ਼ ਦਵੇ। ਜੇ ਇੱਥੇ ਕੋਈ ਅਜਿਹਾ ਹੈ ਜੋ ਯਕੀਨ ਮਹਿਸੂਸ ਨਹੀਂ ਕਰਦਾ ਕਿ ਉਹ ਉਥੇ ਹੋਵੇਗਾ, ਅਤੇ ਕਹਿਣਾ ਚਾਹੁੰਦੇ ਹਨ, “ਮੈਨੂੰ ਯਾਦ ਕਰਨਾ, ਭਾਈ ਬ੍ਰਨਹਾਮ, ਕਿ ਮੈਨੂੰ ਇਹ ਭਰੋਸਾ ਮਿਲ ਜਾਵੇ,” ਆਪਣਾ ਹੱਥ ਖੜ੍ਹਾ ਕਰੋ, “ਮੈਂ ਵੀ, ਉਥੇ ਹੋਣਾ ਚਾਹੁੰਦਾ ਹਾਂ।” ਪਰਮੇਸ਼ੁਰ ਤੁਹਾਨੂੰ ਆਸ਼ੀਸ਼ ਦਵੇ, ਔਰਤ। ਪਰਮੇਸ਼ੁਰ ਤੁਹਾਨੂੰ ਆਸੀਸ਼ ਦਵੇ।

232 ਸਾਡੇ ਸਵਰਗੀ ਪਿਤਾ, ਅਸੀਂ ਅੱਜ ਰਾਤ ਨੂੰ ਤੁਹਾਡੇ ਲਈ ਇਸ ਕਲੀਸਿਯਾ ਨੂੰ ਲਿਆਉਂਦੇ ਹਾਂ, ਹਰੇਕ ਹੱਥ, ਜਿੱਥੋਂ ਤੱਕ ਮੈਨੂੰ ਪਤਾ ਹੈ, ਉੱਠਿਆ ਹੋਇਆ ਸੀ, ਸਾਰੇ ਪਰ ਇੱਕ ਵਿਅਕਤੀ ਨਹੀਂ, ਕੁਝ ਬਹੁਮੁਲੇ ਪ੍ਰਾਣ ਪਿਛੇ ਬੈਠੇ ਹੋਏ ਹਨ, ਬੱਸ ਥੋੜੇ ਥੱਕੇ ਹੋਏ ਹਨ ਕਿ ਕੀ ਉਹ ਪਾਰ ਕਰਕੇ ਉਸ ਧਰਤੀ ਵਿਚ ਜਾ ਸਕਦੇ ਹਨ, ਜਿਥੇ ਉਨ੍ਹਾਂ ਦੇ ਦਿਲ ਵਿਚ ਅਸਲ ਇਸਵਰੀ ਪ੍ਰੇਮ ਹੋਵੇਗਾ,

ਉਸ ਅਨਮੋਲ ਔਰਤ ਦੇ ਦਿਲ ਵਿੱਚ, ਕਿ ਜੇ ਉਹ ਅੱਜ ਰਾਤ ਮਰ ਜਾਂਦੀ ਹੈ ਤਾਂ ਉਹ ਉਸ ਧਰਤੀ ਤੇ ਜਾਵੇਗੀ: ਕੀ ਇਹ ਉਸਦੀ ਥੱਕੀ ਹੋਈ ਆਤਮਾ ਨੂੰ ਪਰਮੇਸ਼ੁਰ ਦੇ ਵਾਅਦਾ ਕੀਤੇ ਹੋਏ ਦੇਸ਼ ਵੱਲ ਖਿੱਚੇਗੀ?

233 ਸਵਰਗ ਦੇ ਪਿਤਾ, ਜਿਵੇਂ ਕਿ ਮੈਂ ਇੱਥੇ ਇਸ ਮੰਚ ਤੇ ਖੜ੍ਹਾ ਰਿਹਾ ਹਾਂ ਅਤੇ ਪ੍ਰਚਾਰ ਕੀਤਾ ਹੈ, ਅਤੇ ਪਸੀਨਾ ਬਹਾਇਆ ਹੈ, ਅਤੇ ਪੁਕਾਰਿਆ ਹੈ, ਅਤੇ ਭੀਖ ਮੰਗੀ, ਅਤੇ ਪ੍ਰੇਰਿਆ, ਮੈਨੂੰ ਇੱਕ ਵਾਰੀ ਫਿਰ ਤੁਹਾਨੂੰ ਪੁੱਛਣ ਦਿਓ, ਹੇ ਪ੍ਰਭੂ, ਮੈਨੂੰ ਮੇਰੀ ਭੈਣ ਲਈ ਪੁੱਛਣ ਦਿਓ; ਪਰਮੇਸ਼ੁਰ, ਅੱਜ ਉਸ ਦੇ ਹਿਰਦੇ ਵਿੱਚ ਰੱਖ ਦਿਓ, ਉਹ ਦੈਵਿਕ ਪ੍ਰੇਮ, ਪਰਮੇਸ਼ੁਰ ਦੀ ਪਵਿੱਤਰ ਆਤਮਾ, ਉਹ ਸ਼ਾਂਤੀ ਜੋ ਸਾਰੀ ਸਮਝ ਤੋਂ ਪਰੇ ਹੈ, ਕਿ ਉਹ ਤੇਰੀ ਆਤਮਾ ਨੂੰ ਪ੍ਰਾਪਤ ਕਰੇਗੀ, ਪਵਿੱਤਰ ਆਤਮਾ ਦੁਆਰਾ ਉਸ ਦਿਨ ਤੱਕ ਮੁਹਰ ਲਗਾ। ਮੈਂ ਉਸ ਨੂੰ ਮਿਲਣਾ ਚਾਹੁੰਦਾ ਹਾਂ, ਹੇ ਪ੍ਰਭੂ, ਜਦੋਂ ਅਸੀਂ ਪੁਲ ਦੇ ਪਾਰ ਹੋਵਾਂਗੇ। ਜੇ ਇਹ—ਜੇ ਇਹ ਮੇਰਾ—ਜੇ ਇਹ ਪਾਰ ਕਰਨਾ ਮੇਰਾ ਅਧਿਕਾਰ ਹੈ, ਜੇ ਤੁਸੀਂ ਜੋ ਮੈਨੂੰ ਦਰਸਾਇਆ ਉਹ ਅਸਲ ਹੈ, ਅਤੇ ਮੈਂ ਉਥੇ ਪਾਰ ਹੋਵਾਂਗਾ, ਮੈਂ ਉਸ ਨੂੰ ਉਥੇ ਮਿਲਣਾ ਚਾਹੁੰਦਾ ਹਾਂ, ਅਤੇ ਉਸ ਨੂੰ ਦੋੜ ਕੇ ਮੇਰਾ ਹੱਥ ਫੜਦੇ ਹੋਏ ਵੇਖਣਾ, ਅਤੇ ਕਹੇ, "ਮੇਰੇ ਅਨਮੋਲ ਭਾਈ, ਇਹ ਉਹ ਰਾਤ ਸੀ ਜਦੋਂ ਤੁਸੀਂ ਮੈਨੂੰ ਮੇਰਾ ਹੱਥ ਖੜਾ ਕਰਨ ਲਈ ਕਿਹਾ, ਜਦੋਂ ਤੁਸੀਂ ਅਫ਼ਸੀਆਂ ਦੀ ਕਿਤਾਬ ਦਾ ਪ੍ਰਚਾਰ ਕਰ ਰਹੇ ਸੀ। ਮੈਂ ਆਪਣਾ ਹੱਥ ਖੜਾ ਕੀਤਾ, ਅਤੇ ਉਸ ਤੋਂ ਬਾਅਦ ਮੇਰੇ ਨਾਲ ਕੁਝ ਹੋਇਆ। ਮੈਂ ਇਥੇ ਹਾਂ। ਮੈਂ ਹੁਣ ਜਵਾਨ ਹਾਂ ਹਮੇਸ਼ਾਂ ਲਈ।" ਪਰਮੇਸ਼ੁਰ ਇਹ ਸਭ ਇਸ ਅਨਮੋਲ ਭੈਣ ਨੂੰ ਬਖਸ ਦੇ।

234 ਇਹ ਜਿਨ੍ਹਾਂ ਨੇ ਆਪਣੇ ਹੱਥ ਖੜੇ ਕੀਤੇ ਹਨ ਕਿ ਉਨ੍ਹਾਂ ਨੂੰ ਪਵਿੱਤਰ ਆਤਮਾ ਦੁਆਰਾ ਮੁਹਰ ਕਰ ਦਿੱਤਾ ਗਿਆ ਹੈ, ਪਰਮੇਸ਼ੁਰ ਦੀ ਆਤਮਾ ਉਨ੍ਹਾਂ ਤੇ ਹੈ, ਅਤੇ ਉਨ੍ਹਾਂ ਨੂੰ ਪਵਿੱਤਰ ਆਤਮਾ ਪ੍ਰਾਪਤ ਹੋਇਆ ਹੈ, ਉਨ੍ਹਾਂ ਦੇ ਦਿਲਾਂ ਵਿਚ ਉਹ ਈਸਵਰੀ ਪ੍ਰੇਮ ਨਾਲ ਮੋਹਰ ਲੱਗੀ ਹੋਈ ਹੈ। ਅਸੀਂ ਉਨ੍ਹਾਂ ਲਈ ਕਿਵੇਂ ਤੁਹਾਡਾ ਧੰਨਵਾਦ ਕਰਦੇ ਹਾਂ।

235 ਮਹਿਸੂਸ ਕਰਦੇ ਹੋਏ, ਪਿਤਾ, ਇਹ ਟੇਪਾਂ ਸੰਸਾਰ ਵਿੱਚ ਚਲੀਆਂ ਜਾਣਗੀਆਂ। ਬਹੁਤ ਸਾਰੇ ਮਾਈਕ੍ਰੋਫੋਨ ਇਸ ਮੰਚ ਉੱਤੇ ਫੈਲੇ ਹੋਏ ਹਨ, ਜਿਸਦਾ ਅਰਥ ਹੈ ਕਿ ਟੇਪਾਂ ਬਣਾਈਆਂ ਜਾ ਰਹੀਆਂ ਹਨ, ਉਥੇ ਪਿਛੇ, ਆਵਾਜ਼ ਦੁਨੀਆ ਭਰ ਵਿਚ, ਵੱਖ ਵੱਖ ਦੇਸ਼ਾਂ ਵਿਚ ਜਾ ਰਹੀ ਹੋਵੇਗੀ, ਵੀਹ ਜਾਂ ਤੀਹ ਵੱਖਰੇ ਵੱਖਰੇ ਦੇਸ਼ ਇਸ ਨੂੰ ਸੁਣਨਗੇ। ਮੈਂ ਹਰ ਉਸ ਵਿਅਕਤੀ ਲਈ ਪ੍ਰਾਰਥਨਾ ਕਰਦਾ ਹਾਂ ਜੋ ਇਹ ਟੇਪ ਸੁਣਦਾ ਹੈ, ਜਿਸਨੂੰ ਸਦੀਪਕ ਜੀਵਨ ਦੀ ਆਸ ਨਹੀਂ ਮਿਲੀ

ਹੈ, ਜਿਸ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਨਹੀਂ ਮਿਲਿਆ ਹੈ, ਹੋਣ ਦੇ ਕਿ ਇਹ ਉਨ੍ਹਾਂ ਦੇ ਦਿਲਾਂ ਵਿੱਚ ਆ ਜਾਵੇ। ਇਸ ਨੂੰ ਬਖ਼ਸ ਦੇ, ਪ੍ਰਭੂ।

236 ਅਤੇ ਜੇ ਮੈਂ, ਜੇ ਮੈਂ ਉਨ੍ਹਾਂ ਨੂੰ ਇਸ ਜ਼ਿੰਦਗੀ ਵਿਚ ਕਦੇ ਨਹੀਂ ਵੇਖਦਾ, ਜਦੋਂ ਮੈਂ ਉਸ ਧਰਤੀ ਤੋਂ ਪਾਰ ਜਾਵਾਂਗਾ, ਉਹ ਭੱਜ ਕੇ ਮੈਨੂੰ ਫੜ ਲੈਣਗੇ (ਅਤੇ ਮੈਂ ਉਨ੍ਹਾਂ ਨੂੰ ਫੜ ਲਵਾਂਗਾ, ਅਤੇ ਉਹ, ਅਸੀਂ, "ਅਨਮੋਲ ਭਰਾ!" ਇਕ ਦੂਜੇ ਨੂੰ ਕਹਾਂਗੇ), ਕਹੋ, "ਮੈਂ ਅਫਸੀਆਂ ਬਾਰੇ ਤੁਹਾਡੀ ਟੇਪ ਸੁਣੀ, ਕਿ ਕਿਵੇਂ ਪਰਮੇਸ਼ੁਰ ਨੇ ਸਾਨੂੰ ਸਦੀਪਕ ਜੀਵਨ ਲਈ ਅੱਗੋਂ ਹੀ ਠਹਿਰਾਇਆ, ਅਤੇ ਇਹ ਟੇਪ ਵਿੱਚ ਸੀ ਜਿਸ ਤੋਂ ਮੈਂ ਪਰਮੇਸ਼ੁਰ ਦੀ ਆਵਾਜ ਸੁਣੀ ਅਤੇ ਪਵਿੱਤਰ ਆਤਮਾ ਦੁਆਰਾ ਉਸ ਨੂੰ ਪਰਮੇਸ਼ੁਰ ਦੇ ਰਾਜ ਵਿੱਚ ਮੋਹਰ ਦਿੱਤਾ ਗਿਆ ਸੀ।" ਇਸ ਨੂੰ ਬਖਸ ਦਿਓ, ਪਿਤਾ।

237 ਬਿਮਾਰ ਅਤੇ ਦੁਖੀ ਸਭ ਨੂੰ ਚੰਗਾ ਕਰੋ। ਆਪਣੀ ਮਹਿਮਾ ਕਰ ਕਿਉਂਕਿ ਆਪਣੇ ਸਾਰੇ ਯਤਨਾਂ ਨੂੰ ਅਸੀਂ ਤੁਹਾਡੇ ਪੁੱਤਰ ਯਿਸੂ ਦੇ ਨਾਮ ਵਿਚ ਤੇਰੇ ਅਧੀਨ ਕਰਦੇ ਹਾਂ। ਆਮੀਨ।

238 ਕੀ ਇੱਥੇ ਕੋਈ ਹੈ ਜੋ ਬਿਮਾਰ ਹੈ ਅਤੇ ਚਾਹੁੰਦਾ ਹੈ ਕਿ ਉਨ੍ਹਾਂ ਲਈ ਪ੍ਰਾਰਥਨਾ ਕੀਤੀ ਜਾਵੇ? ਕੀ ਤੁਸੀਂ ਆਪਣੇ ਹੱਥ ਖੜੇ ਕਰ ਸਕਦੇ ਹੋ? ਚੰਗਾ। ਕੀ ਤੁਸੀਂ ਹੁਣ ਚੁੱਪ-ਚਾਪ ਤੁਰੋਗੇ, ਹੁਣ, ਇਥੇ ਜਗਵੇਦੀ ਤੇ, ਅਤੇ ਕੇਵਲ ਇੱਕ ਪਲ ਖੜੇ ਹੋਵੋ, ਜਦੋਂ ਕਿ ਭਾਈ ਨੇਵਿਲ ਆਪਣੇ…

239 ਔਹ, ਇਹ ਇੰਝ ਲਗਦਾ ਹੈ, ਬਿਮਾਰਾਂ ਲਈ ਪ੍ਰਾਰਥਨਾ ਕਰਨਾ, ਬੱਸ—ਬੱਸ ਇੰਝ ਜਾਪਦਾ ਹੈ ਜਿਥੇ ਤੁਸੀਂ ਖੜੇ ਹੋ ਉਥੇ ਹੀ ਆ ਰਿਹਾ ਹੈ, ਬਿਲਕੁਲ। ਪਰਮੇਸ਼ੁਰ ਇਸ ਬਾਰੇ ਸਭ ਜਾਣਦਾ ਹੈ।

240 ਜਦੋਂ ਮੈਂ ਉਹ ਗੀਤ ਸੁਣਦਾ ਹਾਂ…ਯਾਦ ਰੱਖੋ, ਜਦੋਂ ਮੈਂ ਮਰਾਂ ਤੇ ਤੁਸੀਂ ਜਿਉਂਦੇ ਹੋਵੋ, ਤਾਂ ਮੇਰੇ ਲਈ ਇਹ ਵਜਾਣਾ: *ਕੇਵਲ ਵਿਸ਼ਵਾਸ ਕਰੋ।* ਯਾਦ ਰੱਖੋ, ਮੈਂ ਮਰਿਆ ਨਹੀਂ ਹੋਵਾਂਗਾ, ਮੈਂ ਇਸ ਨੂੰ ਸੁਣ ਰਿਹਾ ਹੋਵਾਂਗਾ ਅਤੇ ਤੁਹਾਡੇ ਤੋਂ ਬਹੁਤ ਦੂਰ ਨਹੀਂ ਹੋਵਾਂਗਾ। ਮੈਂ ਮਰ ਨਹੀਂ ਸਕਦਾ; ਯਿਸੂ ਨੇ ਮੈਨੂੰ ਅਨੰਤ ਜੀਵਨ ਦਿੱਤਾ ਹੈ; ਆਖਰੀ ਦਿਨ ਮੈਨੂੰ ਜੀ ਉਠਾਵੇਗਾ; ਮੈਂ ਤੁਹਾਨੂੰ ਮਿਲਾਂਗਾ। ਅਤੇ ਜੇ ਤੁਸੀਂ ਜਾਂਦੇ ਹੋ, ਮੈਂ ਤੁਹਾਡੇ ਲਈ ਉਹੀ ਵਿਸ਼ਵਾਸ ਕਰਾਂਗਾ। ਮੇਰਾ ਵਿਸ਼ਵਾਸ ਹੈ ਕਿ ਅਸੀਂ ਇਕ ਦੂਜੇ ਨੂੰ ਫਿਰ ਮਿਲਾਂਗੇ।

241 ਵੇਖ ਰਿਹਾ ਹਾਂ, ਇਸ ਪੱਕੇ ਵਾਲਾਂ ਵਾਲੀ ਔਰਤ ਨੂੰ ਜੋ ਇਥੇ ਖੜ੍ਹੀ ਹੈ। ਤੁਸੀਂ ਇੱਕ ਮਸੀਹੀ ਹੋ? ਉਸਦੀ ਆਤਮਾ ਨਾਲ ਭਰਪੂਰ, ਉਸਦੇ ਆਉਣ ਦੀ ਉਡੀਕ ਵਿੱਚ, ਬੱਸ ਇੱਥੇ ਖੜ੍ਹੇ ਹੋਕੇ ਕਿਸ਼ਤੀ ਦੇ ਆਉਣ ਦੀ ਉਡੀਕ ਵਿੱਚ। ਆਮੀਨ। ਔਹ, ਭੈਣ…

ਲੇਪਾਲਕਪਣ *4* PUN60-0522E

(Adoption 4)

ਭਾਈ ਵਿਲੀਅਮ ਮੈਰੀਅਨ ਬ੍ਰਨਹਾਮ ਦਾ ਇਹ ਸੰਦੇਸ਼, ਮੂਲ ਰੂਪ ਵਿਚ ਲਈ ਅੰਗ੍ਰੇਜ਼ੀ ਵਿਚ ਦਿੱਤਾ ਗਿਆ ਸੀ ਐਤਵਾਰ ਸ਼ਾਮ, 22 ਮਈ, 1960 ਨੂੰ ਜੈਫ਼ਰਸਨਵਿਲੇ, ਇੰਡੀਆਨਾ ਦੇ ਬ੍ਰਨਹਾਮ ਟੇਬਰਨੇਕਲ ਵਿਖੇ, ਯੂ.ਐਸ.ਏ., ਵਿਚ ਪ੍ਰਚਾਰ ਕੀਤਾ ਗਿਆ, ਇਸ ਨੂੰ ਇਕ ਚੁੰਬਕੀ ਟੇਪ ਰਿਕਾਰਡਿੰਗ ਤੋਂ ਲਿਆ ਗਿਆ ਹੈ ਅਤੇ ਅੰਗਰੇਜ਼ੀ ਵਿਚ ਬਿਨਾਂ ਘਟਾਏ ਵਧਾਏ ਛਾਪਿਆ ਗਿਆ ਹੈ। ਇਹ ਪੰਜਾਬੀ ਅਨੁਵਾਦ ਵਾਇਸ ਆਫ਼ ਗੌਡ ਰਿਕਾਰਡਿੰਗਜ਼ ਦੁਆਰਾ ਛਾਪਿਆ ਅਤੇ ਵੰਡਿਆ ਗਿਆ ਸੀ।

PUNJABI

©2021 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

# ਕਾਪੀਰਾਈਟ ਨੋਟਿਸ

ਸਾਰੇ ਹੱਕ ਰਾਖਵੇਂ ਹਨ । ਇਹ ਕਿਤਾਬ ਨਿਜੀ ਵਰਤੋਂ ਜਾਂ ਯਿਸੂ ਮਸੀਹ ਦੇ ਸੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰਿੰਟਰ ਤੇ ਛਾਪੀ ਜਾ ਸਕਦੀ ਹੈ । ਇਹ ਕਿਤਾਬ ਵੋਇਸ ਆਫ ਗੋਡ ਰਿਕਾਰਡਿੰਗਜ® ਵਲੋਂ ਲਿਖਤੀ ਇਜਾਜ਼ਤ ਦੇ ਬਿਨਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਿਸੇ ਵੈਬਸਾਈਟ ਤੇ ਪੋਸਟ, ਕਿਸੇ ਰੀਟਰੀਵਲ ਸਿਸਟਮ ਤੇ ਸਟੋਰ, ਕਿਸੇ ਹੋਰ ਭਾਸ਼ਾ ਵਿੱਚ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ । ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਿਰਪਾ ਕਰੇ ਸੰਪਰਕ ਕਰੋ:

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org